ਨਾਮਧਾਰੀ ਇਤਿਹਾਸ ਕਥਾ

ੲੈਕਾਦਸ਼ ਦੁਆਦਸ਼ ਗੁਰੂ ਅਵਤਾਰ

ਨਿਹਕਲੰਕ ਹੋਇ ਉਤਰਿਆ ਮਹਾਂਬਲੀ ਅਵਤਾਰ।
ਸੰਤ ਰਛਿਆ ਜੁਗ ਜੁਗਕਰੈ ਦੁਸ਼ਟਾਂ ਕਰੈ ਸੰਘਾਰ।
ਨਵਾਂ ਧਰਮ ਚਲਾਇਸੀ ਜਗ ਹੋਮ ਹੋਵੈ ਬਹੁਵਾਰ।
ਨਾਨਕ ਕਲਜੁਗਤਾਰਸੀ ਕੀਰਤਨੁ ਨਾਮੁਆਧਾਰੁ।

ਕਰਤਾਰ ਸਿੰਘ ਨੀਲਧਾਰੀ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ਨਾਮਧਾਰੀ ਇਤਿਹਾਸ ਕਥਾ

ਏਕਾਦਸ਼ ਦੁਆਦਸ਼ ਗੁਰੂ ਅਵਤਾਰ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com


ਨਾਮਧਾਰੀ ਇਤਿਹਾਸ ਕਥਾ
ਏਕਾਦਸ਼ ਦੁਆਦਸ਼ ਗੁਰੂ ਅਵਤਾਰ

ਨਿਹਕਲੰਕ ਹੋਇ ਉਤਰਿਆ ਮਹਾਂਬਲੀ ਅਵਤਾਰ।
ਸੰਤ ਰਛਿਆ ਜੁਗੁ ਜੁਗੁਕਰੈ ਦੁਸ਼ਟਾਂ ਕਰੈ ਸੰਘਾਰ।
ਨਵਾਂ ਧਰਮ ਚਲਾਇਸੀ ਜਗ ਹੋਮ ਹੋਵੈ ਬਹੁਵਾਰ।
ਨਾਨਕ ਕਲਜੁਗਤਾਰਸੀ ਕੀਰਤਨੁ ਨਾਮੁਆਧਾਰੁ।

ਕਰਤਾਰ ਸਿੰਘ ਨੀਲਧਾਰੀ

ਸ੍ਰੀ ਗੁਰੂ ਸ਼ਕਤੀ ਦਰਬਾਰ ਪ੍ਰਕਾਸ਼ਨ
ਪ੍ਰਬੰਧਨ
ਨਿਹਕਲੰਕ ਨਾਮਧਾਰੀ ਟਰੱਸਟ (ਰਜਿ.)
ਨੇਹਕਲੰਕ ਨਗਰ-ਨੌਸ਼ਹਿਰਾ ਮੱਝਾ ਸਿੰਘ
ਗੁਰਦਾਸਪੁਰ (ਪੰਜਾਬ)

Sri Satguru Jagjit Singh Ji eLibrary NamdhariElibrary@gmail.com



ISBN : 978-93-5204-461-0

Naamdhari Itihas Katha

Ekedash Duadash Guru Avtar

Kartar Singh Neeldhari
162-A Grain Market
Chandigarh-160019
09417143360-09888213360

Nehkalnk Naamdhari Trusat (Regd.)
Noshera Majha Singh
Distt. Gurdaspur (Punjab)

2016
printed & bound
by Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com
Ph. +91-172-4608699, 4608799,4027552

© 2016
Produced and bound in India

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.


Sri Satguru Jagjit Singh Ji eLibrary NamdhariElibrary@gmail.com



ਸਮਰਪਣ

ਗੁਰਮੁਖੀ ਅੱਖਰ ਤੇ ਗੁਰਬਾਣੀ ਚਰਣਾਂ ਨਾਲ
ਜੋੜਨ ਵਾਲੇ ਜਨ ਪਰਉਪਕਾਰੀ
ਪਰਮ ਪੂਜਨੀਕ ਬ੍ਰਹਮ ਗਿਆਨੀ
ਸੰਤ ਗਿਆਨ ਸਿੰਘ ਜੀ ਸੰਧਾਵਾਲੇ
ਦੇ ਚਰਣਾਂ ਵਿਚ ਸਮਰਪਿਤ

Sri Satguru Jagjit Singh Ji eLibrary NamdhariElibrary@gmail.com



ਤਤਕਰਾ

Sri Satguru Jagjit Singh Ji eLibrary NamdhariElibrary@gmail.com

ਲਿਖੁ ਰਾਮਨਾਮ ਗੁਰਮੁਖਿ ਗੋਪਾਲਾ

ਸਤਿਗੁਰੂ ਬਾਲਕ ਸਿੰਘ ਜੀ ਅਤੇ ਸਤਿਗੁਰੂ ਰਾਮ ਸਿੰਘ ਜੀ ਦੀ ਇਤਿਹਾਸ ਕਥਾ ਲਿਖਣ ਦਾ ਹੁਕਮ 11 ਦਿਸੰਬਰ 2007 ਦਿੱਲੀ ਵਿਚ ਨੇਹ ਕਲੰਕ ਸਤਿਗੁਰੂ ਜੀ ਨੇ ਦਿੱਤਾ ਸੀ। ਇਸ ਹੁਕਮ ਅਨੁਸਾਰ ਪੁਸਤਕ "ਨਾਮਧਾਰੀ ਸਰਨਿ ਤੇਰੀ"—ਏਕਾਦਸ਼ ਦੁਆਦਸ਼ ਗੁਰੂ ਅਵਤਾਰ ਇਤਿਹਾਸ ਕਥਾ—ਦਾ ਪ੍ਰਾਰੂਪ ਜੂਨ 2008 ਵਿਚ ਹਜ਼ੂਰ ਦੇ ਵਿਦਵਾਨਾਂ ਨੂੰ ਨਜ਼ਰਸਾਨੀ ਕਰਾਣ ਲਈ ਸੌਂਪਿਆ ਸੀ। ਨਿਜੀ ਤੌਰ ਤੇ ਮੁੜ ਸੰਪਾਦਨ ਕਰਕੇ ਨਵਾਂ ਪ੍ਰਾਰੂਪ ਹਜ਼ੂਰ ਦੀ ਮਦਰਾਸ ਫੇਰੀ ਸਮੇਂ 5 ਫਰਵਰੀ 2009 ਨੂੰ ਸਮੀਖਿਆ ਕਰਾਉਣ ਲਈ ਸੌਂਪਿਆ।

ਸਮਾਂ ਗੁਜਰਦਾ ਗਿਆ ਪੁਸਤਕ ਦੇ ਟਾਈਪ ਪ੍ਰਾਰੂਪ ਦੇ ਵਾਚਨ ਦੀ ਗੰਭੀਰ ਲੋੜ ਸੀ। ਬਸੰਤ ਪੰਚਮੀ 12 ਫਰਵਰੀ 2016 ਗੁਰੂ ਮਾਜਰੇ ਹਜ਼ੂਰ ਨੇ ਪੁਸਤਕ ਦੇ ਵਾਚਨ-ਵਿਚਾਰ ਲਈ ਤਰਾਵੜੀ ਸਾਹਿਬ ਆਉਣ ਦਾ ਹੁਕਮ ਕੀਤਾ। 18 ਫਰਵਰੀ ਤੋਂ 28 ਫਰਵਰੀ 2016 ਤੱਕ ਏਸ ਦਾ ਨਿਯਮਿਤ ਵਾਚਨ ਵੀਚਾਰ ਹਜ਼ੂਰੀ ਵਿਚ ਹੋਇਆ। ਨਿੱਜੀ ਤੌਰ 'ਤੇ ਵਾਚਨ ਸੁਣਦੇ ਹੋਏ ਹਜ਼ੂਰ ਅਤੇ ਵਿਦਵਾਨਾਂ ਨੇ ਅਮੁੱਲੇ ਸੁਝਾਵ ਦਿੱਤੇ। ਨਿੱਜੀ ਵਾਚਨ ਵਿਚ ਪੁਸਤਕ ਦੀ ਕਲਮਧਾਰਾ ਪੁਨਰ ਲੇਖਣ ਸਰੂਪ ਦੀ ਮੁਹਤਾਜ ਲੱਗੀ। ਏਸ ਲਈ ਅਰਜ ਕੀਤੀ ਕੇ ਪੁਨਰਲੇਖਣ ਲਈ ਸਤਿਗੁਰੂ ਬਾਲਕ ਸਿੰਘ ਜੀ ਬਾਰੇ ਕੁਝ ਹੋਰ ਇਤਿਹਾਸ ਕਥਾ ਸੰਜੋਈ ਜਾਵੇ। ਹੁਣ ਤੱਕ ਛਪੇ ਦੁਆਦਸ ਇਤਿਹਾਸ ਦੇ ਕਾਲਕ੍ਰਮਾਂ ਦੀ ਸੋਧ ਲਈ ਹਜ਼ੂਰ ਦੀ ਰਮਜੀ ਸੇਧ ਲਈ ਅਰਜ ਕੀਤੀ ਗਈ। ਹਜ਼ੂਰ ਦੇ ਹੁਕਮ ਅਨੁਸਾਰ ਵੈਸਾਖੀ ਤੱਕ ਸੰਖੇਪ ਇਤਿਹਾਸ ਕਥਾ ਪੁਸਤਕ ਪ੍ਰਕਾਸ਼ਨ ਦੀ ਆਗਿਆ ਮਿਲੀ।

ਇਸ ਸੰਖੇਪ ਨਾਮਧਾਰੀ ਇਤਿਹਾਸ ਕਥਾ ਦੇ ਵਿਚ ਕੂਕਾ ਇਤਿਹਾਸ ਯਾਤਰਾ, ਆਸਥਾ ਦੇ ਪਤਰੇ, ਕੂਕਾ ਕਰਾਂਤੀ ਤੇ ਫਿਰੰਗੀ ਫਿਤਰਤ ਅਤੇ ਹੁਕਮਨਾਮੇ ਵਾਰਤਾ ਦੇ ਸੰਵਾਦ ਸਮਾਲੋਚਨਾ ਮੁਖੀ ਹਨ। ਬੌਧਿਕ ਦ੍ਰਿਸ਼ਟੀਕੋਣ ਨਾਲ ਨੇਹ ਕਲੰਕ ਸਤਿਗੁਰੂ ਜੀ ਦੇ ਗੁਰਪ੍ਰਸਾਦਿ ਤਕ ਪੁਸਤਕ ਵਿਸਤਾਰ ਵਰਤਮਾਨ ਨਾਲ ਪਰਿਚਿਤ ਕਰਾਉਣ ਲਈ ਇਕ ਦੇਹਲੀ ਦੀਪਕ ਬਣੇ ਤਾਂ ਗੁਰਪ੍ਰਸਾਦਿ ਦਾ ਪ੍ਰਤਾਪ ਹੈ।

ਕਰਤਾਰ ਸਿੰਘ ਨੀਲਧਾਰੀ
162-A, ਗ੍ਰੇਨਮਾਰਕੀਟ ਚੰਡੀਗੜ੍ਹ-160019
09888213360, 09417143360

Sri Satguru Jagjit Singh Ji eLibrary NamdhariElibrary@gmail.com

ਕੂਕਾ ਇਤਿਹਾਸ ਯਾਤਰਾ

ਇਤਿਹਾਸ ਦੇ ਸਮੀਖਿਆਕਾਰਾਂ ਨੇ ਨਤੀਜਾ ਕੱਢਿਆ ਹੈ ਕਿ ਸਿੱਖਾਂ ਨੇ ਇਤਿਹਾਸ ਤਾਂ ਬਹੁਤ ਬਣਾਇਆ ਪਰ ਲਿਖਿਆ ਨਹੀਂ। ਗੰਭੀਰਤਾ ਨਾਲ ਵਾਚਿਆ ਜਾਵੇ ਤਾਂ ਪ੍ਰਮਾਣਤ ਹੋਂਦਾ ਹੈ ਕਿ ਲਿਖਣਾ ਆਇਆ ਹੀ ਨਹੀਂ। ਇਸ ਦਾ ਪਹਿਲਾ ਕਾਰਣ ਤਾਂ ਇਹ ਹੈ ਕਿ ਸਿੱਖ ਧਰਮ ਦਾ ਉਪਦੇਸ਼ ਇਕ ਉਅੰਕਾਰ ਦੇ ਜਪੁ ਨਾਲ ਸ਼ੁਰੂ ਹੋਂਦਾ ਹੈ। ਆਦਿ-ਜੁਗਾਦਿ ਹੈਭੀ-ਹੋਸੀ ਸਚੁ ਦੇ ਗੁਰਪ੍ਰਸਾਦਿ ਨਾਲ ਮਿਲੇ ਨਾਮ ਦੇ ਸਾਧਨਾ ਸਫਰ ਦੀ ਵਿਆਖਿਆ ਭਾਈ ਗੁਰਦਾਸ ਜੀ ਨੇ ਕੀਤੀ ਹੈ। ਸਿੱਖ ਧਰਮ ਦਾ ਪਹਿਲਾ ਗ੍ਰੰਥ ਜਨਮ ਸਾਖੀ ਹੈ। ਇਸ ਦੀ ਵਿਸ਼ੇਸ਼ਤਾ ਏਹ ਹੈ ਕਿ ਭਾਈ ਬਾਲਾ ਜੀ ਗੁਰੂ ਬਾਬੇ ਦੀ ਉਦਾਸੀਆਂ ਦੀ ਸਾਖੀਆਂ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਸੁਣਾ ਰਹੇ ਹਨ ਅਤੇ ਭਾਈ ਪੈੜਾ ਮੋਖਾ ਲਿਖਦਾ ਜਾ ਰਿਹਾ ਹੈ। ਗੁਰੂ ਸੰਤਾਂ ਦੇ ਲੋਕ ਕਲਿਆਣ ਦੀ ਸਾਖੀਆਂ ਸਰਬਕਾਲੀ ਤੇ ਅਮਰ ਹੋਂਦੀਆਂ ਹਨ। ਏਸ ਲਈ ਏਹਨਾ ਦੀ ਸਮਾਨਤਾ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪੂਰਵਵਰਤੀ ਕਾਲ ਦੇ ਗੁਰੂ ਅਵਤਾਰਾਂ ਦੇ ਪਰੋਪਕਾਰਾਂ ਵਿਚ ਵੀ ਮਿਲ ਜਾਂਦੀ ਹੈ। ਗੁਰੂ ਜੀ ਦੇ ਉੱਤਰਵਰਤੀ ਕਾਲ ਦੇ ਮਹਾਂਪੁਰਖਾਂ ਦੇ ਜੀਵਨ ਵਿਚ ਵੀ ਸਮਾਨ ਸਾਖੀਆਂ ਦੀ ਸਾਖ ਮਿਲ ਜਾਂਦੀ ਹੈ।

ਸਿੱਖ ਧਰਮ ਦਾ ਪਹਿਲਾ ਧਰਮ ਗ੍ਰੰਥ ਜਨਮ ਸਾਖੀ ਵੀ ਦੂਜੇ ਨਾਨਕ ਸ਼੍ਰੀ ਗੁਰੂ ਅੰਗਦ ਦੇਵ ਜੀ ਦੀ ਪਵਿੱਤਰ ਨਜ਼ਰਾਂ ਹੇਠ ਲਿਖੀ ਗਈ। ਏਸ ਲਈ ਬਾਕੀ ਧਰਮਾਂ ਦੇ ਧਰਮ ਗ੍ਰੰਥਾਂ ਨਾਲ ਏਸ ਸ੍ਰੇਸ਼ਟਤਾ ਦੀ ਹੱਕਦਾਰ ਹੈ। ਹਸਤ ਲਿਖਤ ਪੁਸਤਕਾਂ ਵਿਚ ਉਤਾਰਾ ਕਰਨ ਵਾਲੇ ਡੇਰਿਆਂ ਵਿਚ ਵਾਧਾ ਘਾਟਾ ਹੋਣਾ ਸੁਭਾਵਿਕ ਹੀ ਸੀ। ਏਸ ਲਈ ਜਦੋਂ ਕਿਸੇ ਉਤਾਰੇ ਵਿਚ ਤੀਜੀ, ਚੌਥੀ ਜਾਂ ਪੰਜਵੀਂ ਪਾਤਸ਼ਾਹੀ ਦਾ ਸ਼ਬਦ ਮਿਲ ਜਾਂਦਾ ਹੈ ਤਾਂ ਭਾਈ ਬਾਲੇ ਵਾਲੀ ਜਨਮਸਾਖੀ ਦੀ ਪ੍ਰਮਾਣਿਕਤਾ ਸੰਸੇਗ੍ਰਸਤ ਨਹੀਂ ਹੋ ਜਾਂਦੀ। ਦੁਨੀਆਂ ਦੇ ਸਾਰੇ ਧਰਮ ਗ੍ਰੰਥਾਂ ਦੇ ਅਨੁਵਾਦ ਅੱਜ ਮਿਲ ਜਾਂਦੇ ਹਨ। ਏਨਾਂ ਗ੍ਰੰਥਾਂ ਵਿਚ ਹੋਈ ਆਖੇਪਕਾਰੀ ਦੀ ਪਹਿਚਾਨ ਉਨ੍ਹਾਂ ਧਰਮਾਂ ਦੇ ਪੈਰੋਕਾਰ ਹੀ ਆਂਤਰਿਕ ਸੂਝ ਤੇ ਇਮਾਨਦਾਰੀ ਨਾਲ ਕਰ ਸਕਦੇ ਹਨ। ਪੱਛਮੀ ਤਰਕਵਾਦ ਨੇ ਅਜੇਹੀ ਸੰਸਾ ਨੀਤੀ ਦੂਜੇ ਧਰਮ ਗ੍ਰੰਥਾਂ ਪ੍ਰਤੀ ਜਿਆਦਾ ਰੱਖੀ ਹੈ ਪਰ ਆਪਣੇ ਧਰਮ ਗ੍ਰੰਥ ਔਲਡ ਟੈਸਟਾਮੈਂਟ (ਜੰਬੂਰ-ਤੌਰੇਤ) ਅਤੇ ਨਿਊਟੈਸਟਾਮੈਂਟ (ਬਾਈਬਲ) ਬਾਰੇ ਬਹੁਤ ਘੱਟ ਤਰਕ ਕਰਦੇ ਹਨ।

ਸਿੱਖ ਧਰਮ ਦੇ ਕੂਕਾ ਪੰਥ ਦੇ ਇਤਿਹਾਸ ਪ੍ਰਤੀ ਅੰਗਰੇਜ ਸਰਕਾਰ ਨੇ ਜੋ ਅਕਾਦਮਿਕ ਵਿਦਵਾਨਾਂ ਦੀ ਮਾਨਸਿਕ ਗ਼ੁਲਾਮੀ ਬਣਾ ਦਿੱਤੀ ਸੀ ਉਹ ਅੱਜ ਤੱਕ ਖ਼ਤਮ ਨਹੀਂ ਹੋਈ। ਸੁਤੰਤਰਤਾ ਸੰਗਰਾਮ ਦੇ 150 ਸਾਲਾ ਸਮਾਗਮਾਂ ਵਿਚ ਪੰਜਾਬੀ ਭਾਸ਼ਾ ਵਿਭਾਗ ਪਟਿਆਲਾ ਦੇ ਤ੍ਰੈਮਾਸਿਕ ਰਸਾਲੇ ਜਨ ਸਾਹਿਤ ਦੇ ਮਈ ਜੂਨ ਜੁਲਾਈ 2008 ਅੰਕ ਨੂੰ

Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਵਿਸ਼ੇਸ਼ ਅੰਕ ਦੇ ਰੂਪ ਵਿਚ ਛਾਪਿਆ ਗਿਆ। ਇਸ ਵਿਚ ਕੁੱਲ 45 ਲੇਖ ਹਨ, ਜਿਨ੍ਹਾਂ ਵਿਚੋਂ ਕੁਝ ਨਾਮਧਾਰੀ ਲੇਖਕ ਮੰਡਲ ਦੇ ਤੇ ਬਾਕੀ ਅਕਾਦਮਿਕ ਵਿਦਵਾਨਾਂ ਦੇ ਹਨ। ਸਾਰੇ ਲੇਖਾਂ ਵਿਚੋਂ ਕੇਵਲ ਡਾ. ਹਰਵਿੰਦਰ ਸਿੰਘ ਭੱਟੀ ਦਾ ਲੇਖ— "ਨਾਮਧਾਰੀ ਲਹਿਰ ਇਕ ਸਮਾਜਕ ਵਿਗਿਆਨਕ ਦ੍ਰਿਸ਼ਟੀਕੋਣ—ਕੂਕਾ ਲਹਿਰ ਬਾਰੇ ਲੇਖਣ ਦਾ ਵਿਵੇਕੀ ਵਿਵੇਚਨ ਪ੍ਰਸਤੁਤ ਕਰਦਾ ਹੈ। ਹੇਠਲੇ ਸੰਦਰਭ ਸਵੈ ਪ੍ਰਮਾਣ ਹਨ—

(ਪੰਨਾ-9) "ਪੰਜਾਬ ਦਾ ਮੌਜੂਦਾ ਇਤਿਹਾਸ-ਜੋ ਕਿ ਆਮਤੌਰ ਤੇ ਅੰਗਰੇਜ਼ਾਂ ਦੇ ਅਧੀਨ ਵਿਦਿਅਕ ਢਾਂਚੇ ਦੀ ਪੈਦਾਵਾਰ ਬੁੱਧੀਜੀਵੀਆਂ ਵੱਲੋਂ ਸਿਰਜਿਆ ਗਿਆ ਹੈ। ਜੋ ਬੁਨਿਆਦੀ ਤੌਰ 'ਤੇ ਬਸਤੀਵਾਦ ਤੋਂ ਅਛੂਤੇ ਪੰਜਾਬ ਨਾਲੋਂ ਵੱਖਰਾ ਹੈ। ਨਾਮਧਾਰੀ ਲਹਿਰ ਸੰਬੰਧੀ ਜੋ ਕੁਝ ਵੀ ਲਿਖਿਆ ਪੜ੍ਹਿਆ ਜਾਂ ਖੋਜਿਆ ਗਿਆ ਹੈ ਉਹ ਨਾਂ ਸਿਰਫ਼ ਥੋੜ੍ਹਾ ਹੈ, ਸਗੋਂ ਉਹ ਕੁਝ ਖ਼ਾਸ ਨੁਕਤਾ ਨਜ਼ਰ ਤੋਂ ਹੀ ਲਿਖਿਆ ਗਿਆ ਹੈ। ਇਸ ਕਰਕੇ ਉਸਦੇ ਗੁੰਮਰਾਹਕੁੰਨ ਹੋਣ ਦਾ ਵੀ ਖ਼ਤਰਾ ਹੈ। ਇਸ ਲਹਿਰ ਸੰਬੰਧੀ ਮੌਜੂਦਾ ਲਿਖਤਾਂ ਮੋਟੇ ਤੌਰ 'ਤੇ ਇਸ ਤਰ੍ਹਾਂ ਸ਼੍ਰੇਣੀਬੱਧ ਕੀਤੀਆਂ ਜਾ ਸਕਦੀਆਂ ਹਨ"—

"ਪਹਿਲੀ ਸ਼੍ਰੇਣੀ ਵਿਚ ਅੰਗਰੇਜ ਅਫਸਰਾਂ ਵੱਲੋਂ ਲਿਖੇ ਪੱਤਰ ਰਿਪੋਰਟਾਂ ਅਤੇ ਹੋਰ ਦਸਤਾਵੇਜ ਜੋ ਸ੍ਰੀ ਨਾਹਰ ਸਿੰਘ (ਕ੍ਰਿਪਾਲ ਸਿੰਘ) ਵੱਲੋਂ ਇਕੱਤਰ ਕਰਕੇ ਛਪਵਾਏ ਗਏ ਹਨ।"

"ਦੂਜੀ ਸ਼੍ਰੇਣੀ ਵਿਚ ਇਸ ਲਹਿਰ ਸੰਬੰਧੀ ਇਸ ਦੇ ਹੱਕ ਅਤੇ ਵਿਰੋਧ ਵਿਚ ਲਿਖੀਆਂ ਗਈਆਂ ਲਿਖਤਾਂ ਹਨ।"

"ਤੀਜੀ ਸ਼੍ਰੇਣੀ ਵਿਚ ਇਸ ਨੂੰ ਭਾਰਤ ਦੀ ਆਜ਼ਾਦੀ ਦੀ ਲਹਿਰ ਨਾਲ ਜੋੜ ਕੇ ਲਿਖੀਆਂ ਗਈਆਂ ਲਿਖਤਾਂ ਹਨ।"

"ਚੌਥੀ ਸ਼ਰੇਣੀ ਵਿਚ ਇਸ ਇਤਿਹਾਸਕਾਰੀ ਦੇ ਸਿਧਾਂਤਕ ਚੌਖਟੇ ਵਿਚ ਰੱਖ ਕੇ ਵਿਆਖਿਆ ਕਰਨ ਹਿਤ ਲਿਖੀਆਂ ਲਿਖਤਾਂ ਹਨ। (ਪੰਨਾ 10)"—ਦੂਸਰੀ ਸ਼੍ਰੇਣੀ ਦੀ ਲਿਖਤਾਂ ਵਿਚ ਸ੍ਰ. ਗੰਡਾ ਸਿੰਘ ਪੰਜਾਬੀ ਇਤਿਹਾਸਕਾਰਾਂ ਦੇ ਸਿਰਮੌਰ ਮੰਨੇ ਜਾਂਦੇ ਹਨ। ਪਰ ਕੂਕਾ ਇਤਿਹਾਸ ਬਾਰੇ ਉਹਨਾਂ ਦੀ ਲਿਖਤ-ਕੂਕਿਆਂ ਦੀ ਵਿਥਿਆ-ਬਸਤੀਵਾਦੀ ਇਤਿਹਾਸਕਾਰੀ ਦਾ ਇਕ ਨਮੂਨਾ ਹੈ। ਜਿਸ ਵਿਚ ਉਹਨਾਂ ਨੇ ਨਾ ਸਿਰਫ਼ ਏਸ ਲਹਿਰ ਨੂੰ ਛੁੱਟਿਆਇਆ ਹੈ, ਸਗੋਂ ਇਤਿਹਾਸਕ-ਤੱਥਾਂ ਦੀ ਮਨਮਰਜ਼ੀ ਨਾਲ ਵਰਤੋਂ ਕਰਕੇ ਪੱਖਪਾਤੀ ਇਤਿਹਾਸਕਾਰੀ ਦਾ ਹੀ ਨਮੂਨਾ ਪੇਸ਼ ਕੀਤਾ ਹੈ।"

ਇਤਿਹਾਸਕਾਰ ਲੇਖਕਾਂ ਦੀ ਚੌਥੀ ਸ਼੍ਰੇਣੀ ਬਾਰੇ ਭੱਟੀ ਜੀ ਲਿਖਦੇ ਹਨ (ਪੰਨਾ-10) "ਏਸ ਵਰਗ ਨੇ ਇਸ ਲਹਿਰ ਨੂੰ ਸਮਝਣ ਲਈ ਪੱਛਮ ਵਿਚ ਬਸਤੀਵਾਦੀ ਵਿਰੋਧੀ ਲਹਿਰਾਂ ਨੂੰ ਸਮਝਣ ਲਈ ਵਰਤੇ ਜਾਂਦੇ ਮਾਡਲ ਮਿਲੈਨਾਰੀਆਨਿਜ਼ਮ ਦੇ ਨੁਕਤਾ ਨਜ਼ਰ ਤੋਂ ਵਿਆਖਿਆ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸਾਈ ਧਰਮ ਵਿਚ ਇਹ ਮਾਡਲ ਬੁਨਿਆਦੀ ਤੌਰ 'ਤੇ ਇਸਾਈ ਧਰਮ ਵਿਚ ਹਜਾਰ ਸਾਲਾ ਚੱਕਰ ਨਾਲ

Sri Satguru Jagjit Singh Ji eLibrary NamdhariElibrary@gmail.com

ਸੰਬੰਧਤ ਹੈ। ਜਿਸ ਅਨੁਸਾਰ ਹਜ਼ਾਰ ਸਾਲ ਬਾਦ ਐਸੀ ਯੁਗ ਪਲਟਾਊ ਤਬਦੀਲੀ ਆਉਂਦੀ ਹੈ ਕਿ ਸਭ ਨਵੇਂ ਸਿਰੇ ਤੋਂ ਸਿਰਜਣਾ ਹੁੰਦੀ ਹੈ।"

ਪੁਰਾਤਨ ਪੰਥੀ ਇਸਾਈ ਜਗਤ ਵੱਲੋਂ ਇੱਕੀਵੀਂ ਸਦੀ ਤੋਂ ਆਰੰਭੇ ਗੋਲਡਨ ਮਿਲੈਨੀਯਮ ਦਾ ਹਜਰਤ ਈਸਾ ਦਾ ਸੰਕਲਪ ਯਾਦ ਕੀਤਾ ਸੀ। ਏਸ ਆਸਥਾ ਅਨੁਵਸਾਰ ਇਕ ਹਜਾਰ ਸਾਲ ਧਰਮ ਦਾ ਪਰਮੇਸ਼ਰੀ ਰਾਜ ਹੋਵੇਗਾ ਜਦੋਂ ਸ਼ੇਰ ਤੇ ਬੱਕਰੀ ਇਕ ਥਾਂ ਪਾਣੀ ਪੀਣਗੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਚਨ ਸੋ ਸਾਖੀ ਅਨੁਸਾਰ—

ਗਊ ਸਿੰਘ ਕਾ ਬਨੇ ਜੋ ਸੰਗਾ॥
ਸਹਸਤ੍ਰ ਬਰਸ ਬੀਤੇ ਨਿਹਸੰਗਾ॥

ਇਸ ਧਰਮ ਦੇ ਰਾਜ ਦੀ ਸਤਿਜੁਗ ਦੀ ਸਥਾਪਨਾ ਪ੍ਰਥਾਏ ਹੁਕਮ ਹੈ :-

ਕਲਜੁਗ ਮੈਂ ਸਤਿਜੁਗ ਵਰਤਾਊ॥
ਤਬੀ ਬਾਹਰਵਾਂ ਬੱਪ ਕਹਿਲਾਊ॥

ਅਤੇ ਕਲਜੁਗ ਮੈਂ ਸਤਿਜੁਗ ਕਰ ਠਾਨੋ॥
ਤਬੀ ਬਾਰਹਵਾਂ ਬੱਪ ਪਹਿਚਾਨੋ॥

ਨਾਮਧਾਰੀ ਪੰਥ ਵਿਚ ਭਵਿੱਖਤ ਬਚਨਾਂ ਨੂੰ ਅਟੱਲ ਸਿੱਧ ਕਰਨ ਵਾਲੇ ਹਜੂਰ ਸੰਤ ਸਤਿਗੁਰੂ ਕਿਲ੍ਹੇ ਵਾਲਿਆਂ ਦਾ ਨੂਰੀ ਜਲਵਾ ਦੇਖ ਕੇ ਮਸਤਾਨਿਆਂ ਨੇ 1966 ਈ. ਦੇ ਅਜਮਲ ਖਾਂ ਪਾਰਕ ਦੇ ਹੋਲੇ ਵਿਚ ਗੂੰਜਾਂ ਪਾਈਆਂ ਸਨ। ਸੰਨ 1966 ਦੁਸਹਿਰੇ ਵਾਲੇ ਦਿਨ ਨਿਆਰੀ ਕਰਕੇ ਨੀਲ-ਕਮਰਕੱਸਾ ਚੌਕੂਟੇ ਦਾ ਬਾਣਾ ਪ੍ਰਦਾਨ ਕੀਤਾ ਗਿਆ। ਬ੍ਰਹਮਲੀਨ ਹੋਣ ਤੋਂ ਪਹਿਲਾਂ ਕੀਤੇ ਬਚਨ ਅਨੁਸਾਰ ਆਪ ਨੇ ਪੁਨਰ ਅਵਤਾਰ ਦੇ ਰੂਪ ਵਿਚ 12 ਸਾਲਾਂ ਦੇ ਹੋ ਕੇ ਸੰਤ ਸਤਿਗੁਰੂ ਕਿਲ੍ਹੇ ਵਾਲੇ—"ਨੇਹਕਲੰਕ ਹੋਇ ਉਤਰਿਆ ਮਹਾਂਬਲੀ ਅਵਤਾਰ" ਦੇ ਰੂਪ ਵਿਚ ਸਾਰੀ ਭਵਿੱਖਤ ਅਟੱਲ ਕਰ ਦਿਖਾ ਰਹੇ ਹਨ। ਆਪਣੇ ਪੰਥ ਦਾ ਨਾਮ-ਨੇਹਕਲੰਕ ਨਾਮਧਾਰੀ-ਸਥਾਪਿਤ ਕੀਤਾ ਹੈ। ਨਾਮਧਾਰੀ ਇਤਿਹਾਸ ਨਾਲ ਸੰਬੰਧਿਤ ਏਹ ਪਹਿਲੀ ਰਚਨਾ ਸੰਗਤਾਂ ਵਿਚ ਗੁਰ ਇਤਿਹਾਸ ਦੀ ਜਾਣਕਾਰੀ ਲਈ ਹਜੂਰ ਦੇ ਹੁਕਮ ਵਿਚ ਪ੍ਰਕਾਸ਼ਿਤ ਕਰਾਈ ਹੈ।

ਸਬਬ ਨਾਲ ਸੰਨ 2016 ਸਤਿਗੁਰ ਰਾਮ ਸਿੰਘ ਜੀ ਦੇ ਅਵਤਾਰ ਦਾ 200ਵਾਂ ਸਾਲ ਸਮਾਗਮ ਹੈ।

ਗੁਰਚਰਣਾਂ ਦਾ ਦਾਸ ਹੋਣ ਦਾ ਆਸਵਾਨ
ਕਰਤਾਰ ਸਿੰਘ ਨੀਲਧਾਰੀ

ਫੌਜ ਫਿਰੈ ਅਕਾਲ ਕੀ ਮਕੜੀ ਨਿਆਈ ਹੋਇ॥
ਨੀਲਾ ਬਾਣਾ ਪਹਿਰ ਕੈ ਅਵਰ ਨਾ ਦੀਸੈ ਕੋਇ॥
ਨਾਨਕ ਆਖੇ ਰੁਕਨਦੀਨ ਸਿੰਘ ਕਰਹਿੰਗੇ ਰਾਜ॥
ਮਲੇਛ ਸੇਖ ਸਭ ਖਪਹਿੰਗੇ ਪੀਰ ਮੁਰੀਦ ਸਹਾਬ॥

Sri Satguru Jagjit Singh Ji eLibrary NamdhariElibrary@gmail.com

ਆਸਥਾ ਦੇ ਪਤਰੇ

ਪਰਿਚੈ—ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਭਵਿੱਖ ਬਾਣੀਆਂ ਗੁਰੂ ਪਰੰਪਰਾ ਨੂੰ ਅਜਿੱਤੇ ਰੰਧਾਵੇ ਦੀ ਗੋਸ਼ਟਿ ਅਨੁਸਾਰ ਚੌਦ੍ਹਾਂ ਜਾਮਿਆਂ ਤੱਕ ਸਥਾਪਿਤ ਕਰਦੀਆਂ ਹਨ। ਦਸ਼ਮੇਸ਼ ਪਿਤਾ ਜੀ ਨੇ ਪੌਰਾਣਿਕ ਸਾਹਿਤ ਦੀ ਭਵਿੱਖ ਬਾਣੀਆਂ ਨੂੰ ਭਾਖਾ ਦੇ ਰੂਪ ਵਿਚ ਦਰਜ ਕਰਨ ਲਈ ਕਲਮਸੇਵਕਾਂ ਨੂੰ ਪ੍ਰੋਤਸਾਹਿਤ ਕੀਤਾ। ਗੁਰੂ ਹੁਕਮ ਨਾਲ ਲਿਖੀ ਅਜੇਹੀ ਰਚਨਾਵਾਂ ਨੂੰ ਗੁਰੂ ਰਚਨਾ ਸਮਝਣਾ ਸੁਭਾਵਿਕ ਹੈ। ਭਗਵਤ ਗੀਤਾ ਦੇ ਵੀ ਲੇਖਣੀਕਾਰ ਤਾਂ ਰਿਸ਼ੀ ਵੇਦ ਵਿਆਸ ਹਨ, ਭਗਵਾਨ ਸ੍ਰੀ ਕ੍ਰਿਸ਼ਨ ਨੇ ਆਪ ਤਾਂ ਨਹੀਂ ਲਿਖੀ।

ਦਸ਼ਮੇਸ਼ ਸਤਿਗੁਰੂ ਜੀ ਨੇ ਨਾਂਦੇੜ ਜਾ ਕੇ ਉਡੀਕਵਾਨ ਸਾਧੂ ਭਗਤ ਮਾਧੋਦਾਸ ਬੈਰਾਗੀ ਨੂੰ ਗੁਰਬਖਸ਼ ਸਿੰਘ ਬੰਦਾ ਬਹਾਦੁਰ ਬਣਾ ਕੇ ਮੁਗ਼ਲ ਮੁਅਜ਼ਮ ਬਹਾਦੁਰ ਸ਼ਾਹ ਦੇ ਰਾਜ ਵਿਰੁੱਧ ਰਣ ਤੱਤੇ ਵਿਚ ਉਤਾਰ ਦਿੱਤਾ ਸੀ। ਆਪ ਗੁਰੂ ਜੀ ਨੇ ਲੋਪ ਹੋਣ ਦਾ ਕੌਤੁਕ ਕੀਤਾ। ਮਨਮਾਡ ਆਦਿਕ ਅਨੇਕ ਏਤਿਹਾਸਿਕ ਸਥਾਨ ਗੁਰੂ ਜੀ ਦੇ ਗੁਪਤਵਾਸ ਦੇ ਪ੍ਰਮਾਣ ਹਨ। ਮਗਰੋਂ ਬਾਬਾ ਅਜਾਪਾਲ ਸਿੰਘ ਦੇ ਰੂਪ ਵਿਚ ਸਾਰੇ ਸਿੱਖ ਇਤਿਹਾਸ ਤੋਂ ਨਿਆਰੇ ਇਕ ਮਹਾਂਮਾਨਵ ਮਹਾਂਪੁਰਖ ਦਾ ਪ੍ਰਮਾਣਿਕ ਰਹੱਸ ਮਈ ਪਰਿਚੈ ਮਿਲਦਾ ਹੈ। ਮਹਾਨਕੋਸ਼ ਤੇ ਹੋਰ ਅਨੇਕ ਗ੍ਰੰਥਾਂ ਦੇ ਕਰਤੇ ਭਾਈ ਕਾਹਨ ਸਿੰਘ ਨਾਭਾ ਦੇ ਵਡੇਰੇ ਭਾਈ ਸਰੂਪ ਸਿੰਘ ਬਾਬਾ ਜੀ ਦੀ ਨਿੱਜੀ ਸੇਵਾ ਵਿਚ ਜੁੜ ਕੇ ਮਗਰੋਂ ਡੇਰੇ ਦੇ ਮਹੰਤ ਬਣੇ।

ਦਸ਼ਮੇਸ਼ ਸਤਿਗੁਰੂ ਦੀ ਭਵਿੱਖ ਬਾਣੀਆਂ ਦੇ ਸ਼ਰਧਾਵਾਨ ਸਿੱਖਾਂ ਨੇ ਗੁਰੂ ਦਰਸ਼ਨਾਂ ਦੀ ਖੋਜ ਜਾਰੀ ਰੱਖੀ। ਆਖ਼ਿਰ ਹਜਰੋ ਵਿਚ ਬਿਰਹੀ ਹਿਰਦਿਆਂ ਨੂੰ ਸ਼ਾਂਤ ਮਿਲਦੀ। ਸਿੱਖ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਨੇ ਸਪੱਸ਼ਟ ਰੂਪ ਵਿਚ ਸਤਿਗੁਰੂ ਬਾਲਕ ਸਿੰਘ ਜੀ ਨੂੰ ਦਸ਼ਮੇਸ਼ ਪਿਤਾ ਦੇ ਵਰੋਸਾਈ ਉੱਤਰਾਧਿਕਾਰੀ ਗੁਰੂ ਰੂਪ ਵਿਚ ਸਵੀਕਾਰ ਕੀਤਾ। ਦਸ਼ਮੇਸ਼ ਹੁਕਮ ਦੇ ਹਵਾਲੇ ਨਾਲ ਗਿਆਨੀ ਜੀ ਨੇ ਅੱਗੋਂ ਸਤਿਗੁਰੂ ਰਾਮ ਸਿੰਘ ਜੀ ਦੀ ਪ੍ਰਗਟਾਈ ਦਾ ਜਿਕਰ ਕੀਤਾ ਹੈ। ਨਿਜੀ ਰੂਪ ਵਿਚ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਕੂਕਾ ਪੰਥ ਦਾ ਸੰਖੇਪ ਸਾਰ ਇਤਿਹਾਸ 28 ਕਬਿਤਾਂ ਵਿਚ ਲਿਖਿਆ ਸੀ।

ਆਸਥਾ ਦੇ ਪਤਰੇ

1. ਮਹਾਰਾਜਾ ਰਣਜੀਤ ਸਿੰਘ ਨੇ ਸੰਨ 1799 ਵਿਚ ਲਾਹੌਰ ਉੱਤੇ ਕਬਜਾ ਕੀਤਾ ਸੀ ਤੇ ਮਗਰੋਂ ਵੈਸਾਖੀ 11 ਅਪ੍ਰੈਲ 1801 ਨੂੰ ਬਾਬਾ ਸਾਹਿਬ ਸਿੰਘ ਬੇਦੀ ਜੀ ਨੇ ਰਾਜ ਤਿਲਕ ਕੀਤਾ ਸੀ।

Sri Satguru Jagjit Singh Ji eLibrary NamdhariElibrary@gmail.com

2. ਸੰਤ ਇੰਦਰ ਸਿੰਘ ਚੱਕਰਵਰਤੀ ਨਿੱਜੀ ਖੋਜ ਅਨੁਸਾਰ ਸਤਿਗੁਰੂ ਬਾਲਕ ਸਿੰਘ ਜੀ ਦਾ ਅਵਤਾਰ ਫੱਗਣ ਦੀ ਪੂਰਨਮਾਸ਼ੀ ਸੰਨ 1685 ਵਿਚ ਲਿਖਿਆ ਹੈ।

3. ਗਿਆਨੀ ਗਿਆਨ ਸਿੰਘ—ਸੰਮਤ ਅਠਾਰਾਂ ਸੌ ਛਿਪੰਜਾ (ਸੰਨ 1800, ਕਬਿਤ 206) ਵਿਚ ਅਵਤਾਰ ਲਿਖਦਾ ਹੈ। ਅਤੇ-ਸੰਮਤ ਪਚਾਈਏ ਮੈ ਹਜਰੋ ਗਰਾਮ ਮਾਹਿ- (ਸੰਨ 1828)-ਵਿਚ ਭਾਈ ਨੇ ਹਜਰੋ ਦੁਕਾਨ ਕੀਤੀ (ਕਬਿਤ 208) ਲਿਖਦਾ ਹੈ।

4. ਸਤਿਗੁਰੂ ਬਾਲਕ ਸਿੰਘ ਜੀ ਨੂੰ ਹੋਏ ਦਸ਼ਮੇਸ਼ ਦਰਸ਼ਨ ਦਾ ਜਿਕਰ ਕਰਦੇ ਹੋਏ ਅਨੇਕ ਵਾਰ ਆਕਾਸ਼ਵਾਣੀਆਂ ਦਾ ਜਿਕਰ ਵੀ ਕਰਦਾ ਹੈ—

ਐਪੋ ਗੁਰ ਦਸਮ ਦਰਸ ਦੈ ਜੋ ਕਹਯੋ ਤਾਹਿ
ਮੇਰੋ ਅਵਤਾਰ ਅੰਸ ਰਾਮ ਸਿੰਘ ਹ੍ਵੈ ਭਰੇ (ਕਬਿਤ 209)

ਦਸਮੇਸ਼ ਸਤਿਗੁਰੂ ਆਪਣੇ ਗੁਰੂ ਰਾਮ ਸਿੰਘ ਅਵਤਾਰ ਬਾਰੇ ਦੱਸਦੇ ਹਨ। ਕੂਕਾ ਇਤਿਹਾਸ ਦਾ ਪ੍ਰਤੱਖਦਰਸ਼ੀ ਗਿਆਨ ਗਿਆਨ ਸਿੰਘ ਭਵਿੱਖਤ ਪੋਥੀਆਂ ਦਾ ਗਿਆਤਾ ਸੀ। ਸਤਿਗੁਰੂ ਬਾਲਕ ਸਿਘ ਜੀ ਦੇ ਨਾਲ ਸਤਿਗੁਰੂ ਰਾਮ ਸਿੰਘ ਜੀ ਦੇ ਮੇਲ ਦੀ ਭਵਿੱਖ ਦਸ਼ਮੇਸ਼ ਹੁਕਮ ਵਿਚ ਦਰਜ ਕਰਦਾ ਹੈ।

5. ਕਰਮ ਸਿੰਘ ਪਟਵਾਰੀ ਦੀ ਕਿਤਾਬ—ਗੁਰ ਇਤਿਹਾਸ ਜਾਣਕਾਰੀ (ਪੰਨਾ 184)—ਮਈ 1912 ਈ. (ਵੈਸਾਖ ਸੁਦੀ 10 ਸੰਮਤ 1869) ਬਾਬਾ ਅਜਾ ਪਾਲ ਸਿੰਘ ਜੀ (ਗੁਰੂ ਗੋਬਿੰਦ ਸਿੰਘ ਜੀ ਦਾ ਗੁਪਤ ਰੂਪ) ਨਾਭੇ ਤੋਂ ਹਜਰੋ ਸਿੰਧਤੇ ਹਰੋ ਨਦੀ ਦੇ ਸੰਗਮ ਤੇ ਪਹੁੰਚੇ। ਏਥੇ ਭਗਤੀ ਵਿਚ ਲੀਨ ਬਾਬਾ ਬਾਲਕ ਸਿੰਘ (28) ਨੂੰ 5 ਪੈਸੇ ਨਰੇਲ ਮੱਥਾ ਟੇਕ ਕੇ ਗੱਦੀ ਦੇਣ ਤੋਂ ਬਾਦ 14 ਜੂਨ 1812 ਈ. (ਜੇਠ ਸੁਦੀ 5 ਸੰਮਤ 1869 ਨੂੰ) ਨਾਭੇ ਡੇਰੇ ਵਿਚ ਜੋਤੀ ਜੋਤਿ ਸਮਾਏ।

6. ਗੁਰ ਇਤਿਹਾਸ ਜਾਣਕਾਰੀ—ਅਨੁਸਾਰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ 1708 ਈ. ਵਿਚ ਨਰ ਨਾਟਕ ਕਰਕੇ ਸਤਾਰੇ ਦੇ ਕਿਲ੍ਹੇ ਵਿਚੋਂ ਬਾਲਾ ਰਾਏ ਤੇ ਰੁਸਤਮ ਰਾਏ ਨੂੰ ਕੈਦ ਵਿਚੋਂ ਕੱਢ ਕੇ ਮਨਮਾਡ ਉਤਾਰਿਆ। ਉੱਥੇ ਗੁਪਤਵਾਸ ਗੁਰਦੁਆਰਾ ਕਾਇਮ ਹੈ।

7. ਸੰਨ 1755 ਤੱਕ 47 ਸਾਲ ਭਾਦਰੇ ਤੋਂ 60 ਕਿਲੋਮੀਟਰ ਦੱਖਣ ਵੱਲ ਆਪ ਲਾਲ ਸਿੰਘ ਰਾਜਪੂਤ ਦੀ ਸਹਾਇਤਾ ਕਰਦੇ ਰਹੇ।

ਸੰਨ 1761 ਤੱਕ 6 ਸਾਲ ਜੀਂਦ ਰਹੇ।

ਸੰਨ 1773 ਤੱਕ 12 ਸਾਲ ਪਟਿਆਲੇ ਰਹੇ।

14 ਜੂਨ 1812 ਤੱਕ ਨਾਭੇ ਰਹੇ। (ਗੁਰਗੱਦੀ ਦੇਣ ਤੋਂ 25 ਦਿਨ ਬਾਦ ਤੱਕ)

8. ਬਾਬਾ ਅਜਾਪਾਲ ਸਿੰਘ ਰੂਪ ਵਿਚ ਗੁਰੂ ਜੀ ਦਾ 47 ਸਾਲ ਤੱਕ ਭਾਦਰੇ ਤੋਂ ਦੂਰ ਨਿਵਾਸ ਨਗਰ ਦਾ ਨਾਮ ਨਹੀਂ ਲਿਖਿਆ। ਇਸ ਅਰਸੇ ਵਿਚ ਸੌ ਸਾਖੀ ਭਵਿੱਖਤ ਅਨੁਸਾਰ 21 ਸਾਲ ਤੱਕ ਖਾਲਸੇ ਨਾਲ ਲੱਗ ਕੇ ਜੰਗ ਯੁੱਧ ਕਰਨਾ ਵੀ ਹੋ ਸਕਦਾ ਹੈ। ਅੰਮ੍ਰਿਤਸਰ ਵਿਚ ਇਕ ਗੁਰਦੁਆਰਾ ਐਸਾ ਹੈ ਜਿੱਥੇ ਦਸ਼ਮੇਸ਼ ਪਾਤਸ਼ਾਹ ਦੇ ਆਉਣ ਦਾ ਇਤਿਹਾਸ ਜੁੜਿਆ ਹੋਇਆ ਹੈ।

Sri Satguru Jagjit Singh Ji eLibrary NamdhariElibrary@gmail.com

ਬਾਬਾ ਅਜਾਪਾਲ ਸਿੰਘ ਜੀ

ਗੁਰੂ ਗੋਬਿੰਦ ਸਿੰਘ ਜੀ ਨੂੰ ਜੋ ਛੁਰਾ ਦੱਖਨੇ ਮੇਂ ਪਠਾਨ ਨੇ ਮਾਰਿਆ ਸੀ ਉਸਦੇ ਟਾਂਕੇ ਟੁੱਟਣੇ

10 ਜੂਨ 1812 ਈ. (ਜੇਠ ਸੁਦੀ ਏਕਮ ਸੰਮਤ 1869) ਨੂੰ ਨਾਭੇ ਡੇਰੇ ਵਿਚ ਬਾਬਾ ਅਜਾਪਾਲ ਸਿੰਘ ਸਾਹਿਬ ਜੀ ਨੇ ਹੁਕਮ ਕੀਤਾ ਕਿ ਪੰਜ ਦਿਨ ਉੱਪਰ ਥੱਲੇ ਨੌਬਤ ਸਾਹਿਬ ਬਜੇਗੀ। ਇਸ਼ਨਾਨ ਕਰਕੇ ਨਇਆ ਪੁਸ਼ਾਕ ਪਹਿਨ ਕੇ ਰਹਿਰਾਸ ਦਾ ਪਾਠ ਕਰਕੇ ਅਰਦਾਸਾ ਸੋਧ ਕੇ ਨੌਬਤ ਸਾਹਿਬ ਬਜੌਣੀ ਸ਼ੁਰੂ ਕੀਤੀ।

ਜਦ ਦੂਜੇ ਦਿਨ ਨੌਬਤ ਬਜਾ ਕੇ ਹਟੇ ਤਾਂ ਵੱਖੀ ਵਿਚ ਲੱਗੇ ਤੋਪੇ, ਜੋ ਦੱਖਣ ਵਿਚ ਹਜ਼ੂਰ ਸਾਹਿਬ ਮੇਂ ਪਠਾਨ ਨੇ ਮਾਰਿਆ ਸੀ, ਏਹ ਤੋਪੇ ਟੁੱਟ ਗਏ। ਬਾਬਾ ਸਰੂਪ ਸਿੰਘ (29 ਸਾਲ) ਪਰ ਪਲੰਘ ਪਰ ਬਿਰਾਜੇ ਵੇਖੇ। ਅਰ ਲਹੂ ਲਹੂ ਹੋਇਆ ਪਿਆ ਸੀ। ਬਾਬਾ ਸਰੂਪ ਸਿੰਘ ਜੀ ਨੇ ਅਰਜ ਕੀਤੀ—ਜੇ ਹੁਕਮ ਕਰੋ ਤਾਂ ਰੇਸ਼ਮ ਨਾਲ ਸਿਊਂ ਦੇਈਏ। ਜਾਂ ਕਿਸੇ ਜਰਾਹ ਨੂੰ ਬੁਲਾਈਏ। ਕਹਿਆ ਸ਼ਹਿਰ ਸੇ ਕੇਸੂ ਲੈ ਆਓ ਹੋਰ ਕੁਝ ਨਹੀਂ ਕਰਨਾ। ਸਰੂਪ ਸਿੰਘ ਸ਼ਹਿਰ ਸੇ ਕੇਸੂ ਲੈ ਆਏ। ਫੁਰਮਾਇਆ ਉਬਾਲ ਕੇ ਉੱਤੇ ਲੈ ਆਉ। ਫੁਰਮਾਇਆ ਪਹਿਲਾ ਕੋਸੇ ਕੋਸੇ ਨਾਲ ਹੌਲੀ ਹੌਲੀ ਟਕੋਰ ਕਰਨੀ ਫੇਰ ਉੱਤੇ ਬੰਨ੍ਹ ਦਿਆ ਕਰਨੇ। ਤਿੰਨ ਦਿਨ ਕੇਸੂਆਂ ਦੀ ਟਕੋਰ ਅਤੇ ਕੇਸੂ ਹੀ ਉੱਤੇ ਬੰਨ੍ਹਦੇ ਰਹੇ। ਜ਼ਖ਼ਮ ਉਸੇ ਤਰ੍ਹਾਂ ਰਹੇ ਪਰ ਲਹੂ ਬੰਦ ਹੋ ਗਿਆ। ਉੱਤੇ ਕੇਸੂਆਂ ਦਾ ਪੱਟਾ ਬੰਨ੍ਹਾ ਰਿਹਾ ਕਰੇ।

ਮਹਾਰਾਜਾ ਜਸਵੰਤ ਸਿੰਘ ਨਾਭਾ (37 ਸਾਲ) ਨੂੰ ਭੀ ਖ਼ਬਰ ਹੋਈ। ਬਾਬਾ ਜੀ ਦਾ ਘਾਓ ਖੁੱਲ੍ਹ ਗਿਆ ਹੈ। ਰਾਜਾ ਸਾਹਿਬ ਨੇ ਗ਼ੁਲਾਮ ਕਾਦਰ ਹਕੀਮ ਨੂੰ ਭੇਜਿਆ। ਬਾਬਾ ਸਾਹਿਬ ਜੀ ਨੇ ਫ਼ੁਰਮਆਇਆ—ਏਸ ਹਕੀਮ ਦੀ ਲੋੜ ਨਹੀਂ। ਹਕੀਮ ਨੂੰ ਕਹੋ ਜਾਵੇ, ਗਿਆਰਾਂ ਰੁਪਏ ਦੇ ਦਿਓ। ਹਕੀਮ ਜੀ ਚਲੇ ਗਏ। ਰਾਜਾ ਸਾਹਿਬ ਨੂੰ ਸਾਰਾ ਹਾਲ ਸੁਣਾਇਆ। ਆਥਣ ਵੇਲੇ ਰਾਜਾ ਜਸਵੰਤ ਸਿੰਘ ਜੀ ਡੇਰੇ ਆਏ। ਅਰਜ ਕੀਤੀ—ਮਹਾਰਾਜ ਜੀ ਦਰਸ਼ਨ ਕਰਨੇ ਹਨ। ਫੁਰਮਾਇਆ ਰਾਜਾ ਸਾਹਿਬ ਨੂੰ ਕਹਿ ਦਿਓ ਹੁਣ ਦਰਸ਼ਨ ਨਹੀਂ ਹੋਂਦੇ। ਅਤੇ ਅਸੀਂ ਖੁਸ਼ ਹਾਂ। ਰਾਜਾ ਸਾਹਿਬ ਕਿਹਾ—ਅੱਛਾ, ਜੋ ਮਹਾਰਾਜ ਦਾ ਹੁਕਮ ਹੈ। (ਪੰਨਾ 726, 727)

ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਬਾਬਾ ਅਜਾਪਾਲ ਸਿੰਘ ਜੀ ਦੇ ਨਾਮ ਨਾਲ) ਜੋਤੀ ਜੋਤਿ ਸਮਾਏ।

14 ਜੂਨ 1812 (ਜੇਠ ਸੁਦੀ ਪੰਜਵੀਂ ਸੰਵਤ 1869) ਦਾ ਦਿਨ ਚੜ੍ਹਿਆ ਤਾਂ ਬਾਬਾ ਸਾਹਿਬ ਜੀ ਫ਼ੁਰਮਾਇਆ—ਆਜ ਸੇ ਕੋਈ ਨੌਬਤ ਨਾ ਬਜਾਵੇ, ਜੋ ਬਜਾਏ ਆਪਣੀ ਕੀਤਾ ਪਾਵੇਗਾ। ਅਹ ਜੋ ਇਸ ਜਗ੍ਹਾ ਦੀ ਨਿੰਦਾ ਕਰੂਗਾ ਉਸਦਾ ਨਮੂਦ ਨਹੀਂ ਰਹੇਗਾ। ਚੁਬਾਰਿਆਂ ਨੂੰ ਢਾਹ ਕੇ ਇਨ੍ਹਾਂ ਲੱਕੜਾਂ ਨਾਲ ਸਾਡਾ ਸਸਕਾਰ ਕਰਨਾ। ਭਸਮ ਸਤਿਲੁਜ ਪਰ ਲੈ ਜਾਣੀ। ਪੰਜ ਕਦਮ ਉੱਤੇ ਰੱਖ ਕੇ ਅਰਦਾਸ ਕਰਨੀ ਅਰ ਕਹਿਣਾ, "ਗੁਰੂ ਸਿੰਘ" ਜੀ ਦੇ ਅੰਗੀਠੇ ਦੀ ਭਸਮ ਹੈ ਤੇਰੀ ਮਰਜੀ ਹੈ ਲੈ ਜਾ। ਫੇਰ ਬਾਬਾ ਸਾਹਿਬ

Sri Satguru Jagjit Singh Ji eLibrary NamdhariElibrary@gmail.com


ਜੀ ਖੜ੍ਹੇ ਹੋ ਕੇ ਸ੍ਰੀ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਹਿ—ਪੰਜ ਬਾਰ ਬੁਲਾਈ। ਸਰੂਪ ਸਿੰਘ ਜੀ ਪਰ ਖੁਸ਼ੀ। ਡੇਰੇ ਨੂੰ ਕਈ ਤਰ੍ਹਾਂ ਦੇ ਵਰ ਦਿੱਤੇ। ਦਿਨ ਛਿਪੇ ਨਾਲ ਸਰੀਰ ਛੱਡ ਗਏ।

ਹੁਕਮ ਅਨੁਸਾਰ ਕਹੀਆਂ ਲੈ ਕੇ ਚੁਬਾਰਾ ਢਾਹ ਦਿੱਤਾ। ਅਰ ਮਹਾਰਾਜ ਜੀ ਦਾ ਛੇਤੀ ਨਾਲ ਇਸ਼ਨਾਨ ਕਰਾਇਆ। ਨਵਾਂ ਪੁਸ਼ਾਕਾ ਪਹਿਨਾਇਆ। ਜਿਤਨੇ ਸ਼ਤੀਰ-ਬਾਲੇ ਸੇ ਸਭ ਦਾ ਸਿੰਘਾਸਨ ਕਰਕੇ ਮਹਾਰਾਜ ਜੀ ਦਾ ਸਰੀਰ ਬਿਰਾਜਮਾਨ ਕਰਕੇ ਬਸੰਤਰ ਦਿੱਤਾ। ਚੰਬਾ ਘੋੜਾ ਮਰਿਆ ਪਿਆ ਦੇਖਿਆ। ਘੋੜੇ ਉੱਤੇ ਦੁਸ਼ਾਲਾ ਪਾਇਆ। ਗਰਦਨ ਤੇ ਪੂੰਛ ਦੇ ਵਾਲ਼ ਫੂਕ ਕੇ ਉੱਥੇ ਹੀ ਟੋਇਆ ਪੁੱਟ ਕੇ ਦਬਾ ਦਿੱਤਾ।

ਅੰਗੀਠਾ ਬੁਝਾਇਆ। ਰਾਜਾ ਸਾਹਿਬ ਜਸਵੰਤ ਸਿੰਘ ਨੇ ਇਕ ਬਨਾਰਸੀ ਦੁਪੱਟਾ ਅਤੇ ਇਕ ਸੋਟੀ ਭੇਜੀ। ਦੁਪੱਟੇ ਵਿਚ ਅੰਗੀਠੇ ਦੀ ਭਸਮ ਬੰਨ੍ਹ ਕੇ ਸਤਿਲੁਜ ਤੇ ਲੈ ਗਏ। ਭਸਮ ਅਤੇ ਸੋਟੀ ਸਤਿਲੁਜ ਦੇ ਕਿਨਾਰੇ ਰੱਖ ਮੱਥਾ ਟੇਕਿਆ। ਮੱਥਾ ਟੇਕਣ ਸਾਰ ਸਤਲੁਜ ਦਾ ਜਲ ਚੜ੍ਹ ਗਿਆ। ਖ਼ਬਰ ਨਹੀਂ ਭਸਮ ਕਿੱਥੇ ਨੂੰ ਗਈ। (ਪੰਨਾ 227-228)

ਇਤਿਹਾਸ ਵੱਲ ਝਾਤ ਪਾਈਏ ਤਾਂ ਭਵਿੱਖਤ ਬਾਣੀਆਂ ਨੂੰ ਨਹੀਂ ਭੁੱਲ ਸਕਦੇ। ਮੱਕੇ ਮਦੀਨੇ ਦੀ ਗੋਸ਼ਟਿ ਦੇ ਕਰਨੀਨਾਮੇ ਅਨੁਸਾਰ ਜਦੋਂ ਔਰੰਗਜੇਬ ਨੂੰ ਪਤਾ ਚੱਲਿਆ ਕੇ ਖਾਲਸਾ ਪ੍ਰਗਟ ਹੋ ਗਿਆ ਤਾਂ ਉਸਦੀ ਪ੍ਰਤਿਕ੍ਰਿਯਾ ਇੰਝ ਦਰਜ ਹੋਈ ਹੈ—ਖਾਲਸਾ ਪਰਗਟ ਹੋ ਗਿਆ ਭਲਾ ਨਾ ਕੀਆ ਗੋਬਿੰਦ। ਏਸ ਭਵਿੱਖਤ ਵਿਚ ਹੀ ਖਾਲਸੇ ਦੇ ਮਲੇਛ ਖਾਲਸੇ ਦੇ ਰੂਪ ਵਿਚ ਪਤਨ ਅਤੇ ਸੰਤ ਖਾਲਸੇ ਦੀ ਪ੍ਰਗਟ ਤਾਈ ਦਾ ਮੈਂ ਫੇਰ ਕਰੂੰਗਾ ਖਾਲਸਾ ਦੀ ਭਵਿੱਖਤ ਦਰਜ ਹੈ।

ਜਾਮੇ ਧਾਰੇ ਦਸ ਗੁਰੂ ਨਵਸਤਿ ਕਲਾ ਸੁਧਾਰ ॥
ਗੁਪਤ ਗਿਯਾਰਵਾਂ ਖੇਲਸੀ ਕੋਈ ਨਾ ਪਾਵੇ ਪਾਰ ॥੭ ॥
ਤੀਨ ਮਾਸ ਖਟ ਰਹੈਂਗੇ ਗ੍ਰਿਹ ਗਨਕਾ ਗੁਰਿੰਡ ॥
ਉਦਰ ਲੋਪ ਅੰਡਾ ਸਹਿਤ ਜੋ ਸਾਖੀ ਬ੍ਰਹਮੰਡ ॥੯ ॥



Sri Satguru Jagjit Singh Ji eLibrary NamdhariElibrary@gmail.com

ੴ ਸਤਿਗੁਰ ਪ੍ਰਸਾਦਿ

ਗੁਪਤ ਗਿਆਰ੍ਹਵਾਂ ਖੇਲਿਆ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਹਜਰੋ

ਸਤਿਗੁਰੂ ਬਾਲਕ ਸਿੰਘ ਜੀ ਦਾ ਅਵਤਾਰ ਪ੍ਰਕਾਸ਼ ਗਿਆਨੀ ਗਿਆਨ ਸਿੰਘ ਦੇ ਕਬਿਤਾਂ ਅਨੁਸਾਰ ਸੰਮਤ 1856 (ਸੰਨ 1800 ਈ.) ਨੂੰ ਹੋਇਆ। ਇੰਦਰ ਸਿੰਘ ਚੱਕਰਵਰਤੀ ਅਨੁਸਾਰ ਉਨ੍ਹਾਂ ਨੇ ਸਾਈਂ ਜਵਾਹਰਮਲ ਦੇ ਪੋਤਰੇ ਭਗਤ ਬਿਸ਼ਨ ਦਾਸ ਦੀ ਲਿਖਤ ਜਨਮਸਾਖੀ ਦੇ ਆਧਾਰ ਤੇ ਗੁਰੂ ਕਥਾ ਲਿਖੀ ਸੀ। ਚੱਕਰਵਰਤੀ ਜੀ ਅਨੁਸਾਰ ਸਤਿਗੁਰੂ ਜੀ ਦਾ ਅਵਤਾਰ ਫਗਨ ਸੁਦੀ 15 (ਪੂਰਨਮਾਸ਼ੀ--ਹੋਲਾ ਦਿਨ) ਸੰਮਤ 1841 ਬਿਕ੍ਰਮੀ (24 ਫਰਵਰੀ 1785 ਈ.) ਨੂੰ ਸਰਦਾਰ ਦਿਆਲ ਸਿੰਘ ਬਤਰਾ ਦੇ ਘਰ ਸਰਵਾਲਾ ਪਿੰਡ ਵਿਚ ਹੋਇਆ। ਮਾਤਾ ਭਾਗਭਰੀ ਨੂੰ ਜਨਮ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਦੀਦਾਰ ਹੋਇਆ।

ਪਰਿਵਾਰ ਦੇ ਪੁਰੋਹਿਤ ਕੋਲੋਂ ਜਨਮ ਪੱਤਰੀ ਬਣਵਾਈ ਗਈ। ਪੰਡਿਤ ਅਨੁਸਾਰ-- "ਸ੍. ਦਿਆਲ ਸਿੰਘ ਦਾ ਪੁੱਤਰ ਸਾਧਾਰਨ ਮਨੁੱਖ ਨਹੀਂ ਸੀ। ਇਹ ਪਰਮੇਸ਼ਰੀ ਸ਼ਕਤੀਆਂ ਵਾਲਾ ਅਵਤਾਰ ਪ੍ਰਗਟ ਹੋਇਆ ਸੀ। ਇਸ ਦੀ ਨਜ਼ਰਾਂ ਵਿਚੋਂ ਮੇਹਰਾਂ ਦੇ ਮੀਂਹ ਵਸਣਗੇ। ਅਨੇਕ ਜੀਆਂ ਨੂੰ ਪ੍ਰਭੂ ਭਗਤੀ ਨਾਲ ਜੋੜ ਕੇ ਆਤਮ ਪ੍ਰਕਾਸ਼ ਮੰਡਲ ਵਿਚ ਪ੍ਰਵੇਸ਼ ਕਰਵਾਏਗਾ। ਹਜ਼ਾਰਾਂ ਲੱਖਾਂ ਨੂੰ ਭਵ-ਸਾਗਰ ਤੋਂ ਪਾਰ ਕਰਾਏਗਾ।" ਮਾਤਾ ਭਾਗਭਰੀ ਇਸ ਭਵਿੱਖਤ ਨੂੰ ਗੁਰੂ ਦਰਸ਼ਨਾਂ ਨਾਲ ਜੋੜ ਕੇ ਨਿਹਾਲ ਹੋਈ। ਗੁਰਮਤਿ ਮਰਯਾਦਾ ਅਨੁਸਾਰ--ਹੁਕਮ ਦੀ ਪਹਿਲੀ ਤੁਕਬਿਸਰ ਗਈ ਸਭ ਤਾਤ ਪਰਾਈ--ਦੇ ਪਹਿਲੇ ਅੱਖਰ ਬੱਬੇ ਅਨੁਸਾਰ (ਗੁਰੂ) ਬਾਲਕ ਸਿੰਘ ਨਾਮ ਧਰਿਆ ਗਿਆ।

ਅਵਤਾਰੀ ਬਾਲਕ ਨੇ ਬਾਲਪੁਨੇ ਵਿਚ ਹੀ ਆਪਣੀ ਵਿਲੱਖਣਤਾ ਦਾ ਪਰਿਚੈ ਦੇਣਾ ਸ਼ੁਰੂ ਕਰ ਦਿੱਤਾ। ਅੱਠ ਸਾਲ ਦੀ ਉਮਰ ਤੱਕ ਆਪ ਨੇ ਗੁਰਮੁਖੀ ਅਤੇ ਵਪਾਰੀ ਲਿੱਪੀ ਲੰਡੇ (ਟਾਕਰੇ) ਦਾ ਗਿਆਨ ਪ੍ਰਾਪਤ ਕਰ ਲਿਆ ਸੀ। ਗੁਰੂਬਾਣੀ ਪਾਠ ਕਰਨ ਦੀ ਰੁਚੀ-ਲੈਅ ਤੇ ਸਰਲਤਾ ਵੱਡੇ-ਵੱਡੇ ਅਭਿਆਸੀਆਂ ਨੂੰ ਚਕ੍ਰਿਤ ਕਰ ਦੇਂਦੀਆਂ। ਘਰ ਆਏ ਮੰਗਤਿਆਂ ਨੂੰ ਉਨ੍ਹਾਂ ਦੀ ਲੋੜ ਤੋਂ ਵੱਧ ਦੇ ਕੇ ਤੋਰਦੇ। ਮਾਤਾ ਪਿਤਾ ਨੂੰ ਕਿਹਾ ਇਕ ਦਾਨੇ ਬੀਜ ਨਾਲ ਕਿੰਨੇ ਦਾਨੇ ਸਿੱਟੇ ਨਾਲ ਉੱਗਦੇ ਹਨ। ਇਸ ਤਰ੍ਹਾਂ ਦਿੱਤਾ ਦਾਨ ਵੱਧਦਾ ਫੁੱਲਦਾ ਹੈ।

ਆਪ ਦੇ ਪਿਤਾ ਸ੍. ਦਿਆਲ ਸਿੰਘ ਨੇ ਨੇੜਲੇ ਪਿੰਡ ਛੋਈ ਵਿਚ ਹੱਟੀ ਕਰ ਲਈ। ਆਪ ਵੀ ਕਈ ਵਾਰੀ ਪਿਤਾ ਪਾਸ ਛੋਈ ਚਲੇ ਜਾਂਦੇ ਸਨ। ਪਹਾੜਾਂ ਦੇ ਕੁਦਰਤੀ ਰੰਗ ਅਤੇ ਧੁਰੋਂ ਦਰਗਾਹੋਂ ਲੋਕ ਕਲਿਆਣ ਲਈ ਆਏ ਆਪਣੇ ਰੱਬ ਰੰਗ ਵਿਚ ਮਸਤ ਰਹਿੰਦੇ ਸਨ। ਆਪ ਮੁਹਾਰੇ ਬੋਲ ਉੱਠਦੇ--

Sri Satguru Jagjit Singh Ji eLibrary NamdhariElibrary@gmail.com

ਬਲਿਹਾਰੀ ਕੁਦਰਤ ਵਸਿਆ॥
ਤੇਰਾ ਅੰਤੁ ਨਾ ਜਾਈ ਲਖਿਆ॥ (ਪੰਨਾ 469)

ਹਰੋ ਨਦੀ ਕਿਨਾਰੇ ਸਮਾਧੀ ਲਗਾ ਕੇ ਬੈਠਣਾ, ਉਨ੍ਹਾਂ ਦੀ ਮੌਜ ਦਾ ਸਬੱਬ ਸੀ।

ਇਕ ਦਿਨ ਇਸੇ ਤਰ੍ਹਾਂ ਛੋਈ ਜਾਂਦੇ ਹੋਏ ਹਰੋ ਨਦੀ ਕਿਨਾਰੇ ਇਕ ਚੱਟਾਨ 'ਤੇ ਬੈਠ ਕੇ ਸਮਾਧੀ ਲਗਾਈ ਹੋਈ ਸੀ। ਅਚਾਨਕ ਤੇਜ ਰੋਸ਼ਨੀ ਨਾਲ ਅੱਖਾਂ ਖੁੱਲ੍ਹ ਗਈਆਂ। ਦਸ਼ਮੇਸ਼ ਸਤਿਗੁਰੂ ਜੀ ਪੰਜ ਘੋੜ ਸਵਾਰਾਂ ਨਾਲ ਸਾਖਿਆਤ ਖੜ੍ਹੇ ਸਨ। ਭਗਤ ਦੀ ਭਾਵਨਾ ਨੂੰ ਫਲ ਲੱਗੇ ਭਗਵਾਨ ਪ੍ਰਤੱਖ ਦਰਸ਼ਨ ਦੇ ਰਹੇ ਸਨ। ਚਰਣਾਂ ਤੇ ਨਮਸਕਾਰ ਕਰਦੇ ਹੋਏ ਪੁੱਛਿਆ—ਦੀਨ ਦਿਆਲ! ਕੀ ਮੈਂ ਸਚਮੁਚ ਦਸ਼ਮੇਸ਼ ਦਰਸ਼ਨ ਕਰ ਰਿਹਾ ਹਾਂ ਜਾਂ ਸੁਪਨਾ ਦੇਖ ਰਿਹਾ ਹਾਂ ?

ਦਸ਼ਮੇਸ਼ ਸਤਿਗੁਰੂ ਜੀ ਘੋੜੇ ਤੋਂ ਉਤਰੇ ਛਾਤੀ ਨਾਲ ਲਗਾ ਲਿਆ। ਇਕ ਝਰ ਨਾਟ ਹੋਈ ਨਿਜ ਗੁਰੂ ਸ਼ਕਤੀ ਜੋਤਿ ਦਾ ਪ੍ਰਵੇਸ਼ ਹੋ ਗਿਆ। ਕੰਨਾਂ ਵਿਚ ਚੋ ਅੱਖਰਾ ਨਾਮ ਦੇ ਕੇ ਗੁਰ ਮਰਯਾਦਾ ਦੱਸ ਕੇ ਨਾਮ ਦਾ ਵਰਤਾਰਾ ਵੰਡਣ ਦਾ ਹੁਕਮ ਹੋਇਆ। ਗੁਰਿਆਈ ਦੇ ਸ਼ਗਨ ਦੇ ਕੇ ਬਚਨ ਕੀਤਾ—ਏਹ ਅਮਾਨ! "ਰਾਮ ਸਿੰਘ ਮੇਰਾ ਹੋਏ ਨਾਮਾ ਬਾਡੀ ਸੁਤ ਭੈਣੀ ਕੋ ਧਾਮਾ" ਆ ਕੇ ਲੈ ਲਵਾਂਗੇ। ਗਿਆਰਵੀਂ ਗੁਰੂ ਨਾਨਕ ਜੋਤਿ ਰੂਪ ਵਿਚ ਧਰਮ ਚਲਾਓ। ਬਾਕੀ ਦਰਸ਼ਨ ਅਕਥ ਕਥਾ ਹੈ।

ਗੁਰੂ ਜੀ ਛੋਈ ਆਏ ਆਪਨੇ ਪਿਤਾ ਜੀ ਨੂੰ ਸਾਰੀ ਅਲੌਕਿਕ ਵਾਰਤਾ ਦੱਸੀ। ਗੁਰਿਆਈ ਦਾ ਪ੍ਰਾਪਤ ਗੁਰ ਪ੍ਰਸਾਦਿ ਦੇਖ ਕੇ ਪਿਤਾ ਵਿਸਮਿਤ ਹੋ ਗਏ। ਗੁਰੂ ਜੀ ਦੀ ਆਰਬਲਾ ਉਸ ਵੇਲੇ 14 ਜਾਂ 27 ਸਾਲ ਦੀ ਸੀ। ਚੰਦ੍ਰਮਾਵਤ ਸ਼ਾਂਤ ਚੇਹਰੇ ਉੱਤੇ ਇਕ ਤੇਜ ਪ੍ਰਕਾਸ਼ ਪਸਰ ਗਿਆ ਸੀ।

ਬਾਬਾ ਦਿਆਲ ਸਿੰਘ ਦੇ ਵੱਡੇ ਪੁੱਤਰ ਮੰਨਾ ਸਿੰਘਨੇ ਹਜਰੋ (ਕੈਮਲਪੁਰ) ਵਿਚ ਦੁਕਾਨ ਕਰ ਲਈ। ਸਾਰਾ ਪਰਿਵਾਰ ਹਜਰੋ ਆ ਗਿਆ। ਆਪ ਦੀ ਬੰਦਗੀ ਦੀ ਖੁਸ਼ਬੂ ਅਤੇ ਗੁਰੂ ਜੋਤਿ ਦੀ ਸੋਝੀ ਕਈ ਭਜਨੀਕ ਪਰਮੇਸਰ ਪਿਆਰਿਆਂ ਨੂੰ ਹੋਣ ਲੱਗ ਪਈ ਸੀ। ਕੋਈ ਮਿਲਨ ਆਉਂਦਾ ਤਾਂ ਮੁਸਕਰਾ ਕੇ ਦਰਸ਼ਨ ਮੇਲਾ ਕਰਕੇ ਜਲ ਪਾਨੀ ਦੀ ਸੇਵਾ ਕਰ ਦੇਂਦੇ। ਰਮਜ ਦੇ ਭੇਤੀਆਂ ਨੂੰ ਵੀ ਪ੍ਰਗਟ ਕਰਨ ਦੀ ਮਨਾਹੀ ਹੋਂਦੀ ਸੀ।

ਪਿਤਾ ਦੀ ਆਗਿਆ ਨਾਲ ਆਪ ਨੇ ਸਰਾਫੀ ਦੀ ਦੁਕਾਨ ਖੋਲ੍ਹ ਲਈ। ਸਰਾਫੀ ਦੀ ਦੁਕਾਨ ਵਿਚ ਗਹਿਨੇ ਗਿਰਵੀ ਰੱਖ ਕੇ ਸਾਹੂਕਾਰਾ ਵੀ ਚੱਲਦਾ ਸੀ। ਆਪ ਜਦੋਂ ਕੋਈ ਕਰਜਾ ਮੋੜਨ ਆਉਂਦਾ ਤਾਂ ਮੂਲ ਧਨ ਰੱਖ ਕੇ ਵਿਆਜ ਮੋੜ ਦੇਂਦੇ। ਅਤੇ ਬਚਨ ਲੈਂਦੇ ਕੇ ਏਹ ਪੈਸੇ ਉਹ ਗ਼ਰੀਬ ਲੋੜਵੰਦਾਂ ਨੂੰ ਦੇਵੇਗਾ ਘਰ ਨਹੀਂ ਰੱਖੇਗਾ। ਪਿਤਾ ਨੂੰ ਬਚਪਨ ਤੋਂ ਦਾਨ ਬਿਰਤੀ ਦਾ ਭਰੋਸਾ ਸੀ ਅਤੇ ਉਹ ਦਸ਼ਮੇਸ਼ ਦਰਸ਼ਨਾਂ ਦੇ ਵੀ ਰਾਜ਼ਦਾਰ ਸਨ। ਜਵਾਨੀ ਵਿਚ ਆਪਦਾ ਵਿਆਹ (ਮਾਤਾ) ਤੋਤੀ ਜੀ ਨਾਲ ਹੋਇਆ।

Sri Satguru Jagjit Singh Ji eLibrary NamdhariElibrary@gmail.com



ਸ੍ਰੀ ਸਤਿਗੁਰੂ ਬਾਲਕ ਸਿੰਘ ਜੀ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ਸਾਈ ਜਵਾਹਰ ਮਲ ਨਾਲ ਮੇਲ

ਹਜਰੋ ਵਿਚ ਸਾਈਂ ਜਵਾਹਰ ਮਲ ਜੀ ਦਾ ਪੂਰਾ ਸਤਿਕਾਰ ਬਣਿਆ ਹੋਇਆ ਸੀ। ਸਾਈਂ ਜੀ ਆਹਲੂਵਾਲੀਆਂ ਦੇ ਰਤਨ ਸਨ ਤੇ ਰਾਵਲਪਿੰਡੀ ਦੇ ਨਿਵਾਸੀ ਸਨ। ਹਜਰੋ ਵਿਚ ਸ਼ਰਾਬ ਦੀ ਦੁਕਾਨ ਕਰਦੇ ਹੋਏ ਆਪਣੇ ਆਪ ਨੂੰ ਛੁਪਾ ਕੇ ਰੱਖਿਆ ਹੋਇਆ ਸੀ। ਗੁਰੂ ਜੀ ਨੂੰ ਲੋਕੀ, ਉਨ੍ਹਾਂ ਦੇ ਸੁਭਾਵ ਦੇ ਪਿਆਰ ਵਰਤਾਰੇ ਤੇ ਵਿਵਹਾਰ ਕਾਰਨ, ਭਾਈ ਜੀ ਕਹਿ ਕੇ ਸਤਿਕਾਰਦੇ ਸਨ। ਗੁਰੂ ਜੀ ਇਕ ਦਿਨ ਸਾਈਂ ਜੀ ਦੀ ਦੁਕਾਨ ਤੇ ਚਲੇ ਗਏ। ਸਾਈਂ ਜੀ ਹੈਰਾਨ ਹੋ ਗਏ ਕਿਹਾ—ਭਾਈ ਜੀ ਆਪ ਸੰਤ ਪੁਰਸ਼ ਸ਼ਰਾਬ ਦੀ ਦੁਕਾਨ ਤੇ ਕਿਉਂ ਆਏ ਹੋ ? ਗੁਰੂ ਜੀ ਨੇ ਕਿਹਾ ਅਸੀਂ ਤਾਂ ਉਹ ਮੈਅ ਨੂੰ ਦੇਖਣ ਆਏ ਹਾਂ ਜੇਹੜੀ ਇਸ ਦੁਕਾਨ ਦੇ ਪਰਦੇ ਵਿਚ ਛੁਪਾਈ ਹੋਈ ਹੈ।

ਸਾਹਿਬ ਨੂੰ ਸਹਿਯੋਗੀ ਮਿਲ ਗਿਆ ਸੀ ਤੇ ਸਤਿਸੰਗੀ ਨੂੰ ਸਾਹਿਬ ਮਿਲ ਗਿਆ ਸੀ। ਉਮਰ ਵਿਚ ਸਾਈਂ ਜੀ ਵੱਡੇ ਸਨ ਪਰ ਉਨ੍ਹਾਂ ਨੂੰ ਭਾਈ ਜੀ ਦੀ ਅਰਸ਼ਾ ਦੀ ਰਸਾਈ ਦਾ ਵੀ ਭੇਤ ਸੀ, ਪਰ ਏਹ ਨਹੀਂ ਸੀ ਪਤਾ ਕੇ ਅਰਸ਼ਾ ਦੇ ਮਾਲਕ ਹਨ। ਸਾਈਂ ਜੀ ਜਿਉਂ ਜਿਉਂ ਸਤਿਸੰਗ ਕਰਦੇ ਗਏ ਮੋਹਿਤ ਹੋਂਦੇ ਗਏ। ਇਕ ਦਿਨ ਮੁਰੀਦ ਬਣ ਕੇ ਨਾਮਦਾਨ ਮੰਗ ਕੇ ਨਿਹਾਦ ਹੋਏ। ਗੁਰੂ ਜੀ ਵਿਹਾਰਕਾਰ ਤਾਂ ਗੁਰਮੁਖ ਮਾਇਆ ਵਿਚ ਉਦਾਸੀ ਦੇ ਸਿਧਾਂਤ ਨਾਲ ਹੀ ਕਰ ਰਹੇ ਸਨ।

ਮੋਦੀ ਖਾਨਾ

ਇਤਿਹਾਸ ਨੇ ਆਪਣੇ ਆਪ ਨੂੰ ਦੋਹਰਾਇਆ। ਇਕ ਦਿਨ ਗੁਰੂ ਜੀ ਕੁਝ ਸਤਿਸੰਗੀਆਂ ਨਾਲ ਬੈਠੇ ਸਨ। ਇਕ ਸਿੱਖ ਨੇ ਆ ਕੇ ਅਰਜ ਕੀਤੀ ਕਿ ਕਿਲ੍ਹੇਦਾਰ ਬਾਂਕਾ ਰਾਓ ਨੇ ਬੁਲਾਇਆ ਹੈ। ਗੁਰੂ ਜੀ ਨੇ ਕਾਰਣ ਪੁੱਛਿਆ ਤਾਂ ਉਸ ਸਿੱਖ ਨੇ ਕਿਹਾ ਨਹੀਂ ਪਤਾ। ਗੁਰੂ ਜੀ ਨੇ ਕਿਹਾ—ਤੂੰ ਜਾ ਅਸੀਂ ਆ ਜਾਵਾਂਗੇ। ਸੇਵਕ ਨੇ ਉਨ੍ਹਾਂ ਦੇ ਆਉਣ 'ਤੇ ਕਿਲ੍ਹੇਦਾਰ ਨੂੰ ਖ਼ਬਰ ਕੀਤੀ। ਕਿਲ੍ਹੇਦਾਰ ਨੇ ਭਾਈ ਜੀ ਦੀ ਸੰਤ ਬਿਰਤੀ ਦੀ ਸਾਰੀ ਜਾਣਕਾਰੀ ਪਾ ਲਈ ਹੋਈ ਸੀ।

ਕਿਲ੍ਹੇਦਾਰ ਨੇ ਸਤਿਕਾਰ ਨਾਲ ਭਾਈ ਜੀ ਦੀ ਆਗਵਾਨੀ ਕੀਤੀ। ਗੁਰੂ ਜੀ ਨੇ ਕਿਲ੍ਹੇਦਾਰ ਨੂੰ ਬੁਲਾਉਣ ਦਾ ਸਬਬ ਪੁੱਛਿਆ। ਕਿਲ੍ਹੇਦਾਰ ਨੇ ਦੱਸਿਆ ਕਿ ਲਾਹੌਰ ਤੋਂ ਫੌਜਾਂ ਆਉਂਦੀਆਂ ਜਾਂਦੀਆਂ ਹਨ। ਇੰਤਜਾਮ ਲਈ ਮੋਦੀਖਾਨਾ ਮਜਬੂਤ ਚਾਹੀਦਾ ਹੈ। ਪਰ ਈਮਾਨਦਾਰ ਮੋਦੀ ਨਹੀਂ ਮਿਲਦਾ। ਆਪ ਤਾਂ ਸੁੱਚਾ ਵਿਹਾਰ ਕਰਦੇ ਹੋ। ਏਹ ਜਿੰਮੇਵਾਰੀ ਸੰਭਾਲ ਲਵੋ। ਗੁਰੂ ਬਾਬੇ ਦਾ ਮੋਦੀਖਾਨਾ ਯਾਦ ਕਰਕੇ ਆਪ ਹੱਸ ਪਏ ਤੇ ਏਹ ਸੇਵਾ ਸੰਭਾਲ ਲਈ। ਮੋਦੀਖਾਨੇ ਦਾ ਹਿਸਾਬ ਕਿਤਾਬ ਸਮਝ ਕੇ ਵਹੀਆਂ ਘਰ ਲੈ ਆਏ। ਪਿਤਾ ਨੇ ਸੁਣਿਆ ਤੇ ਕੇਵਲ ਏਨਾ ਹੀ ਕਿਹਾ—ਆਪ ਏਹ ਕੰਮ ਕਿਵੇਂ ਕਰੋਗੇ ? ਏਹ ਤਾਂ ਡਾਢਿਆਂ ਦੇ ਕਰਨ ਦਾ ਕੰਮ ਹੈ। ਆਪ ਨੇ ਕਿਹਾ, ਜਿਵੇਂ ਪਰਮੇਸਰ ਕਰਾਏਗਾ ਜਿੰਨਾ ਚਿਰ ਕਰਾਏਗਾ ਕਰੀ ਜਾਵਾਂਗੇ।

ਮੋਦੀਖਾਨੇ ਦੀ ਹੱਟੀ ਤੇ ਬੈਠ ਕੇ ਗੁਰੂ ਜੀ ਨੇ ਉਹੀ ਸੁਲਤਾਨਪੁਰ ਲੋਧੀ ਵਾਲਾ ਤਰੀਕਾ ਫੜ ਲਿਆ। ਇਕ ਦਿਨ ਸਾਈਂ ਜਵਾਹਰ ਜੀ ਵੀ ਬੈਠੇ ਹੋਏ ਸਨ। ਕੁਝ ਸਾਧੂ

Sri Satguru Jagjit Singh Ji eLibrary NamdhariElibrary@gmail.com

ਆਏ, ਸੀਧਾ ਮੰਗਿਆ। ਗੁਰੂ ਜੀ ਨੇ ਤੋਲ ਕੇ ਦੇ ਦਿੱਤਾ। ਸਾਧੂਆਂ ਨੇ ਗੁਰੂ ਜੀ ਦਾ ਨਾਮ ਪੁੱਛਿਆ ਤਾਂ ਸਾਈਂ ਜੀ ਨੇ ਕਿਹਾ—ਏਹ ਭਾਈ ਬਾਲਕ ਸਿੰਘ ਜੀ ਹਨ। ਨਾਮ ਸੁਣ ਕੇ ਸਾਧੂ ਹੈਰਾਨ ਹੋ ਗਏ ਤੇ ਕਹਿਣ ਲੱਗੇ—ਜਿਸ ਗੁਰੂ ਬਾਲਕ ਸਿੰਘ ਨੇ ਸੰਸਾਰ ਨੂੰ ਤਾਰਨਾ ਹੈ ? ਉਹ ਕੀ ਦੁਨੀਆਂ ਦੇ ਕੰਮਾਂ ਵਿਚ ਲੱਗਿਆ ਹੋਇਆ ਹੈ ? ਸਾਧੂ ਉਪਮਾ ਦੇ ਕਈ ਬਚਨ ਕਰਕੇ ਚਲੇ ਗਏ। ਸਮਾਂ ਬਦਲਣ ਵਾਲਾ ਸੀ।

ਇਕ ਦਿਨ ਇਕ ਸਾਹੂਕਾਰ ਨੇ ਕਿਲ੍ਹੇਦਾਰ ਨੂੰ ਕਿਹਾ ਭਾਈ ਜੀ, ਤੇਰਾ ਮੋਦੀ ਖਾਨਾ ਲੁਟਾਈ ਜਾ ਰਹੇ ਹਨ। ਘਾਟਾ ਪੈ ਗਿਆ ਤਾਂ ਸਰਕਾਰ ਨੂੰ ਕੀਹ ਜੁਆਬ ਦੇਵੇਂਗਾ ? ਇਕ ਵਾਰੀ ਹਿਸਾਬ ਜ਼ਰੂਰ ਕਰੋ। ਕਿਲ੍ਹੇਦਾਰ ਨੇ ਗੁਰੂ ਜੀ ਨੂੰ ਬੁਲਾ ਕੇ ਮੋਦੀਖਾਨੇ ਦਾ ਹਿਸਾਬ ਕਿਤਾਬ ਕੀਤਾ। ਹਿਸਾਬ ਕਰਕੇ ਗੁਰੂ ਜੀ ਦੀ ਕੁਝ ਰਕਮ ਕਿਲ੍ਹੇਦਾਰ ਤੋਂ ਲੈਣੀ ਨਿਕਲੀ। ਆਪ ਨੇ ਉੱਥੇ ਹੀ ਕਹਿ ਦਿੱਤਾ ਕਿ ਸਾਨੂੰ ਛੁੱਟੀ ਦੇਵੋ। ਤੁਸੀਂ ਚੁਗ਼ਲੀਦਾਰਾਂ ਦੇ ਮਗਰ ਲੱਗੇ ਹੋ। ਚਾਬੀ ਤੇ ਵਹੀਆਂ ਉਸਦੇ ਹਵਾਲੇ ਕਰਕੇ ਬਾਕੀ ਰਕਮ ਲੈ ਸਈ। ਘਰ ਪਹੁੰਚਣ ਤੋਂ ਪਹਿਲਾਂ ਹੀ ਸਾਰੀ ਰਕਮ ਗ਼ਰੀਬਾਂ ਨੂੰ ਵੰਡ ਦਿੱਤੀ।

ਹੱਟੀ ਲੁਟਾਣੀ

ਆਪ ਨੇ ਫੇਰ ਭਾਈ ਨਾਲ ਹੱਟੀ ਤੇ ਬੈਠਣਾ ਸ਼ੁਰੂ ਕਰ ਦਿੱਤਾ। ਸਾਈਂ ਜਵਾਹਰ ਮੱਲ ਜੀ ਨੂੰ ਆਗਾਮੀ ਕੌਤੁਕਾਂ ਦਾ ਆਭਾਸ ਹੋ ਰਿਹਾ ਸੀ। ਗੁਰੂ ਜੀ ਦੋ ਪਹਿਰ ਦੁਕਾਨ 'ਤੇ ਬੈਠਦੇ ਤੇ ਫੇਰ ਬਾਗੀਚੀ ਵਿਚ ਜਾ ਕੇ ਸਮਾਧੀ ਲਗਾ ਲੈਂਦੇ। ਦੁਕਾਨ ਤੋਂ ਜਾਣ ਲੱਗਿਆਂ ਹੱਟੀ ਤੋਂ ਰੁਪਈਏ ਲੈਣੇ ਤੇ ਗ਼ਰੀਬਾਂ ਨੂੰ ਵੰਡਦੇ ਜਾਣਾ। ਸਾਈਂ ਜੀ ਨੇ ਆਪਣੇ ਆਦਮੀ ਮਗਰ ਲਾ ਦਿੱਤੇ। ਗੁਰੂ ਜੀ ਰੁਪੈ ਵੰਡਦੇ ਤਾਂ ਸਾਈਂ ਜੀ ਦੇ ਸੇਵਕ ਇਕ ਰੁਪਿਆ ਛੱਡ ਕੇ ਬਾਕੀ ਸਿੱਕੇ ਲੈ ਲੈਂਦੇ ਸਨ। ਉਸ ਸਮੇਂ 10 ਰੁਪੈ ਤੋਲਾ ਸੋਨਾ ਸੀ। ਸਿਪਾਹੀ ਦੀ ਤਨਖ਼ਾਹ 7-8 ਰੁਪੈ ਮਹੀਨਾ ਹੋਂਦੀ ਸੀ। ਇਕ ਦਿਨ ਸਾਈਂ ਜੀ ਨੇ ਮੋਟੀ ਰਕਮ ਇਕੱਠਈ ਕਰਕੇ ਗੁਰੂ ਜੀ ਅੱਗੇ ਰੱਖੀ। ਗੁਰੂ ਜੀ ਰੰਗ ਵਿਚ ਹੋ ਗਏ ਕਿਹਾ—ਸਾਈਂ ਜੀ ਜੇ ਸਾਡੇ ਤੇ ਭਰੋਸਾ ਜੇ ਤਾਂ ਏਹ ਰਕਮ ਲੋੜਵੰਦਾਂ ਨੂੰ ਵੰਡ ਦੇਣੀ। ਅਸਾਂ ਨਹੀਂ ਰੱਖਣੀ। ਸਾਈਂ ਜੀ ਨੇ ਸਤਿ ਬਚਨ ਕੀਤਾ।

ਗੁਰੂ ਜੀ ਹੱਟੀ ਤੇ ਬੈਠ ਕੇ ਨਿਜ ਸਰੂਪ ਨਾਲ ਜੁੜੇ ਹੋਏ ਸਨ। ਫੁਰਨਾ ਹੋਇਆ ਵੇਹਲੇ ਹੋਈਏ। ਆਪ ਨੇ ਉੱਚੀ ਸਾਰੀ ਹੌਕਾ ਦਿੱਤਾ—ਆਓ ਭਾਈ! ਜਿਸ ਨੇ ਜੋ ਲੈਣਾ ਹੈ ਲੈ ਲਵੋ। ਮਾਂਗਤਾਂ ਨੂੰ ਮੰਗ ਅਨੁਸਾਰ ਦਾਨ ਦੇਣ ਲੱਗ ਪਏ। ਭਾਈ ਮੰਨਾ ਸਿੰਘ ਭੱਜ ਕੇ ਗਿਆ ਸਾਈਂ ਸਾਹਿਬ ਨੂੰ ਬੁਲਾ ਲਿਆਇਆ, ਅਰਜ ਕੀਤੀ—ਹੱਟੀ ਬਚਾ ਦਿਓ। ਸਾਈਂ ਜੀ ਝੋਲੀ ਅੱਡ ਕੇ ਖਲੋ ਗਏ। ਗੁਰੂ ਜੀ ਪੁੱਛਿਆ—ਕੀਹ ਮੰਗਦੇ ਹੋ ? ਸਾਈਂ ਜੀ ਨੇ ਕਿਹਾ—ਆਪ ਦਾਨ ਪੁੰਨ ਕਰ ਰਹੇ ਹੋ। ਬਾਕੀ ਦੀ ਸਾਰੀ ਹੱਟੀ ਮੈਨੂੰ ਹੀ ਦਾਨ ਕਰ ਦਿਓ। ਗੁਰੂ ਜੀ ਨੇ ਹੱਸ ਕੇ ਕਿਹਾ ਸੰਭਾਲੋ—ਮੇਹਰ ਕੀਤੀ ਜੇ ਛੇਤੀ ਵੇਹਲਾ ਕਰ ਦਿੱਤਾ ਜੇ। ਦੁਕਾਨ ਤੋਂ ਉੱਠ ਕੇ ਬਾਹਰ ਹੋ ਗਏ ਤੇ ਮੁੜ ਕੇ ਹੱਟੀ ਤੇ ਨਾ ਬੈਠੇ। ਸਾਈਂ ਜੀ ਨੇ ਮੰਨਾ ਸਿੰਘ ਨੂੰ ਕਿਹਾ—ਸਾਂਭ ਲੈ ਭਾਈ ਆਪਣੀ ਹੱਟੀ।

Sri Satguru Jagjit Singh Ji eLibrary NamdhariElibrary@gmail.com

ਅਕਾਲਪੁਰਖੀ ਹੁਕਮ

ਇਕ ਦਿਨ ਆਪ ਬਗੀਚੀ ਵਿਚ ਏਕਾਂਤ ਭਜਨ ਕਰ ਰਹੇ ਸਨ। ਇਹ ਮਹਾਂ ਭਿਆਨਕ ਸਰਪ ਫਨ ਖਲਾਰ ਕੇ ਆਪਦੇ ਸਾਹਮਣੇ ਖਲੋ ਗਿਆ। ਫੇਰ ਉਸਦਾ ਸਿਰ ਮਨੁੱਖ ਦਾ ਹੋ ਗਿਆ ਪਰ ਧੜ ਸਰਪ ਦਾ ਹੀ ਰਿਹਾ। ਗੁਰੂ ਜੀ ਨੇ ਨਮਸਕਾਰ ਕਰਕੇ ਅਰਜ ਕੀਤੀ—ਪ੍ਰਭੂ ਜੀ ਐਸੇ ਚੋਜ਼ ਕਰਕੇ ਕਿਉਂ ਡਰਾਂਦੇ ਹੋ ? ਆਪ ਆਪਣੇ ਸਾਕਸ਼ਾਤ ਦਰਸ਼ਨ ਦਿਓ। ਬੇਨਤੀ ਪ੍ਰਵਾਨ ਹੋਈ ਚਤੁਰਭੁਜ ਦਰਸ਼ਨਾਂ ਦਾ ਪ੍ਰਕਾਸ਼ ਫੈਲ ਗਿਆ। ਚਤੁਰਭੁਜ ਭਗਵਾਨ ਦੇ ਸਰੂਪ ਵਿਚੋਂ ਇਕ ਜੋਤਿ ਪ੍ਰਗਟ ਹੋਈ ਤੇ ਅਵਾਕ ਦਰਸ਼ਨ ਕਰ ਰਹੇ ਗੁਰੂ ਬਾਲਕ ਸਿੰਘ ਦੇ ਅੰਦਰ ਪ੍ਰਵੇਸ਼ ਕਰ ਗਈ। ਬਚਨ ਹੋਇਆ—ਨਿਜ ਰੂਪ ਇਹ ਜੋਤਿ ਹੀ ਹੈ। ਆਪ ਅਕਾਲ ਪੁਰਖ ਨਾਲ ਮਾਨਸ ਰੂਪ ਵਿਚ ਅਭੇਦ ਹੋ ਗਏ। ਹੁਕਮ ਹੋਇਆ ਹੁਣ ਉਹ ਵਿਹਾਰ ਕਰੋ ਜਿਸ ਦੇ ਲਈ ਆਪਦਾ ਅਵਤਾਰ ਹੋਇਆ ਹੈ। ਨਾਮ ਦਾਨ ਤੇ ਗੁਰ ਮਰਯਾਦਾ ਦੀ ਦੀਖਿਆ ਦੇ ਕੇ ਸੰਸਾਰ ਦੇ ਜੀਆਂ ਨੂੰ ਭਵ-ਸਾਗਰ ਤੋਂ ਪਾਰ ਕਰੋ। ਆਪਣੇ ਆਸਣ ਨੂੰ ਸਵੀਕਾਰ ਕਰੋ। ਅਜੇਹੇ ਵਿਸਮਾਦੀ ਬਚਨ ਕਰਕੇ ਚਤੁਰਭੁਜ ਮੂਰਤ ਆਪ ਵਿਚ ਹੀ ਸਮਾ ਗਈ।

ਸਤਿਸੰਗ ਮੇਲੇ—ਗੁਰੂ ਡੇਰਾ

ਉਸ ਦਿਨ ਸ਼ਾਮ ਨੂੰ ਆਪ ਨੇ ਸਤਿਸੰਗੀਆਂ ਨੂੰ ਬੜੇ ਵਿਸਮਾਦੀ ਢੰਗ ਨਾਲ ਬਚਨ ਕੀਤੇ। ਆਪ ਨੇ ਹੁਕਮ ਕੀਤਾ ਭਾਈ ਗੁਰੂ ਨਾਨਕ ਦਾ ਨਾਮ ਮੰਤਰ ਹੀ ਕਲਜੁਗ ਵਿਚ ਪਰਵਾਨ ਹੈ। ਕਲਜੁਗ ਵਿਚ ਹੋਰ ਕਰਮਕਾਂਡ ਭਵਸਾਗਰ ਤੋਂ ਪਾਰ ਨਹੀਂ ਕਰ ਸਕਦੇ। ਕੇਵਲ ਨਾਮ ਹੀ ਨਾਮੀ ਦੀ ਪੁਰੀ ਵਿਚ ਲੈ ਜਾ ਸਕਦਾ ਹੈ। ਉਸ ਦਿਨ ਪੰਜ ਪ੍ਰੇਮੀਆਂ ਨੇ ਗੁਰੂ ਜੀ ਤੋਂ ਨਾਮਦਾਨ ਲਿਆ। ਗੁਰੂ ਜੀ ਨੇ ਸਦਾਚਾਰੀ ਜੀਵਨ ਦੀ ਮਰਯਾਦਾ ਦੱਸੀ—

1. ਸਵਾਸ ਸਵਾਸ ਏਹ ਨਾਮ ਜਪਣਾ ਰਸਨਾ ਨਾਲ, ਉੱਚੀ ਨਹੀਂ।
2. ਅੰਨ ਪਾਣੀ ਛਕਣ ਤੋਂ ਪਹਿਲਾਂ ਇਸ਼ਨਾਨ ਕਰਨਾ।
3. ਕਿਸੇ ਦੇ ਘਰ ਦੀ ਰੋਟੀ ਜਾਂ ਹੋਰ ਚੀਜ਼ ਯੱਗ ਭੰਡਾਰੇ ਵਿਚੋਂ ਵੀ ਨਹੀਂ ਖਾਣੀ। ਆਪਣੇ ਗੁਰਭਾਈਆਂ ਘਰੋਂ ਛੱਕ ਲੈਣਾ।
4. ਹਰ ਮਹੀਨੇ ਸਵਾ ਰੁਪੈ ਦਾ ਪ੍ਰਸਾਦਿ ਗੁਰੂ ਦੇ ਨਾਮ 'ਤੇ ਵੰਡੋ।
5. ਗੁਰਬਾਣੀ ਤੇ ਪ੍ਰਤੀਤ ਰੱਖਣੀ। ਬਾਣੀ ਪਾਠ ਨਿਤ ਨੇਮ ਨਾਲ ਕਰਨਾ।
6. ਬੇਗਾਨੀ ਇਸਤਰੀਆਂ ਵੱਲ ਮਾੜੀ ਨਜ਼ਰ ਵੀ ਪਾਪ ਹੈ। ਵੱਡੀ ਨੂੰ ਮਾਂ, ਛੋਟੀ ਨੂੰ ਧੀ ਭੈਣ ਸਮਝਣਾ।
7. ਧਰਮ ਦੀ ਕਿਰਤ ਕਰਨੀ ਵੰਡ ਛੱਕਣਾ। ਗ਼ਰੀਬ ਦਾ ਮੂੰਹ ਗੁਰੂ ਦੀ ਗੋਲਕ ਸਮਝ ਕੇ ਦਸਵੰਧ ਖ਼ਰਚਨਾ। ਭਿੱਖ ਨਹੀਂ ਮੰਗਣੀ।
8. ਪਰਾਇਆ ਧਨ-ਤਨ-ਵਸਤ ਛੁਪਾ ਕੇ ਜਾਂ ਭੁੱਲ ਕੇ ਨਹੀਂ ਵਰਤਣਾ।
9. ਝੂਠ ਨਹੀਂ ਬੋਲਣਾ। ਗੁਰੂ ਪਰਮੇਸ਼ਰ ਦਾ ਖੌਫ਼ ਰੱਖਣਾ।
10. ਮਾਸ-ਸ਼ਰਾਬ-ਮੱਛੀ-ਤੰਬਾਕੂ ਆਦਿਕ ਤੋਂ ਸਦਾ ਦੂਰ ਰਹਿਣਾ।

Sri Satguru Jagjit Singh Ji eLibrary NamdhariElibrary@gmail.com

11. ਧੀਆਂ-ਪੁੱਤਾਂ ਦੇ ਵਿਆਹ ਸਾਦਗੀ ਨਾਲ ਕਰੋ। ਨਾ ਦਹੇਜ ਦਿਓ, ਨਾ ਮੰਗੋ ਅਤੇ ਨਾ ਹੀ ਲੜਕੇ ਵਾਲਿਆਂ ਤੋਂ ਕੁਝ ਲਵੋ।

12. ਸਿਰ ਤੇ ਦਸਤਾਰ ਸਦਾ ਰੱਖਣੀ।

13. ਧਰਮਸ਼ਾਲਾ ਦੇ ਲੰਗਰ ਪ੍ਰਸਾਦਿ ਵੱਲ ਮੂੰਹ ਵੀ ਨਹੀਂ ਕਰਨਾ ਅਤੇ ਪਿੱਠ ਵੀ ਨਹੀਂ ਕਰਨੀ।

ਇਸ ਤਰ੍ਹਾਂ ਦੀ ਗੁਰ ਮਰਯਾਦਾ ਪੁਨਰ ਜੀਵਤ ਕਰਕੇ ਗੁਰੂ ਜੀ ਨੇ ਸਿੱਖੀ ਬਾਗ ਦੀ ਰਾਖੀ ਸ਼ੁਰੂ ਕਰ ਦਿੱਤੀ। ਨਾਮ ਦਾਨ ਲੈਣ ਵਾਲਿਆਂ ਦੀ ਗਿਣਤੀ ਦਿਨ-ਬ-ਦਿਨ ਵੱਧਦੀ ਗਈ। ਨਗਰ ਵਿਚ ਤਾਂ ਪਰੋਪਕਾਰੀ ਦਾਨੀ ਰੂਪ ਵਿਚ ਖੁਸ਼ਬੂ ਫੈਲੀ ਹੋਈ ਸੀ। ਹੁਣ ਗੁਰੂ ਜੀ ਦੀ ਸੋਭਾ ਅਟਕ ਪੱਛਮ ਵਿਚ ਅਟਕ ਪਾਰ ਪੁੱਜ ਗਈ। ਪੂਰਬ ਵਿਚ ਗੁਰੂ ਜੀ ਦੀ ਸੋਭਾ ਸਤਿਲੁਜ ਤੱਕ ਤਾਂ ਜਰੂਰ ਪ੍ਰਮਾਣਿਤ ਹੋਂਦੀ ਹੈ।

ਗੁਰੂ ਜੀ ਨੇ ਭਾਈ ਮੁਖਾ ਨਾਮੀ ਸੁਨਿਆਰੇ ਸਿੱਖ ਦੀ ਬਗੀਚੀ ਵਿਚ ਏਕਾਂਤ ਸੇਵਨ ਆਰੰਭਿਆ ਸੀ। ਸਾਈਂ ਜਵਾਹਰ ਮਲ ਜੀ ਤੇ ਕਈ ਹੋਰ ਵੀ ਆ ਕੇ ਦਰਸ਼ਨ ਕਰਨ ਲੱਗ ਪਏ ਸਨ। ਸੰਗਤ ਵਧਣ ਨਾਲ ਆਪਣੇ ਗੁਰੂ ਸਾਖੀਆਂ ਕਰ ਲੈਣੀਆਂ। ਸੰਗਤ ਦੀ ਇਕੱਤਰਤਾ ਵਧਦੀ ਜਾ ਰਹੀ ਸੀ। ਸ਼ਰਧਾਲੂ ਸੰਗਤਾਂ ਨੇ ਭਾਈ ਮੁਖਾਂ ਨਾਲ ਵਿਚਾਰ ਕਰਕੇ ਬਗੀਚੀ ਵਿਚ ਬਾਰਾਦਰੀ ਬਨਾਣ ਤੇ ਖੂਹੀ ਲਗੋਣ ਦੀ ਆਗਿਆ ਮੰਗੀ। ਗੁਰੂ ਜੀ ਨੇ ਕਿਹਾ—ਦੋ ਘੜੀਆਂ ਸਤਿਸੰਗ ਕਰਨਾ ਹੈ ਜਿੱਥੇ ਬੈਠੇ ਰਲ਼ ਕੇ ਕਰ ਲਿਆ। ਸੰਗਤਾਂ ਦੀ ਬਾਰ-ਬਾਰ ਦੀ ਬੇਨਤੀ ਮੰਜੂਰ ਹੋਈ। ਇਕ ਸੁੰਦਰ ਬਾਰਾਦਰੀ ਤਿਆਰ ਹੋ ਗਈ। ਬਗੀਚੀ ਵਿਚ ਇਕ ਖੂਹੀ ਵੀ ਲਗਾਈ ਗਈ। ਏਸ ਤਰ੍ਹਾਂ ਹਜਰੋ ਦਾ ਗੁਰੂ ਡੇਰਾ ਤਿਆਰ ਹੋ ਗਿਆ।

ਵੱਡੀ ਧਰਮਸ਼ਾਲਾ ਵਿਚ ਕਥਾ ਸਤਿਸੰਗ

ਨਗਰ ਦੇ ਸਾਰੇ ਗੁਰੂ ਸੇਵੀ ਬਗੀਚੀ ਦੇ ਸਤਿਸੰਗ ਵਿਚ ਜੀਵਨ ਸਫਲ ਕਰਦੇ ਸਨ। ਸੰਗਤਾਂ ਨੇ ਗੁਰੂ ਜੀ ਨੂੰ ਹਰ ਰੋਜ ਸਵੇਰੇ ਵੱਡੀ ਧਰਮਸ਼ਾਲਾ ਵਿਚ ਦਰਸ਼ਨ ਦੇਣ ਅਤੇ ਗੁਰਬਾਣੀ ਕਥਾ ਕਰਨ ਦੀ ਅਰਜ ਕੀਤੀ। ਗੁਰੂ ਜੀ ਜਗਤ ਭਲੇ ਲਈ ਏਹ ਅਰਜ ਮੰਜੂਰ ਕੀਤੀ। ਗੁਰੂ ਜੀ ਜਦੋਂ ਧਰਮਸ਼ਾਲਾ ਵੱਲ ਚਲੇ ਤਾਂ ਸੰਗਤਾਂ ਨੇ ਰਾਹਾਂ ਵਿਚ ਚਿੱਟੀਆਂ ਚਾਦਰਾਂ ਵਿਛਾ ਕੇ ਖੁਸ਼ੀਆਂ ਲਈਆਂ। ਗੁਰੂ ਜੀ ਮੌਜ ਵਿਚ ਸ਼ਬਦ ਗਾ ਰਹੇ ਸਨ ਤੇ ਮਗਰ ਸੰਗਤ ਗਾ ਰਹੀ ਸੀ—

ਹਉ ਵੰਞਾ ਕੁਰਬਾਣੁ ਸਾਈਂ ਆਪਣੇ॥
ਹੋਵੈ ਅਨਦੁ ਘਣਾ ਮਨਿ ਤਨਿ ਜਾਪਣੇ॥ (-397)

ਉਸ ਸਮੇਂ ਸ਼ਾਮ ਦੇਵ ਲੋਕ ਤੇ ਸੰਤ ਸਾਧ ਲੋਕ ਧਰਤੀ ਤੇ ਉਤਰ ਆਇਆ ਸੀ। ਵਿਚਕਾਰ ਮਾਨਸ ਰੂਪ ਆਕਾਸ਼ਾ ਦੇ ਸੁਆਮੀ ਵਿਚਰਦੇ ਜਾ ਰਹੇ ਸਨ। ਧਰਮਸ਼ਾਲਾ ਜਾ ਕੇ ਗੁਰੂ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਕੇ ਆਪਣੀ ਮਧੁਰ ਮੋਹਨੀ ਬਾਣੀ ਨਾਲ ਪਾਠ ਸੁਣਾ ਕੇ ਸੰਗਤਾਂ ਨੂੰ ਗੁਰੂ ਸ਼ਬਦ ਨਾਲ ਜੋੜ ਕੇ ਫੇਰ ਅਰਥ ਸੁਣਾ ਕੇ ਬੋਧ ਕਰਵਾਇਆ। ਨਮਸਕਾਰ ਕਰਨ ਵਾਲੇ ਤਾਬਿਆ ਬੈਠਿਆਂ ਨੂੰ ਹੀ ਮੱਥਾ ਟੇਕ ਰਹੇ ਸਨ।

Sri Satguru Jagjit Singh Ji eLibrary NamdhariElibrary@gmail.com

ਤਾਬਿਆ ਵਾਲੇ ਪਾਸੇ ਮੱਥਾ ਟੇਕਣ ਦੀ ਰੀਤ ਸ਼ਾਇਦ ਹਜਰੋ ਤੋਂ ਆਰੰਭ ਹੋਈ ਸੀ। ਰਾਹ ਤੇ ਚਾਦਰਾਂ ਵਿਛਾ ਕੇ ਗੁਰੂ ਜੀ ਨੂੰ ਉਨ੍ਹਾਂ ਦੇ ਘਰ ਪੁਚਾਇਆ ਗਿਆ। ਗੁਰੂ ਜੀ ਨੇ ਆਈ ਸੰਗਤ ਨੂੰ ਪ੍ਰਸ਼ਾਦ ਦੇ ਕੇ ਨਿਹਾਲ ਕੀਤਾ।

ਹੁਣ ਸਵੇਰੇ ਧਰਮਸ਼ਾਲਾ ਵਿਚ ਕਥਾ ਹੋਂਦੀ ਅਤੇ ਸ਼ਾਮ ਨੂੰ ਬਾਗੀਚੀ ਵਿਚ ਸਤਿਸੰਗ ਦਾ ਪੱਕਾ ਨੇਮ ਬਣ ਗਿਆ। ਗੁਰੂ ਜੀ ਸਿੱਖਾਂ ਨੂੰ ਨਾਮਦਾਨ ਤਿੰਨ ਤਰੀਕੇ ਨਾਲ ਕਰਦੇ ਸਨ—1. ਸੰਗਤ ਵਿਚ ਕੰਨਾਂ ਵਿਚ ਗੁਪਤ ਭਜਨ ਦਿੱਤਾ ਜਾਂਦਾ। 2. ਜੇਹੜੇ ਬਾਹਰ ਏਕਾਂਤ ਵਿਚ ਪੁੱਛਦੇ ਉਨ੍ਹਾਂ ਨੂੰ ਇਕੱਠੇ ਹੀ ਦੇ ਦੇਂਦੇ। 3. ਮੁਸਲਮਾਨਾਂ ਨੂੰ ਗੁਰੂ ਜੀ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਏਕਾਂਤ ਵਿਚ ਖ਼ੁਦਾ ਨੂੰ ਯਾਦ ਕਰਨ ਲਈ ਕਹਿੰਦੇ। ਆਕਾਸ਼ਬਾਣੀ ਦੁਆਰਾ ਚੌ ਅੱਖਰਾ ਵਾਹਿਗੁਰੂ ਨਾਮ ਦਾ ਦਾਨ ਦੇ ਦਿੱਤਾ ਜਾਂਦਾ। ਉਨ੍ਹਾ ਦਿਨਾਂ ਵਿਚ ਤੇ ਅੱਜਕਲ੍ਹ ਵੀ ਗੁਰੂ ਪਰਿਵਾਰਾਂ ਨੇ ਪੂਜਾ ਭੇਟ, ਦਸਵੰਧ ਲੈਣ ਲਈ ਇਲਾਕੇ ਵੰਡੇ ਹੋਏ ਹਨ। ਹਜਰੋ ਵੱਲ ਬੇਦੀ ਤੇ ਸੋਢੀ ਭੇਟ ਲੈਣ ਆਉਂਦੇ ਸਨ।

ਬਾਬਾ ਹੁਕਮ ਸਿੰਘ ਸੋਢੀ ਨੇ ਹਜਰੋ ਵਿਚ ਆਪਣੀ ਸੰਗਤ ਕਿਰਦੀ ਸੁਣੀ। ਉਹ ਗੋਸ਼ਟੀ ਕਰਨ ਲਈ ਇਕ ਗਿਆਨੀ ਸੇਵਕ ਲੈ ਕੇ ਧਰਮ ਸ਼ਾਲਾ ਪੁੱਜਿਆ। ਉਸ ਦਿਨ ਕਥਾ ਲਈ ਜੋ ਸ਼ਬਦ ਪ੍ਰਤੱਖ ਹੋਇਆ—ਉਸਦੀ ਕਥਾ ਕਰਨ ਲਈ ਗੁਰੂ ਜੀ ਨੇ ਗਿਆਨੀ ਜੀ ਨੂੰ ਕਿਹਾ—

ਗੁਰੁ ਪੀਰੁ ਸਦਾਏ ਮੰਗਣ ਜਾਇ॥
ਤਾਂਕੈ ਮੂਲਿ ਨਾ ਲਗੀਐ ਪਾਇ॥ (1245)

ਗਿਆਨੀ ਜੀ ਥਿੜਕ ਗਏ ਆਪਣੇ ਅੰਨਦਾਤਾ ਨੂੰ ਕਿਵੇਂ ਬੇਨਕਾਬ ਕਰਦੇ। ਸੰਗਤ ਨੇ ਅਰਜ ਕਰਕੇ ਗੁਰੂ ਜੀ ਤੋਂ ਕਥਾ ਸ੍ਰਵਣ ਕੀਤੀ। ਸੋਢੀ ਤੇ ਗਿਆਨੀ ਦਾ ਹੰਕਾਰ ਟੁੱਟਿਆ। ਗੁਰੂ ਜੀ ਨੇ ਸੋਢੀ ਬਾਬੇ ਨੂੰ ਕਿਹਾ ਕਿ ਤੁਹਾਡੀ ਕੁੱਲ ਵਿਚ ਸੱਤ ਗੁਰੂਆਂ ਨੇ ਅਵਤਾਰ ਲਏ ਹਨ। ਚੰਗੀ ਕੁੱਲ ਤੇ ਧਨੀ ਹੋਣ ਦਾ ਹੰਕਾਰ ਤਿਆਗ ਕੇ ਨਾਮ-ਬਾਣੀ-ਸੇਵਾ ਦਾ ਪੱਲਾ ਫੜੋ। ਤਾਂ ਤੁਹਾਡਾ ਤੇ ਤੁਹਾਨੂੰ ਦਾਨ ਦੇਣ ਵਾਲਿਆਂ ਦਾ ਕਲਿਆਣ ਹੋਵੇਗਾ। ਗੁਰੂਕੁਲ ਵਿਚ ਜਨਮ ਲੈਣ ਵਾਲੇ ਪ੍ਰਿਥੀਚੰਦ ਤੇ ਧੀਰਮਲ ਵੀ ਹੋਏ ਹਨ।

ਬਾਬਾ ਭੋਜ ਸਿੰਘ ਬੇਦੀ—ਆਪਣੀ ਸੰਗਤਾਂ ਤੋਂ ਪੂਜਾ ਭੇਟ ਲੈਣ ਹਜਰੋ ਆਏ ਤਾਂ ਸਤਿਗੁਰੂ ਬਾਲਕ ਸਿੰਘ ਜੀ ਦੀ ਸੋਭਾ ਸੁਣੀ। ਸੇਵਕਾਂ ਦੱਸਿਆ ਕਿ ਜੇਹੜਾ ਕੰਨ ਵਿਚ ਨਾਮ ਲੈਂਦਾ ਹੈ ਮਸਤ ਹੋ ਜਾਂਦਾ ਹੈ। ਸਵੇਰੇ ਧਰਮਸ਼ਾਲਾ ਬੇਦੀ ਬਾਬੇ ਨੇ ਗੁਰੂ ਜੀ ਅੱਗੇ ਸਵਾਲ ਕੀਤੇ। ਗੁਰੂ ਜੀ ਕਿਹਾ ਗੁਰੂ ਅੰਗਦ ਦੇਵ ਜੀ ਗੁਰੂ ਸਾਖੀਆਂ ਸੁਣ ਕੇ ਬਿਦੇਰ ਹੋ ਜਾਂਦੇ ਸਨ। ਗੁਰੂ ਕਾ ਨਾਮ ਲੈਣ ਵਾਲਿਆਂ ਦੇ ਪੂਰਬਲੇ ਸੰਸਕਾਰ ਜਾਗਦੇ ਹਨ ਤਾਂ ਮਸਤ ਹੋ ਜਾਂਦੇ ਹਨ। ਕੰਨ ਵਿਚ ਚੌ ਅੱਖਰਾ ਵਾਹਿਗੁਰੂ ਨਾਮ ਹੀ ਦਿੱਤਾ ਜਾਂਦਾ ਹੈ। ਗੁਪਤ ਜਪਣ ਦਾ ਹੁਕਮ ਕੀਤਾ ਜਾਂਦਾ ਹੈ। ਧਰਤੀ ਵਿਚ ਦਬਿਆ ਬੀਜ ਹੀ ਉੱਗਦਾ ਹੈ। ਬਾਹਿਰ ਪਿਆ ਚਿੜੀਆਂ ਚੁਗ ਜਾਂਦੀਆਂ ਹਨ ਜਾਂ ਕੀੜੇ ਖਾ ਜਾਂਦੇ ਹਨ। ਤੁਸੀਂ ਕਲਾਮ ਕਹਿ ਕੇ ਕੀ ਕਰ ਰਹੇ ਹੋ ਆਪ ਹੀ ਸਮਝੋ। ਬੇਦੀ ਜੀ ਨੇ ਪੁੱਛਿਆ—ਬਾਣੀ ਵੱਡੀ

Sri Satguru Jagjit Singh Ji eLibrary NamdhariElibrary@gmail.com

ਹੈ ਕੇ ਨਾਮ ? ਗੁਰੂ ਜੀ ਕਿਹਾ ਸਾਰੀ ਬਾਣੀ ਨਾਮ ਤੇ ਨਾਮ ਜਪਣ ਵਾਲਿਆਂ ਦੀ ਉਪਮਾ ਕਰਦੀ ਹੈ। ਤੁਸੀਂ ਨਤੀਜਾ ਕੱਢੋ ਉਪਮਾ ਕਰਨ ਵਾਲਾ ਵੱਡਾ ਹੈ ਕਿ ਜਿਸ ਦੀ ਉਪਮਾ ਹੋ ਰਹੀ ਹੈ ? ਬੇਦੀ ਜੀ ਦੇ ਕਈ ਸੇਵਕਾਂ ਨੇ ਉੱਥੇ ਹੀ ਨਾਮ ਦਾਨ ਲੈ ਲਿਆ।

ਸਈ ਦਾਨੀ ਦਾ ਸਿਦਕ

ਪਰਮੇਸ਼ਰ ਆਪਣੇ ਸਰਗੁਣ ਰੂਪ ਸਾਧਾਂ ਫਕੀਰਾਂ ਦੀ ਉਪਮਾ ਉਜਾਗਰ ਕਰਨ ਲਈ ਕੌਤਕ ਕਰ ਦੇਂਦਾ ਹੈ। ਹਜਰੋ ਦੀ ਮਲਯਾਰ ਜਾਤ ਦੀ ਇਕ ਮੁਸਲਮਾਨ ਇਸਤਰੀ ਦੀ ਮੌਤ ਹੋ ਗਈ। ਮਰ ਕੇ ਦਰਗਾਹ ਵਿਚ ਪੁੱਜੀ ਤਾਂ ਆਵਾਜ਼ਾਂ ਆਈਆਂ—ਹਜਰੋ ਵਿਚ ਬਾਬਾ ਬਾਲਕ ਸਿੰਘ ਪੂਰਨ ਨੂਰੀ ਮੁਰਸ਼ਿਦ ਹਨ। ਜਿਸ ਉੱਤੇ ਮੇਹਰ ਦੀ ਨਜ਼ਰ ਪਾਉਂਦੇ ਹਨ, ਉਹ ਮੁਕਤ ਹੋ ਜਾਂਦਾ ਹੈ।

ਉਸ ਇਸਤਰੀ ਦਾ ਲੇਖਾ ਹੋਣ ਲੱਗਾ ਤਾਂ ਧਰਮ ਰਾਜ ਨੇ ਦੂਤਾਂ ਨੂੰ ਕਿਹਾ ਇਸ ਨਾਮ ਦੀ ਦੂਸਰੀ ਬੁੱਡੀ ਦੀ ਵਾਰੀ ਸੀ, ਇਸ ਨੂੰ ਕਿਉਂ ਲਿਆਏ ਹੋ ? ਜਾਉ ਏਸ ਨੂੰ ਮਾਤਲੋਕ ਛੱਡ ਆਓ। ਇਸ ਦੀ ਉਮਰ ਬਾਕੀ ਹੈ ਤੇ ਦੂਸਰੀ ਨੂੰ ਲੈ ਆਓ। ਏਹ ਬੁੱਡੀ ਫੇਰ ਜੀਵਤ ਹੋ ਗਈ। ਘਰ ਵਿਚ ਮਾਤਮ ਦੀ ਥਾਂ ਖੁਸ਼ੀ ਹੋ ਗਈ। ਏਹ ਖੁਦਾਈ ਕਰਿਸ਼ਮਾ ਸੀ। ਦੂਜੀ ਬੁੱਡੀ ਮਰ ਗਈ ਤੇ ਉਸਦੇ ਘਰ ਮਾਤਮ ਛਾ ਗਿਆ।

ਮਾਈ ਨੇ ਪੁੱਤਰਾਂ ਨੂੰ ਕਿਹਾ ਕਿ ਉਹ ਦਰਗਾਹ ਤੋਂ ਵਲੀ ਪੈਗੰਬਰ ਬਾਬਾ ਬਾਲਕ ਸਿੰਘ ਦੀ ਸਿਫ਼ਤ ਸੁਣ ਕੇ ਆਈ ਹੈ। ਸਾਰਾ ਬਚਨ ਪਰਿਵਾਰ ਤੇ ਇਕੱਠੇ ਹੋਈ ਬਰਾਦਰੀ ਨੂੰ ਸੁਣਾਇਆ। ਸਭ ਨੂੰ ਪਰਤੀਤ ਹੋਈ। ਮਾਈ ਨੇ ਕਿਹਾ ਖੁਦਾਈ ਪੀਰ ਜੀ ਦੇ ਦਰਸ਼ਨ ਕਰਕੇ ਹੀ ਅੰਨ-ਜਲ ਮੂੰਹ ਪਾਵੇਗੀ। ਮਾਈ ਦੇ ਪੁੱਤਰ ਗੁਰੂ ਜੀ ਦੇ ਚਰਣਾਂ ਵਿਚ ਪੁੱਜੇ। ਮਾਂ ਦੀ ਦਰਗਾਹੀ ਯਾਤਰਾ ਦੀ ਸਾਰੀ ਹਕੀਕਤ ਅਰਜ ਕੀਤੀ। ਗੁਰੂ ਜੀ ਮੁਸਕਰਾ ਪਏ ਅਤੇ ਮਾਈ ਦੇ ਘਰ ਜਾ ਕੇ ਦਰਸ਼ਨ ਦਿੱਤੇ। ਮਾਈ ਦਰਸ਼ਨ ਕਰਕੇ ਨਿਹਾਲ ਹੋਈ।

ਸਤਿਗੁਰੂ ਜੀ ਨੂੰ ਸ਼ਰਧਾ ਨਾਲ ਪਲੰਘ ਤੇ ਬਿਠਾ ਕੇ ਏਹ ਅਰਜ ਕੀਤੀ। ਆਪ ਖ਼ੁਦਾਈ ਨੂਰ ਦਾ ਰੂਪ ਹੋ, ਮੈਨੂੰ ਵੀ ਇਕ ਕਿਣਕਾਂ ਦੇ ਦਿਓ। ਗੁਰੂ ਜੀ ਨੇ ਫ਼ੁਰਮਾਇਆ—ਇਕ ਕਿਰਣ ਤਾਂ ਤੇਰੇ ਕੋਲ ਹੈਸੀ ਤਾਂ ਹੀ ਦਰਗਾਹ ਵਿਚ ਜਾ ਕੇ ਪਵਿੱਤਰ ਸੁਨੇਹਾ ਲੈ ਕੇ ਮੁੜ ਆਈ ਹੈ। ਸਵਾ ਪਹਿਰ ਰਾਤ ਰਹਿੰਦੀ ਕੇਸੀ ਇਸ਼ਨਾਨ ਕਰਕੇ ਖ਼ੁਦਾ ਅੱਗੇ ਅਰਜ ਕਰੀ ਕਿ ਮੈਨੂੰ ਏਸ ਜਮਾਨੇ ਦੀ ਬੰਦਗੀ ਦੀ ਖ਼ੈਰ ਪਵੇ। ਉਸ ਸਮੇਂ ਜੇਹੜਾ ਮੰਤਰ ਤੈਨੂੰ ਮਿਲੇਗਾ ਉਸ ਦਾ ਹੀ ਜਪ ਕਰਨਾ ਹੈ। ਖ਼ੁਦਾ ਖ਼ੈਰ ਕਰੇਗਾ। ਮਾਈ ਨੇ ਗੁਰੂ ਜੀ ਅੱਗੇ ਯਥਾਯੋਗ ਭੇਟਾ ਬਸਤਰ ਰੱਖੇ। ਗੁਰੂ ਜੀ ਨੇ ਕਿਹਾ ਗ਼ਰੀਬਾਂ ਲੋੜਵੰਦਾਂ ਨੂੰ ਵੰਡ ਦਿਓ।

ਮਾਈ ਨੇ ਗੁਰੂ ਜੀ ਦੇ ਹੁਕਮ ਮੂਜਬ ਕੇਸੀ ਇਸ਼ਨਾਨ ਕਰਕੇ ਖ਼ੁਦਾ ਦੀ ਇਬਾਦਤ ਕੀਤੀ। ਮਾਈ ਨੇ ਇਕ ਨੂਰੀ ਪਰਛਾਵਾਂ ਦੇਖਿਆ ਜਿਸਨੇ ਉਸ ਦੇ ਕੰਨਾਂ ਵਿਚ ਵਾਹਿਗੁਰੂ ਨਾਮ ਸੁਣਾਇਆ। ਮਾਈ ਨੇ ਇਸ ਨਾਮ ਸ਼ਬਦ ਦੀ ਤਸੱਬੀ ਫੇਰਨੀ ਸ਼ੁਰੂ ਕਰ ਦਿੱਤੀ। ਇਕ ਦਿਨ ਗੁਰੂ ਜੀ ਕੋਲ ਅਰਜ ਭੇਜੀ—ਖ਼ੁਦਾਈ ਪੀਰ ਜੀ ਸਾਡੇ ਘਰ ਪਰਦੇ ਦੀ ਬੜੀ ਸਖ਼ਤੀ ਹੈ। ਇਸ ਲਈ ਮੈਂ ਖ਼ੁਦ ਹਾਜਰ ਨਹੀਂ ਹੋ ਸਕਦੀ। ਆਪ ਮੇਹਰ ਕਰੋ ਤੇ ਮਹੀਨੇ ਵਿਚ ਇਕ ਜਾਂ ਦੋ ਵਾਰੀ ਦਰਸ਼ਨ ਜਰੂਰ ਦੇ ਜਾਇਆ ਕਰੋ। ਗੁਰੂ ਜੀ ਨੇ ਅਰਜ ਮੰਜ਼ੂਰ

Sri Satguru Jagjit Singh Ji eLibrary NamdhariElibrary@gmail.com

ਕਰ ਲਈ ਤੇ ਹਰ ਪਖਵਾਰੇ ਬਾਦ ਦਰਸ਼ਨ ਦੇਣ ਦੀ ਕਿਰਪਾਲਤਾ ਕਰ ਦੇਂਦੇ। ਮਾਈ ਦੀ ਕੀਤੀ ਭੇਟਾ ਸਪਰਸ਼ ਕਰਕੇ ਗ਼ਰੀਬਾਂ ਨੂੰ ਖ਼ੈਰਾਤ ਦੇਣ ਦਾ ਬਚਨ ਕਰ ਆਉਂਦੇ ਸਨ।

ਨਿੰਦਕਾਂ ਨੇ ਇਹ ਪ੍ਰਚਾਰ ਸ਼ੁਰੂ ਕਰ ਦਿੱਤਾ ਕਿ ਮਾਈ ਦਰਗਾਹ ਤੋਂ ਮੁੜ ਕੇ ਆਈ ਹੈ। ਇਸ ਲਈ ਮਾਈ ਨੂੰ ਮਿਲੀ ਦਰਗਾਹੀ ਦਾਤ ਲੈਣ ਜਾਂਦੇ ਹਨ। ਮਾਈ ਨੇ ਜਦੋਂ ਨਿੰਦਕਾ ਦੀ ਏਹ ਕਰਤੂਤ ਸੁਣੀ ਤਾਂ ਉਸਦੇ ਮਨ ਨੇ ਉਸਨੂੰ ਫਿਟਕਾਰਾਂ ਪਾਈਆਂ। ਉਸਦੇ ਖੁਦਾਈ ਪੀਰ ਦੀ ਨਿੰਦਿਆ ਉਹ ਨਾ ਸਹਾਰ ਸਕੀ। ਸਾਰੇ ਪਰਦੇ ਤਿਆਗ ਕੇ ਕੋਠੇ ਚੜ੍ਹ ਗਈ ਤੇ ਹੋਕਾ ਮਾਰਿਆ—ਸੁਣੋ, ਸੁਣੋ ਲੋਕੋ ਮੈਂ ਦਰਗਾਹ ਦੀ ਹਕੀਕਤ ਦੱਸਦੀ ਹਾਂ—ਬਾਬਾ ਬਾਲਕ ਸਿੰਘ ਪੀਰਾਂ ਦੇ ਪੀਰ ਹਨ। ਖੁਦਾਈ ਨੂਰ ਹਨ, ਨਹੀਂ ਖ਼ੁਦ ਖ਼ੁਦਾ ਹਨ। ਮੈਨੂੰ ਨੂਰੀ ਰੂਪ ਵਿਚ ਆ ਕੇ ਖ਼ੁਦਾਈ ਨਾਮ ਦਾ ਕਲਾਮ ਦਿੱਤਾ ਹੈ। ਏਸ ਲਈ ਮੈਂ ਖ਼ੁਦਾ ਦੀ ਬਾਂਦੀ ਬਣ ਗਈ ਹਾਂ। ਜੇਹੜੇ ਨਿੰਦਿਆ ਕਰਦੇ ਹਨ ਸਾਰੇ ਦੋਜ਼ਖ ਦੀ ਅੱਗ ਵਿਚ ਸੜਨਗੇ। ਜਾਉ ਪੀਰ ਜੀ ਤੋਂ ਮਾਫ਼ੀ ਮੰਗ ਕੇ ਖ਼ੁਦਾ ਪ੍ਰਸਤ ਬਣੋ। ਨਹੀਂ ਤਾਂ ਸ਼ੈਤਾਨ ਤੁਹਾਨੂੰ ਖੁਆਰ ਕਰੇਗਾ। ਨਿੰਦਕਾਂ ਦੇ ਮੂੰਹ ਸਿਆਹ ਹੋ ਗਏ। ਗੁਰੂ ਜੀ ਦੀ ਉਪਮਾ ਸੁਣ ਕੇ ਅਨੇਕਾਂ ਮੁਸਲਮਾਨਾਂ ਨੇ ਵੀ ਨਾਮ ਪ੍ਰਾਪਤ ਕੀਤਾ।

ਚਮਤਕਾਰੀ ਸੰਤ ਮੰਡਲੀ

ਗੁਰੂ ਜੀ ਦੀ ਜੀਵਨ ਸਾਖੀ ਨਾਲ ਅਨੇਕਾਂ ਕੌਤੁਕ ਜੁੜੇ ਹੋਏ ਹਨ। ਪਰ ਸਭ ਤੋਂ ਵੱਡਾ ਕੌਤਕ ਏਹ ਸੀ ਕਿ ਪੁਰਾਤਨ ਜਨਮਾਂ ਦੇ ਵਿਛੜੇ ਸੰਤ ਸਾਧ ਗੁਰੂ ਜੀ ਦੇ ਚਰਣਾਂ ਵਿਚ ਆਉਂਦੇ ਜਾ ਰਹੇ ਸਨ। ਪਿਛਲੀ ਕਮਾਈ ਦੀ ਰਸਾਈ ਹੋਂਦੀ ਤਾਂ ਅੱਗੋਂ ਨਾਮ ਤੇ ਰੰਗ ਵਿਚ ਐਸੇ ਰੰਗੇ ਜਾਂਦੇ ਕੇ ਦੁਨਿਆਵੀ ਕੰਮਕਾਰ ਛੁੱਟਦੇ ਗਏ। ਜੇਹੜਾ ਵਿਹਾਰ ਗੁਰੂ ਜੀ ਦੇ ਹੁਕਮ ਵਿਚ ਕਰਦੇ ਉਸ ਵਿਚ ਦਸ਼ਾ ਐਸੀ ਹੀ ਹੋਂਦੀ, ਗੁਰਮੁਖ ਮਾਇਆ ਵਿ ਉਦਾਸੀ। ਐਸੇ ਬੰਦਗੀ ਵਾਲਿਆਂ ਕਈਆਂ ਨੂੰ ਨਾਮਦਾਨ ਦੇਣ ਦਾ ਅਧਿਕਾਰ ਦੇ ਕੇ ਦਸਤਾਰਬੰਦੀ ਦੀ ਰਸਮ ਵੀ ਗੁਰੂ ਜੀ ਕਰਦੇ ਸਨ। ਯਾਦ ਰਹੇ ਕਿ ਅਜੇਹੇ ਅਨੇਕ ਨਾਮਦਾਨ ਅਧਿਕਾਰੀਆਂ ਦਾ ਜਿਕਰ ਮਿਲਦਾ ਹੈ। ਠਾਕੁਰ ਜੀ ਨੂੰ ਸਮਾਂ ਪਾ ਕੇ ਗੁਰਿਆਈ ਦੀ ਦਾਤ ਸੰਨ 1858 ਵਿਚ ਦਿਤੀ ਕਹੀ ਜਾਂਦੀ ਹੈ। ਪਰੰਤੂ ਦਸਤਾਰਬੰਦੀ ਫਰਵਰੀ 1863 ਵਿਚ ਗਿਲੀਂ ਪਿੰਡ ਵਿਚ ਸਤਿਗੁਰੂ ਬਾਲਕ ਸਿੰਘ ਜੀ ਦੇ ਹੁਕਮ ਨਾਲ ਹੋਈ ਹੀ ਪ੍ਰਮਾਣਿਤ ਹੈ।

1. **ਸੰਤ ਸਿੰਘ ਮਰਦਾਨ**—ਗੁਰੂ ਜੀ ਦੀ ਉਪਮਾ ਸੁਣ ਕੇ ਸੰਤ ਸਿੰਘ ਮਰਦਾਨ ਹੋਤੀ ਮਰਦਾਨ ਤੋਂ ਆਇਆ। ਦਰਸ਼ਨ ਕਰਕੇ ਨਿਹਾਲ ਹੋਇਆ। ਨਾਮ ਦਾਨ ਮਰਯਾਦਾ ਦੀਖਿਆ ਲੈ ਕੇ ਮੁੜਿਆ। ਹੱਥ ਕਾਰ ਵੱਲ ਦਿਲ ਯਾਰ ਵੱਲ ਹੋ ਗਿਆ। ਕਿਰਤ ਕਮਾਈ ਵਿਚੋਂ ਲੋੜਵੰਦਾਂ ਦੀ ਮਦਦ ਕਰਕੇ ਮਾਨਸਿਕ ਆਨੰਦ ਪ੍ਰਾਪਤ ਕਰਦਾ ਸੀ।

2. **ਭਾਈ ਅਮਰ ਸਿੰਘ** ਨੂੰ ਸ਼ੰਕਾ ਹੋਈ ਕਿ ਜੇਕਰ ਸਭ ਕੁਝ ਪਰਮੇਸ਼ਰ ਦੇ ਹੁਕਮ ਵਿਚ ਹੈ ਤਾਂ ਫੇਰ ਦਵਾਈ ਖਾ ਕੇ ਰੋਗ ਕਿਵੇਂ ਹਟ ਜਾਂਦਾ ਹੈ ? ਅਮਰ ਸਿੰਘ ਘਰ ਗਿਆ ਤੇ ਐਸਾ ਦਰਦ ਸ਼ੁਰੂ ਹੋਇਆ ਕਿ ਕੋਈ ਇਲਾਜ ਕਾਰਗਰ ਨਾ ਹੋਏ। ਗੁਰੂ ਜੀ ਨੂੰ ਅਰਜ ਘੱਲੀ। ਗੁਰੂ ਜੀ ਆਏ ਤਾਂ ਮਾਫੀ ਮੰਗੀ। ਗੁਰੂ ਜੀ ਨੇ ਚੁਟਕੀ ਖੰਡ ਦੀ ਮੰਗਵਾ ਕੇ ਅਮਰ

Sri Satguru Jagjit Singh Ji eLibrary NamdhariElibrary@gmail.com

ਸਿੰਘ ਦੇ ਮੂੰਹ ਪਾਈ ਤੇ ਆਰਾਮ ਆ ਗਿਆ। ਬਚਨ ਕੀਤਾ ਪਰਮੇਸ਼ਰ ਸਰਬ ਸ਼ਕਤੀਮਾਨ ਹੈ। ਹਕੀਮ ਜੋਰ ਲਾ ਹਟੇ ਤੇਰਾ ਦਰਦ ਦੂਰ ਨਾ ਹੋਇਆ ਉਸਦੀ ਮਰਜੀ ਨਹੀਂ ਸੀ। ਹੁਣ ਮਰਜੀ ਸੀ ਤਾਂ ਖੰਡ ਦੀ ਚੁਟਕੀ ਨਾਲ ਰਾਜੀ ਕਰ ਦਿੱਤਾ। ਕਦੀ ਸੰਸਾ ਨਾ ਕਰੀਏ।

3. **ਪੱਥਰ ਪੂਜ ਗੁਮਾਨੀ** ਨੇ ਪਰੀਖਿਆ ਲਈ ਕਈ ਚੇਲੇ ਭੇਜੇ। ਸਭ ਭਜਨ ਲੈ ਕੇ ਮਸਤ ਹੋ ਕੇ ਉੱਥੇ ਹੀ ਰਹਿ ਜਾਣ। ਫੇਰ ਆਪ ਆਇਆ, ਨਾਮ ਦਾਨ ਲਿਆ ਪਰ ਗੁਰੂ ਜੀ ਨੇ ਮਸਤੀ ਨਾ ਦਿੱਤੀ। ਉਹ ਸਾਥੀਆਂ ਕੋਲ ਗਿਆ ਤੇ ਨਾਮ (ਕਲਾਮ) ਬਾਰੇ ਪੁੱਛਿਆ। ਉਸ ਨੇ ਨਾਂ ਦੱਸਿਆ ਤਾਂ ਲੋਕਾਂ ਬਹੁਤ ਕੁੱਟਿਆ। ਕੁਟਾਪਾ ਕਰਨ ਵਾਲਿਆਂ ਨੂੰ ਰਾਤ ਜਮਦੂਤਾਂ ਨੇ ਮਾਰ-ਮਾਰ ਕੇ ਜ਼ਖ਼ਮੀ ਕਰ ਦਿੱਤਾ। ਸਵੇਰੇ ਜਮਾਂ ਦੇ ਡਰਾਏ ਗੁਰੂ ਜੀ ਦੀ ਸ਼ਰਨ ਆਏ, ਮਾਫ਼ੀਆ ਮੰਗੀਆਂ। ਗੁਮਾਨੀ ਨੂੰ ਹੁਕਮ ਹੋਇਆ ਨਾਮ ਵੀ ਜਪੋ ਅਤੇ ਠਾਕੁਰਾਂ ਦੀ ਪੂਜਾ ਵੀ ਕਰੋ। ਇਕ ਦਿਨ ਨਾਮ ਦੀ ਮਸਤੀ ਵਿਚ ਠਾਕੁਰ ਖੂਹ ਵਿਚ ਸੁੱਟ ਕੇ ਸੁਰਖ਼ਰੂ ਹੋਇਆ।

4. **ਮਰਦਾਨ ਦਾ ਬੂੜਾ** ਸੋਭਾ ਸੁਣ ਕੇ ਆਇਆ। ਬਾਗੀਚੀ ਵਿਚ ਸਤਿਸੰਗ ਸੁਣ ਕੇ ਨਿਹਾਲ ਹੋਇਆ। ਨਾਮ ਦਾਨ ਲੈ ਕੇ ਸਿਮਰਨ ਕਰਦੇ ਦੇ ਕਪਾਟ ਖੁੱਲ੍ਹ ਗਏ। ਪਿਛਲੇ ਜਨਮਾਂ ਦੀ ਸੋਝੀ ਹੋ ਗਈ। ਬੂੜੇ ਨੇ ਗੁਰੂ ਜੀ ਨੂੰ ਪੁੱਛਿਆ—ਗੁਰੂ ਜੀ ਪਿਛਲੇ ਸਾਰੇ ਪ੍ਰੇਮੀ ਮਿਲ ਪਏ ਹਨ ਕੇ ਨਹੀਂ ? ਗੁਰੂ ਜੀ ਕਿਹਾ ਭਾਈ ਧਨੀ ਰਾਮ ਜੈਦੇ ਦੇ ਮਿਲ ਪਏ ਹਨ ਭਾਈ ਰਾਮ ਸਹਾਇ ਓਡੇ ਵਿਚ ਹਨ। ਪੰਜਾਬ ਵਿਚ ਠਾਕੁਰ ਜੀ ਹਨ ਜਿਨ੍ਹਾਂ ਦੀ ਅਮਾਨਤ ਮੋੜਨੀ ਹੈ। ਬਰੇਠੇ ਦੇ ਭਾਈ ਸੰਗਤਾਂ ਨੂੰ ਉਡੀਕਦੇ ਹਾਂ। ਸਮੇਂ-ਸਮੇਂ ਸਿਰ ਸਾਰੇ ਆ ਮਿਲਣਗੇ।

5. **ਮੁਲਤਾਨੀ ਸਿੱਖ ਸਾਈਂ ਦਿਤਾ** ਨੂੰ ਗੁਰੂ ਜੀ ਨੇ ਇਕ ਰਾਤ ਸੂਖਮ ਰੂਪ ਵਿਚ ਜਾ ਜਗਾਇਆ। ਗੁਰੂ ਜੀ ਦੇ ਦਰਸ਼ਨ ਕਰਨ ਆਇਆ ਤਾਂ ਕਪਾਟ ਖੁੱਲ੍ਹ ਗਏ। ਨਾਮ ਸਮਾਧੀ ਨਾਲ ਸੰਗਤਾਂ ਨੂੰ ਹੈਰਾਨ ਕਰ ਦਿੱਤਾ।

6. **ਭਾਈ ਧਨੀ ਰਾਮ ਜੀ**—ਸੈਦਪੁਰ ਅਟਕ ਪਾਰ ਦੇ ਵਾਸੀ ਸਨ ਤੇ ਪ੍ਰੀਤ ਨਾਲ ਠਾਕੁਰ ਪੂਜਾ ਕਰਦੇ ਹੋਂਦੇ ਸਨ। ਅਰਦਾਸ ਕਰਦੇ ਯੁਗ ਅਵਤਾਰ ਦੇ ਦਰਸ਼ਨ ਹੋਣ। ਸਮਾਂ ਪਾ ਕੇ ਗੁਰੂ ਜੀ ਦੀ ਚਰਣੀ ਲੱਗੇ। ਪੂਰਨ ਆਤਮ ਪ੍ਰਕਾਸ਼ ਹੋਇਆ। ਸਦਾ ਬਿਦੇਹ ਹੀ ਰਹਿੰਦੇ ਕਈ ਕੌਤਕ ਹੋਏ। ਸਤਿਗੁਰੂ ਜੀ ਦੇ ਮਹਾਪ੍ਰਯਾਨ ਸਮੇਂ ਆਪ ਹੀ ਗੁਰੂ ਜੀ ਦਾ ਹੁਕਮ ਸੰਗਤ ਨੂੰ ਸੁਣਾਂਦੇ ਰਹੇ ਤੇ ਹੁਕਮ ਰਜ਼ਾ ਦਾ ਉਪਦੇਸ਼ ਦਿੱਤਾ ਸੀ। ਧਨੀ ਰਾਮ ਜੀ ਨੂੰ ਦਸਤਾਰ ਬੰਦੀ ਕਰਕੇ ਮੰਜੀ ਦਿੱਤੀ ਗਈ ਸੀ।

7. **ਸਾਈਂ ਜਵਾਹਰ ਮਲ** ਜਦੀ ਮੁੱਢਲੇ ਮੁਰੀਦ ਸਨ। ਆਪ ਜੀ ਦੀ ਦਸਤਾਰ ਬੰਦੀ ਕਰਕੇ ਰਾਵਲਪਿੰਡੀ ਜਾ ਕੇ ਨਾਮਦਾਨ ਦਾ ਹੁਕਮ ਹੋਇਆ ਸੀ। ਬ੍ਰਹਮਲੀਨ ਹੋਣ ਤੋਂ ਪਹਿਲਾਂ ਆਪ ਨੂੰ ਜੋ ਹੁਕਮ ਨਾਮਾ (ਪੱਤਰ) ਹਜ਼ੂਰੋ ਆਉਣ ਲਈ ਭੇਜਿਆ ਗਿਆ, ਉਹ ਲਿਖਤਾਂ ਵਿਚ ਮਿਲਦਾ ਹੈ।

8. **ਭਾਈ ਮੰਨਾ ਸਿੰਘ** ਨੇ ਜਿੱਦ ਕਰਕੇ ਖੂਹ ਲਾਇਆ ਪਰ ਪਾਣੀ ਨਾ ਨਿਕਲਿਆ ਤਾਂ ਗੁਰੂ ਜੀ ਦੀ ਸ਼ਰਨ ਆਇਆ। ਗੁਰੂ ਜੀ ਨੇ ਨਿਸ਼ਾਨ ਲਾਕੇ ਜਲ ਕਢਾਇਆ।

Sri Satguru Jagjit Singh Ji eLibrary NamdhariElibrary@gmail.com

ਮਗਰੋਂ ਭਾਈ ਮੰਨਾ ਸਿੰਘ ਨੇ ਨਾਮ ਦੀ ਮਸਤੀ ਮੰਗੀ ਤਾਂ ਗੁਰੂ ਜੀ ਨੇ ਭਾਈ ਧਨੀ ਰਾਮ ਦੇ ਸਪੁਰਦ ਕਰ ਦਿੱਤਾ। ਨਾਮ ਦੀ ਮਸਤੀ ਦੇ ਰੰਗਾਂ ਨਾਲ ਪਰਤੀਤ ਪੱਕੀ ਹੋਈ।

9. **ਭਾਈ ਬਲੋ ਸਮਾਂ** ਪਾ ਕੇ ਗੁਰੂ ਸ਼ਰਣ ਵਿਚ ਆਇਆ। ਅਰਜ ਕੀਤੀ ਗੁਰੂ ਜੀ ਸਾਰੀ ਉਮਰ ਗੁਨਾਹਾਂ ਵਿਚ ਬੀਤੀ ਹੈ। ਦਰਗਾਹ ਦੀ ਮਾਰ ਤੋਂ ਕਿਵੇਂ ਬਚਾਂਗਾ। ਗੁਰੂ ਜੀ ਕਿਹਾ ਕੱਪੜੇ ਦਾ ਕੰਮ ਕਰਦਾ ਹੈ। ਥੋਕ ਗੱਠ ਵਿਚ ਹੌਲੇ ਭਾਰੇ ਥਾਨ ਰਲੇ ਲੈਣੇ ਪੈਂਦੇ ਹਨ। ਤੂੰ ਵੀ ਥੋਕੜੇ ਵਿਚ ਆ ਗਿਆ ਹਾਂ। ਗੁਰੂ ਸੁੱਟੇਗਾ ਨਹੀਂ।

10. **ਹਜਰੋ ਦੇ ਵਿਚ ਨਿੰਦਕਾਂ** ਦੇ ਮੁਖੀ ਗੰਡਾ ਦੇ ਕਰਮ ਖੁੱਲ੍ਹੇ। ਇਕ ਵਾਰੀ ਕਥਾ ਵਿਚ ਆ ਗਿਆ। ਗੁਰੂ ਜੀ ਤੋਂ ਭਜਨ ਮੰਗਿਆ, ਬਚਨ ਹੋਇਆ। ਅਜੇ ਸਮਾਂ ਨਹੀਂ ਆਇਆ। ਮਗਰੋਂ ਮਾਫੀਆਂ ਮੰਗ-ਮੰਗ ਕੇ ਨਾਮ ਲਿਆ। ਗੁਰੂ ਦੇ ਜਹਾਜ਼ ਤੇ ਚੜ੍ਹ ਕੇ ਭਵਸਾਗਰ ਪਾਰ ਹੋਇਆ।

11. **ਬਾਬਾ ਬੈਂਕਾ ਜੀ ਲਬਾਲਬ**—ਹਜਰੋ ਤੋਂ ਛੇ ਮੀਲ ਦੂਰ ਪਿੰਡ ਮਲਾਹ ਦੇ ਵਾਸੀ ਸਨ। ਜਦੋਂ ਦਰਸ਼ਨਾਂ ਦਾ ਸਮਾਂ ਆਇਆ ਤਾਂ ਪਿਛਲੇ ਜਨਮਾਂ ਦੇ ਭੇਦ ਖੁੱਲ੍ਹ ਗਏ ਅਤੇ ਭਵਿੱਖਤਾਂ ਨਜ਼ਰ ਆਉਣ ਲੱਗ ਪਈਆਂ। ਤਿੰਨ ਆਸਨ ਵਿਛਾ ਕੇ ਕਹਿੰਦੇ—ਆਉ ਬਾਬਾ ਬਾਲਕ ਸਿੰਘ ਜੀ ਬੈਠੋ। ਆਉ ਬਾਬਾ ਰਾਮ ਸਿੰਘ ਜੀ ਬੈਠੋ। ਆਉ ਬਾਬਾ ਬੁੱਧ ਸਿੰਘ ਜੀ ਬੈਠੋ—ਸਦਾ ਬਿਦੇਹ ਹੀ ਰਹੋ।

12. **ਸੰਤ ਰਾਮ ਸਹਾਇ ਜੀ**—ਸਮਾਂ ਪਾ ਕੇ ਓਡੇ ਦੇ ਰਾਮ ਸਹਾਇ ਜੀ ਗੁਰੂ ਸ਼ਰਣ ਵਿਚ ਪੁੱਜੇ। ਬੰਦਗੀ ਬਹੁਤ ਸੀ। ਪਰ ਯੁਗ ਅਵਤਾਰ ਪ੍ਰਭੂ ਦੇ ਦਰਸ਼ਨਾਂ ਦੀ ਪਿਆਸ ਹਜਰੋ ਆ ਕੇ ਮਿਟੀ ਅਤੇ ਕਪਾਟ ਖੁੱਲ ਗਏ।

13. **ਬ੍ਰਹਮ ਗਿਆਨੀ ਬਾਬਾ ਸੰਗਤਾ ਜੀ**—ਭਾਈ ਸੰਗਤਾ ਜੀ ਗੁਰੂ ਚਰਣਾਂ ਵਿਚ ਆ ਕੇ ਆਤਮ ਪ੍ਰਕਾਸ਼ੀ ਹੋ ਗਏ। ਗੁਰੂ ਜੀ ਦੀ ਕਿਰਪਾ ਨਾਲ ਉਨ੍ਹਾਂ ਦੇ ਅਨੇਕ ਸ਼ਰਧਾਲੂ ਬਣਦੇ ਗਏ। ਗੁਰੂ ਜੀ ਨੇ ਦਸਤਾਰ ਬੰਦੀ ਕਰਕੇ ਅਨੇਕ ਵਰਦਾਨ ਦੇ ਕੇ ਤੋਰਿਆ।

14. **ਠਾਕੁਰਾਂ ਦੀ ਆਮਦ**—ਮਹਾਰਾਜਾ ਰਣਜੀਤ ਸਿੰਘ ਦੀ ਮੌਤ 1839 ਵਿਚ ਹੋ ਚੁੱਕੀ ਸੀ। 1841 ਵਿਚ ਸ਼ੇਰ ਸਿੰਘ ਗੱਦੀ ਬੈਠਾ। ਪੇਸ਼ਾਵਰ ਤੋਂ ਖਜਾਨਾ ਲਿਓਣ ਲਈ ਜੇਹੜੀ ਫੌਜ ਭੇਜੀ ਉਸ ਲਈ ਨੌਨਿਹਾਲ ਸਿੰਘ ਰੈਜੀਮੈਂਟ ਇਤਬਾਰੀ ਮੰਨੀ ਗਈ। ਹਜਰੋ ਜਾ ਕੇ ਫੌਜ ਨੂੰ ਪਤਾ ਲੱਗਾ ਕੇ ਖਜਾਨਾ ਅਟਕ ਦੀ ਬਾਉਲੀ ਤੇ ਪੁੱਜ ਰਿਹਾ ਹੈ। ਗੁਰੂ ਖੋਜੀ ਜਮੀਅਤ ਸਿੰਘ ਜੀ ਬਗੀਚੀ ਪੁੱਜ ਕੇ ਨਿਹਾਲ ਹੋਏ ਭਜਨ ਲੈ ਕੇ ਆਏ। ਕਿਲ੍ਹੇ ਵਿਚ ਸਤਿਸੰਗੀਆਂ ਨੂੰ ਸ਼ੁਭ ਸਮਾਚਾਰ ਸੁਣਾਇਆ। ਅਗਲੇ ਦਿਨ ਠਾਕੁਰ ਜੀ (ਗੁਰੂ ਰਾਮ ਸਿੰਘ ਜੀ) ਵੀਹ ਪੰਝੀ ਫੌਜੀਆਂ ਨਾਲ ਦਰਸ਼ਨ ਕਰਨ ਗਏ। ਦਰਸ਼ਨ ਕਰਕੇ ਨਾਮ ਦਾਨ ਦੀ ਦਾਤ ਅਤੇ ਮਰਯਾਦਾ ਦੀ ਦੀਖਿਆ ਸਿੱਖਿਆ ਮਿਲੀ। ਬਾਬਾ ਕਾਹਨ ਸਿੰਘ ਨਿਹੰਗ ਕਦ ਦੇ ਲੰਮੇ ਤੇ ਅਫਸਰ ਸਨ। ਗੁਰੂ ਜੀ ਨੂੰ ਪੁੱਛਿਆ—ਸਾਡੇ ਵਿਚ ਮੁਖੀ ਕੌਣ ਹੋਵੇਗਾ ? ਸਤਿਗੁਰੂ ਜੀ ਕਿਹਾ—ਜੇਹੜਾ ਬਚਨ ਦਾ ਪੂਰਾ, ਜੱਤ-ਸੱਤ ਦਾ ਸੂਰਾ ਹੋਵੇਗਾ ਆਪੇ ਪ੍ਰਗਟ ਹੋ ਜਾਵੇਗਾ। ਉਸ ਸਮੇਂ ਸਤਿਗੁਰੂ ਜੀ ਨੇ ਫੌਜੀ ਮਹਾਂਨਾਇਕ ਨੂੰ ਆਓ ਠਾਕੁਰ ਜੀ ਕਹਿ ਕੇ ਰਮਜ਼ ਭਰਿਆ ਬਚਨ ਕੀਤਾ ਸੀ। ਲਾਹੌਰ ਛਾਉਣੀ ਆ ਕੇ

Sri Satguru Jagjit Singh Ji eLibrary NamdhariElibrary@gmail.com

ਮਸਤਾਨੇ ਠਾਕੁਰ ਜੀ ਦੇ ਰੰਗ ਦੇਖ ਕੇ ਸਭ ਤੋਂ ਪਹਿਲੀ ਪਰਤੀਤ ਵੀ ਕਾਹਬਨ ਸਿੰਘ ਨਿਹੰਗ ਨੂੰ ਹੀ ਹੋਈ ਸੀ। ਬਾਕੀ ਵੀ ਸਮਾਂ ਪਾ ਕੇ ਭਰੋਸੇ ਵਾਲੇ ਸੇਵਕ ਬਣੇ ਸਨ।

ਇਕ ਸਰਕਾਰ ਬਾਝੋਂ

ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ 27 ਜੂਨ ਸੰਨ 1839 ਤੋਂ ਬਾਦ ਲਾਹੌਰ ਵਿਚ ਬੁਰਛਾਗਰਦੀ ਦਾ ਮਾਹੌਲ ਬਣਿਆ। ਮਹਾਰਾਜਾ ਖੜਕ ਸਿੰਗ, ਨੌਨਿਹਾਲ ਸਿੰਘ ਦੀ ਮੌਤ ਤੋਂ ਬਾਦ ਚੰਦ ਕੌਰ ਨੂੰ ਖੁੱਡੇ ਲਾ ਕੇ ਸ਼ੇਰ ਸਿੰਘ ਗੱਦੀ ਤੇ ਬੈਠਾ। ਚੰਦ ਕੌਰ ਦੇ ਰਾਜ ਵਿਚ ਡੋਗਰਾ ਗੁਲਾਬ ਸਿੰਘ ਸਾਰਾ ਖਜਾਨਾ ਹਿਫਾਜਤ ਦੇ ਨਾਮ 'ਤੇ ਜੰਮੂ ਲੈ ਗਿਆ। ਲਾਹੌਰ ਦਾ ਕਿਲ੍ਹਾ ਸ਼ਾਹੀ ਪਰਿਵਾਰ ਤੇ ਅਮੀਰਾ ਵਜੀਰਾਂ ਦੇ ਖ਼ੂਨ ਨਾਲ ਲਾਲ ਹੋ ਗਿਆ। ਮਹਾਰਾਜਾ ਦਲੀਪ ਸਿੰਘ ਗੱਦੀ ਤੇ ਬੈਠਾਇਆ ਗਿਆ।

ਅੰਗਰੇਜਾਂ ਨਾਲ ਪਹਿਲੀ ਜੰਗ ਮੁਦਕੀ ਦਿਸੰਬਰ 1845 ਈ. ਵਿਚ ਹੋਈ। ਦੂਜੀ ਜੰਗ ਸਭਰਾਵਾਂ ਦੀ ਫਰਵਰੀ 1846 ਈ. ਹੋਈ। ਇਸ ਜੰਗ ਵਿਚ ਹੀ ਠਾਕੁਰ ਜੀ ਸਿੱਖ ਰਾਜ ਦੀ ਹਾਰ ਦੀ ਭਵਿੱਖਬਾਣੀ ਕਰਕੇ ਫੌਜ ਛੱਡ ਆਏ। ਅਫਸਰਾਂ ਨੇ ਰੋਕਿਆ ਤਾਂ ਕਿਸੇ ਰਜਿਸਟਰ ਵਿਚ ਨਾਮ ਹੀ ਨਾ ਲੱਭਿਆ। ਸਭਰਾਵਾਂ ਦੀ ਜੰਗ ਦੀ ਹਾਰ ਤੋਂ ਬਾਦ ਅੰਗਰੇਜ ਸਰਕਾਰ ਨੇ ਡੇਢ ਕਰੋੜ ਜੰਗ ਜੁਰਮਾਨਾ ਲਗਾਇਆ। ਖਜਾਨੇ ਵਿਚ ਕੇਵਲ ਪੰਜਾਹ ਲੱਖ ਨਿਕਲਿਆ। ਇਕ ਕਰੋੜ ਜੁਰਮਾਨਾ ਦੇ ਕੇ ਡੋਗਰੇ ਗੁਲਾਬ ਸਿੰਘ ਨੇ ਜੰਮੂ ਕਸ਼ਮੀਰ ਦਾ ਰਾਜ ਖਰੀਦ ਲਿਆ।

ਅੰਗਰੇਜਾਂ ਨਾਲ ਅਖੀਰਲੀ ਲੜਾਈ ਮੁਲਤਾਨ ਵਿਚ ਹੋਈ। ਹਰੇਕ ਲੜਾਈ ਵਿਚ ਦਗਾਬਾਜ਼ ਸੈਨਾਪਤੀਆਂ ਕਾਰਨ ਹੀ ਹਾਰ ਹੋਈ। ਆਖਰ ਅੰਗਰੇਜਾਂ ਨੇ ਸਿੱਖਾ ਤੋਂ ਹਥਿਆਰ ਧਰਾ ਲਏ। ਉਸ ਸਮੇਂ ਨਿਰਾਸਤਾ ਤੇ ਜਲਾਲਤ ਵਿਚ ਸਿੱਖ ਫੌਜੀਆਂ ਨੇ ਮਹਿਸੂਸ ਕੀਤਾ—

ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋ
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।

ਏਸ ਬੁਰਛਾ ਗਰਦੀ ਵਿਚ ਹੀਰਾ ਸਿੰਘ ਡੋਗਰੇ ਨੇ ਬਾਬਾ ਬੀਰ ਸਿੰਘ ਨੌਰੰਗਾਬਾਦੀ ਦੇ ਡੇਰੇ ਤੇ ਤੋਪਾਂ ਚਲਾਈਆਂ ਸਨ। ਬਾਬਾ ਜੀ ਦੇ ਅਨਿੰਨ ਸੇਵਕ ਭਾਈ ਮਹਾਰਾਜ ਸਿੰਘ ਨੇ ਅਖੀਰੀ ਕੋਸ਼ਿਸ਼ ਕੀਤੀ ਜੋ ਗੱਦਾਰਾਂ ਨੇ ਅਸਫਲ ਕੀਤੀ। ਆਪ ਨੂੰ ਸਿੰਘਾਪੁਰ ਵਿਚ ਇਕ ਕਾਲ ਕੋਠਰੀ ਵਿਚ ਰੱਖਿਆ ਗਿਆ। ਜਿਥੇ ਅੰਨ੍ਹੇ ਹੋ ਕੇ ਕੈਂਸਰ ਨਾਲ ਦੇਹਾਂਤ ਹੋਇਆ। 29 ਮਾਰਚ ਸੰਨ 1849 ਵਿਚ ਪੰਜਾਬ ਵਿਚ ਅੰਗਰੇਜਾਂ ਦਾ ਪੂਰਾ ਕਬਜ਼ਾ ਹੋ ਗਿਆ। ਸਿੱਖਾਂ ਦੇ ਸੰਤ ਕੇਂਦਰਾਂ ਵਿਚ ਵਿਸ਼ੇਸ਼ ਤੌਰ 'ਤੇ ਮੁਸਲਮਾਨ ਥਾਣੇਦਾਰ ਲਗਾਏ ਗਏ। ਜਿਨ੍ਹਾਂ ਨੇ ਹਕੂਮਤੀ ਹੁਕਮ ਨਾਲ ਜੁਲਮ ਕਰਨੇ ਸ਼ੁਰੂ ਕੀਤੇ।

ਫਿਰੰਗੀ ਰਾਜ

ਹਜਰੋ ਦੇ ਮੁਸਲਮਾਨ ਥਾਣੇਦਾਰ ਨੇ ਨਿੰਦਕਾਂ ਦੇ ਕਹਿਣ ਤੇ ਸਾਰੇ ਨਗਰ ਵਿਚ ਪੁੱਛ ਪੜਤਾਲ ਸ਼ੁਰੂ ਕੀਤੀ ਕਿ ਬਾਬਾ ਬਾਲਕ ਸਿੰਘ ਦਾ ਸਿੱਖ ਕੌਣ ਕੌਣ ਹੈ ? ਭਾਈ ਮੁਖਾਂ ਦੀ

Sri Satguru Jagjit Singh Ji eLibrary NamdhariElibrary@gmail.com

ਬਗੀਚੀ ਵਿਚ ਸਤਿਸੰਗ ਟਿਕਿਆ ਸੀ। ਉਸਨੇ ਨਿੱਤਰ ਕੇ ਕਿਹਾ ਕੇ ਉਹ ਗੁਰੂ ਬਾਲਕ ਸਿੰਘ ਦਾ ਸਿੱਖ ਹੈ। ਸਿਪਾਹੀ ਉਸ ਨੂੰ ਥਾਣੇ ਲੈ ਗਏ। ਥਾਣੇਦਾਰ ਨੇ ਬੇਪਰਤੀਤਾ ਕਰਨ ਦੀ ਕੋਸ਼ਿਸ਼ ਕੀਤੀ। ਭਾਈ ਮੁਖਾ ਨੇ ਕਿਹਾ ਕਿ ਉਹ ਤਾਂ ਮਰ ਕੇ ਵੀ ਗੁਰੂ ਬਾਲਕ ਸਿੰਘ ਨੂੰ ਨਹੀਂ ਛੱਡ ਸਕਦਾ। ਥਾਣੇਦਾਰ ਨੇ ਬਹੁਤ ਥੱਪੜ ਮਾਰੇ। ਗੁਰੂ ਜੀ ਕੋਲ ਆਇਆ। ਗੁਰੂ ਜੀ ਨੇ ਕਿਹਾ—ਮੁਖਾ ਤੈਨੂੰ ਨਹੀਂ ਥਾਣੇਦਾਰ ਨੇ ਸਾਨੂੰ ਥੱਪੜ ਮਾਰੇ ਹਨ। ਭਾਈ ਮੁਖਾ ਦੀ ਸਾਰੀ ਪੀੜ ਦੂਰ ਹੋ ਗਈ। ਗੁਰੂ ਜੀ ਦਾ ਚੇਹਰਾ ਥੱਪੜਾਂ ਨਾਲ ਲਾਲ ਦਿਸਿਆ ਸੀ। ਬਾਈ ਮੁਖਾ-ਕੁਰਲਾ ਉੱਠਿਆ। ਗੁਰੂ ਜੀ ਤੁਸੀਂ ਏਹ ਕੀ ਕੀਤਾ ? ਗੁਰੂ ਜੀ ਬਚਨ ਕੀਤਾ—ਮੁਖਾ ਸੰਸਾ ਨਾ ਕਰ। ਸੱਤ ਦਿਨ ਸਬਰ ਕਰ। ਏਹ ਕਲਜੁਗ ਹੈ—ਅਹਿ ਕਰ ਕਰੇ ਸੋ ਅਹਿ ਕਰ ਪਾਏ। ਹਫਤੇ ਬਾਦ ਥਾਣੇਦਾਰ ਕੋਠੇ ਬੈਠਾ ਸ਼ਰਾਬ ਪੀਂਦਾ ਬੇਸੁਰਤ ਹੋ ਕੇ ਕੋਠੇ ਤੋਂ ਸਿਰ ਦੇ ਭਾਰ ਡਿੱਗਿਆ। ਡਿੱਗਦੇ ਸਾਰ ਹੀ ਮਰ ਗਿਆ। ਸੰਗਤਾਂ ਤੇ ਸਿਪਾਹੀਆਂ ਨੂੰ ਪਤਾ ਲੱਗ ਗਿਆ ਕਿ ਸੰਤ ਫਕੀਰਾਂ ਦੇ ਸਿੱਖ ਨਾਲ ਜੁਲਮ ਦਾ ਕੀ ਫਲ ਮਿਲਦਾ ਹੈ।

ਮਗਰੋਂ ਹੁਕਮ ਕੱਢਿਆ ਗਿਆ ਕਿ ਅਟਕ ਪਾਰੋਂ ਕੋਈ ਸਿੱਖ ਗੁਰੂ ਬਾਲਕ ਸਿੰਘ ਦਾ ਦਰਸ਼ਨ ਕਰਨ ਨਾ ਆਏ। ਇਕ ਦਿਨ ਭਾਈ ਧਨੀ ਰਾਮ ਤੇ ਭਾਈ ਰਾਮ ਸਹਾਇ ਅਟਕੋਂ ਪਾਰੋਂ ਦਰਸ਼ਨ ਕਰਨ ਲਈ ਤੁਰੇ। ਅਟਕ ਦੇ ਸਾਰੇ ਪਤਨ ਬੰਦ ਸਨ। ਅਰਦਾਸ ਕਰਕੇ ਸਿਪਾਹੀਆਂ ਸਾਮ੍ਹਣੇ ਹੀ ਲੰਘ ਗਏ ਤੇ ਹਜਰੋ ਆ ਕੇ ਦਰਸਨ ਕੀਤੇ। ਥਾਣੇ ਖ਼ਬਰ ਪੁੱਜੀ ਸਿਪਾਹੀ ਲੈਣ ਆ ਗਿਆ। ਉਸ ਸਮੇਂ ਸਾਈਂ ਜਵਾਹਰ ਮਲ ਜੀ ਵੀ ਉੱਥੇ ਹੀ ਸਨ। ਗੁਰੂ ਜੀ ਤੋਂ ਆਗਿਆ ਲੈ ਕੇ ਉਨ੍ਹਾਂ ਸਿੱਧ ਸ਼ਕਤੀ ਨਾਲ ਥਾਣੇਦਾਰ ਦਾ ਸੰਘ ਹੀ ਮਸਲ ਦਿੱਤਾ। ਦੋਵੇਂ ਥਾਣੇ ਗਏ। ਥਾਣੇਦਾਰ ਬਿਟਰ ਬਿਟਰ ਤਕਦਾ ਰਿਹਾ ਪਰ ਕੁਝ ਬੋਲ ਨਾ ਸਕਿਆ। ਸਿੱਖ ਮੁੜ ਆਏ ਤੇ ਗੁਰੂ ਜੀ ਦੀ ਲੀਲਾ ਦੇਖ ਕੇ ਨਿਹਾਲ ਹੋਏ। ਸਭ ਰਲ਼ ਕੇ ਚੇਲ ਨਦੀ ਕਿਨਾਰੇ ਚਲੇ ਗਏ ਤੇ ਉੱਥੇ ਭਾਈ ਧਨੀ ਰਾਮ ਜੀ ਤੋਂ ਸ਼ਬਦ ਸੁਣੇ।

ਸੰਨ 1857 ਵਿਚ ਉੱਤਰ ਭਾਰਤ ਵਿਚ ਸਿਪਾਹੀ ਗ਼ਦਰ ਹੋਇਆ। ਪੰਜਾਬ ਉੱਤੇ ਹਕੂਮਤ ਕਾਇਮ ਕਰਕੇ ਅੰਗਰੇਜਾਂ ਨੇ ਸਾਰੇ ਗੁਰੂਧਾਮਾਂ ਉੱਤੇ ਆਪਣੇ ਹਕੂਮਤੀ ਪੰਜੇ ਵੀ ਪੱਕੇ ਗੜਾਏ ਹੋਏ ਸਨ। ਉਸ ਵੇਲੇ ਪ੍ਰਭਾਵਸ਼ਾਲੀ ਬਾਬਾ ਖੇਮ ਸਿੰਘ ਬੇਦੀ ਨੇ ਮਹਾਰਾਜ ਰਣਜੀਤ ਸਿੰਘ ਦੀ ਫੌਜ ਦੇ ਸਾਬਕਾ ਫੌਜੀਆਂ ਨੂੰ ਪ੍ਰੇਰ ਕੇ ਅੰਗਰੇਜੀ ਫੌਜ ਵਿਚ ਭਰਤੀ ਕਰਾਇਆ। ਸਿੱਖ ਫੌਜੀ ਤਜੁਰਬੇਕਾਰ ਸੂਰਮੇ ਸਨ। ਦਿੱਲੀ ਵਿਚ ਫੇਰ ਅੰਗਰੇਜੀ ਰਾਜ ਕਾਇਮ ਹੋ ਗਿਆ। ਬਾਬਾ ਖੇਮ ਸਿੰਘ ਨੇ ਸਿੱਖਾਂ ਨੂੰ ਏਹ ਕਹਿ ਕੇ ਪ੍ਰੇਰਿਆ ਸੀ ਕਿ ਜੇਕਰ ਅੰਗਰੇਜੀ ਰਾਜ ਹਾਰ ਗਿਆ ਤਾਂ ਫੇਰ ਮੁਗ਼ਲ ਰਾਜ ਕਾਇਮ ਹੋ ਜਾਏਗਾ। ਪੂਰਬੀ ਫੌਜੀ ਪੰਜਾਬ ਫਤਹਿ ਤੋਂ ਬਾਦ ਸਿੱਖਾਂ ਨੂੰ ਛੇੜਦੇ ਹੋਂਦੇ ਸਨ—ਹਮਨੇ ਲਾਹੌਰ ਮਾਰਾ, ਹਮਨੇ ਮੁਲਤਾਨਾ ਮਾਰਾ॥

ਏਸ ਗ਼ਦਰ ਸਮੇਂ ਪੰਜਾਬ ਵਿਚ ਪੂਰਬੀਆਂ ਨੇ ਜਿੱਥੇ ਵੀ ਸਿਰ ਚੁੱਕਿਆ ਉੱਥੇ ਹੀ ਥੋਕ ਦੇ ਭਾਵ ਮਾਰੇ ਗਏ। ਜੋ ਬਚੇ ਗ਼ਦਰ ਤੋਂ ਬਾਦ ਕੱਢੇ ਗਏ। ਇਸ ਗ਼ਦਰ ਤੋਂ ਬਾਦ ਬਾਬਾ ਖੇਮ ਸਿੰਘ ਨੂੰ ਭਾਰੀ ਜਾਗੀਰਾਂ ਮਿਲੀਆਂ। ਫੂਲਕੀਆ ਰਾਜਿਆਂ ਦੇ ਖੇਤਰਾਂ ਵਿਚ ਵਾਧਾ ਹੋਇਆ ਸੀ।

Sri Satguru Jagjit Singh Ji eLibrary NamdhariElibrary@gmail.com

ਠਾਕਰਾਂ ਦੀ ਪ੍ਰੀਖਿਆ ਤੇ ਗੁਰਗੱਦੀ ਦੀ ਦਾਤ

ਠਾਕੁਰ ਸਤਿਗੁਰੂ ਰਾਮ ਸਿੰਘ ਜੀ ਕੋਲ ਖਾਲਸਾ ਰਾਜ ਦੇ ਪ੍ਰੇਮੀ ਸਾਥੀ ਮਿਲਦੇ ਰਹਿੰਦੇ ਸਨ। ਕਾਹਨ ਸਿੰਘ ਨਿਹੰਗ ਭੈਣੀ ਸਾਹਿਬ ਆਇਆ ਹੋਇਆ ਸੀ। ਆਪ ਉਸ ਨੂੰ ਨਾਲ ਲੈ ਕੇ ਸਤਿਗੁਰੂ ਬਾਲਕ ਸਿੰਘ ਜੀ ਦਾ ਦਰਸ਼ਨ ਕਰਨ ਗਏ। ਉੱਥੇ ਅਜਿੱਤੇ ਰੰਧਾਵੇ ਦੀ ਗੋਸ਼ਟ ਅਨੁਸਾਰ ਸਤਿਗੁਰੂ ਜੀ ਆਪਣੇ ਮੰਜੇ ਉੱਤੇ ਪਿਛਲੇ ਨੌਂ ਮਹੀਨੇ ਤੋਂ ਮਾਈ ਪ੍ਰਭੀ ਨੂੰ ਪੁਆਂਦੀ ਬਿਠਾ ਰਹੇ ਸਨ।

ਸਲੋਕ

ਪਾਨਾ ਬੀੜਾ ਹਥ ਕਰ ਸਤਿਗੁਰ ਭਏ ਬਸੀਠ
ਅਗੇ ਗਨਕਾ ਉਠ ਖੜੀ ਆਉ ਹਮਾਰੇ ਮੀਤ॥
ਚੋਰ ਜਾਰ ਤਕੇ ਘਣਾ ਬਹੁ ਬਿਧ ਕਰਹਿ ਪੁਕਾਰ
ਸਾਂਗੀ ਸਾਂਗ ਪੂਰਨ ਕਰੈ ਜਪੁ ਨਾਨਕ ਨਿਰੰਕਾਰ॥ (45)

ਇਸ ਰਮਜ ਭਰੀ ਪ੍ਰੀਖਿਆ ਦੀ ਭਵਿੱਖਤ ਨੂੰ ਪੂਰਨ ਕਰਦੇ ਹੋਏ ਠਾਕੁਰ ਜੀ ਨੇ ਹਜਰੋ ਪੁੱਜ ਕੇ ਪਹਿਲਾਂ ਮਾਈ ਪ੍ਰਭੋ ਨੂੰ ਨਮਸਕਾਰ ਕਰਕੇ ਹੀ ਗੁਰੂ ਜੀ ਨੂੰ ਮੱਥਾ ਟੇਕਿਆ। ਬਚਨ ਹੋਇਆ ਪ੍ਰਭੀ ਤੂੰ ਸੁਰਖਰੂ ਹੋਈ। ਠਾਕੁਰਾਂ ਨੇ ਆਪਣੀ ਵਸਤ ਲੈ ਲਈ ਹੈ।

ਅਜਿਤੋ ਰੰਧਾਵੇ ਦੀ ਗੋਸ਼ਟ ਦੀ ਭਵਿੱਖਤ ਦੀ ਰਮਜ਼ ਦਾ ਦੁਹਰਾਵ ਗੋਰਿੰਡ ਨਾਮੇ ਪੋਥੀ ਵਿਚੋਂ ਵੀ ਪ੍ਰਗਟ ਹੋਇਆ। ਏਹ ਪੋਥੀ ਦਸ਼ਮੇਸ਼ ਪਿਤਾ ਨੇ ਮਾਨਾਂ ਵਾਲੇ ਸਰਦਾਰ ਹੀਰਾ ਸਿੰਘ ਦੇ ਵਡੇਰਿਆਂ ਕੋਲ ਅਮਾਨਤ ਰੱਖੀ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਮਾਨਾਵਾਲੇ ਦੇ ਹੋਲੇਂ ਸਨ 1869 ਈ. ਵਿਚ ਏਹ ਪੋਥੀ ਮੰਗ ਕੇ ਸਰਦਾਰ ਦੀ ਪਰਤੀਤ ਦ੍ਰਿੜ੍ਹ ਕੀਤੀ ਸੀ। ਉਸ ਵਿਚ ਜਿਕਰ ਹੈ—

ਜਾਮੇ ਧਾਰੇ ਦਸ ਗੁਰੂ ਨਵਸਤਿ ਕਲਾ ਸੁਧਾਰ
ਗੁਪਤ ਗਿਆਰਵਾਂ ਖੇਲ ਸੀ ਕੋਈ ਨਾ ਪਾਵੇ ਪਾਰ॥ 7॥
ਤੀਨ ਮਾਸ ਖੱਟ ਰਹੇਂਗੇ ਗ੍ਰਿਹਿ ਗਨਿਕਾ ਗੁਰਿੰਡ॥
ਉਦਰ ਲੋਪ ਅੰਡਾ ਸਹਿਤ ਜੋ ਸਾਖੀ ਬ੍ਰਹਮੰਡ॥ 9॥
ਚੌਕ ਚਾਂਦਨੀ ਖੇਲ ਕਰ ਜਾਇ ਸੁ ਸਣ ਹੀ ਦੇਹ॥
ਰਣ ਮੰਡਲ ਬਡ ਸਬਦ ਕਰ ਬਾਤ ਸੁਨਾਵੇ ਤੋਹ॥ 10॥

(ਹੋਰ ਵਿਸਥਾਰ ਏਸ ਪੁਸਤਿਕਾ ਵਿਚ ਸੰਭਵ ਨਹੀਂ।)

ਸਤਿਗੁਰੂ ਸ੍ਰੀ ਬਾਲਕ ਸਿੰਘ ਜੀ ਨੇ ਦਸਮ ਪਾਤਸ਼ਾਹ ਦੇ ਦਿੱਤੇ ਪੰਜ ਪੈਸੇ ਤੇ ਨਰੇਲ ਮੱਥਾ ਟੇਕ ਕੇ ਅਮਾਨਤ ਮੋੜ ਦਿੱਤੀ। ਸਤਿਗੁਰੂ ਰਾਮ ਸਿੰਘ ਜੀ ਨੂੰ ਹਜਰੋ ਦੇ ਪ੍ਰੇਮੀਆਂ ਘਰ ਲੰਗਰ ਮੰਜੂਰ ਕਰਨ ਦਾ ਹੁਕਮ ਦਿੱਤਾ। ਵਾਪਸੀ ਦੀ ਤਿਆਰੀਆਂ ਹੋ ਰਹੀਆਂ ਸਨ ਤਾਂ ਗੁਰੂ ਵਿਯੋਗੀ ਬਾਬਾ ਜਮੀਅਤ ਸਿੰਘ ਗਿਲੀਂ ਵੀ ਗੁਰੂ ਚਰਣਾਂ ਵਿਚ ਪੁੱਜੇ। ਆਪ ਸਭ ਸਗ੍ਰਿਰੂ ਜੀ ਦੇ ਹੁਕਮ ਨਾਲ ਗਿਲੀਂ ਆਏ। ਗਿਲੀਂ ਆ ਕੇ ਪਹਿਲਾਂ ਨਾਮ ਦਾਨ ਪ੍ਰਚਾਰ ਹੋਇਆ। ਸਤਿਗੁਰੂ ਰਾਮ ਸਿੰਘ ਜੀ ਬਚਨ ਕੀਤਾ—ਪੰਡ ਲੈ ਕੇ ਤਾਂ ਭੈਣੀ ਸਾਹਿਬ ਚਲੇ ਸਾਂ ਪਰ ਪੰਡ ਦੜਪ ਵਿਚ ਹੀ ਖੁੱਲ੍ਹ ਗਈ। ਇਹ ਵੱਡੀ ਰਸਮਜ ਦਾ ਬਚਨ ਸੀ।

Sri Satguru Jagjit Singh Ji eLibrary NamdhariElibrary@gmail.com

ਇਸ ਕੌਤਕ ਤੋਂ ਬਾਦ ਵੀ ਪਜਾਬ ਤੋਂ ਆਏ ਤੇ ਸਤਿਗੁਰੂ ਬਾਲਕ ਸਿੰਘ ਜੀ ਤੋਂ ਨਾਮ ਲੈਣ ਵਾਲੇ ਕਈ ਪ੍ਰੇਮੀਆਂ ਦਾ ਜਿਕਰ ਮਿਲਦਾ ਹੈ। ਅਜੇਹੇ ਗੁਰੂ ਖੋਜੀਆਂ ਨੂੰ ਸਤਿਗੁਰੂ ਬਾਲਕ ਸਿੰਘ ਜੀ ਨਾਮ ਦੇ ਕੇ ਭੈਣੀ ਸਾਹਿਬ ਦੇ ਠਾਕੁਰਾਂ ਦੀ ਦੱਸ ਪਾ ਕੇ ਉੱਥੇ ਜਾਣ ਲਈ ਹੁਕਮ ਕਰਦੇ। ਅਰਧ ਕੁੰਭੀ ਯਾਤਰਾ 1861 ਈ. ਵਿਚ ਅਨੇਕ ਐਸੇ ਪ੍ਰੇਮੀ ਸਨ ਜਿਨ੍ਹਾਂ ਨੇ ਹਜਰੋ ਤੋਂ ਨਾਮ ਲੈ ਕੇ ਹੀ ਭੈਣੀ ਸਾਹਿਬ ਆ ਕੇ ਦਰਸ਼ਨ ਕੀਤੇ ਸਨ।

ਮਹਾਪ੍ਰਯਾਣ

ਮਾਤਾ ਤੋਤੀ ਜੀ ਦਾ ਚਲਾਣਾ—ਸਤਿਗੁਰੂ ਬਾਲਕ ਸਿੰਘ ਜੀ ਦੇ ਮਹਿਲ ਮਾਤਾ ਤੋਤੀ ਜੀ ਐਸੇ ਬੀਮਾਰ ਹੋਏ ਕਿ ਹਕੀਮਾਂ ਦੇ ਇਲਾਜ ਕਾਰਗਰ ਨਾ ਹੋਏ। ਗੁਰੂ ਪਤੀ ਤੋਂ ਆਗਿਆ ਲੈ ਕੇ ਆਪ ਨੇ ਸੁਰਤਿ ਸ਼ਬਦ ਨਾਲ ਜੋੜ ਲਈ। ਨਿਰੰਕਾਰ ਦੇ ਦਰਸ਼ਨਾਂ ਨਾਲ ਦੇਹ ਤਿਆਗ ਦਿੱਤੀ। ਗੁਰੂ ਜੀ ਬਚਨ ਕੀਤਾ ਸੀ—ਤੁਸੀਂ ਚੱਲੋ ਅਸੀਂ ਵੀ ਛੇਤੀ ਆਉਂਦੇ ਹਾਂ।

ਗਿਆਨੀ ਗਿਆਨ ਸਿੰਘ ਅਨੁਸਾਰ—ਅੰਬਰੋ ਦੇ ਮਾਲਕ ਪਿਕੰਬਰੋ ਦੇ ਪਾਲਕ—ਸ਼੍ਰੀ ਸਤਿਗੁਰੂ ਬਾਲਕ ਸਿੰਘ ਜੀ ਨੇ ਸਰੀਰ ਦੀ ਕਸਾਵਟ ਵਿਚ ਇਕ ਚਿੱਠੀ ਸਾਈਂ ਜਵਾਹਰ ਮਲ ਜੀ ਨੂੰ ਭੇਜੀ। ਭੈਣੀ ਸਾਹਿਬ ਵੀ ਉਨ੍ਹਾਂ ਦਿਨਾਂ ਵਿਚ ਆਉਣ ਲਈ ਸੁਨੇਹਾ ਭੇਜਿਆ ਕਿਹਾ ਜਾਂਦਾ ਹੈ। ਸਾਈਂ ਸਾਹਿਬ ਨੂੰ ਲਿਖੀ ਚਿੱਠੀ "ਕੂਕਿਆਂ ਦੀ ਵਿਥਿਆ" ਵਿਚ ਛਪੀ ਹੋਈ ਹੈ। ਮਿਤੀ ਮਘਰ ਦਿਨ 18 ਸੰਮਤ 1919 (ਦਿਸੰਬਰ 1862) ਨੂੰ ਸਾਈਂ ਸਾਹਿਬ ਨੂੰ ਚਿੱਠੀ ਲਿਖੀ ਸੀ। ਗੁਰੂ ਜੀ ਨੂੰ ਇਕ ਫਿਮਨੀ ਨਿਕਲੀ। ਇਸ ਨੂੰ ਦਰਗਾਹੀ ਸੱਦਾ ਕਹਿ ਕੇ ਇਲਾਜ ਨਾ ਕੀਤਾ।

ਭਾਈ ਧਨੀ ਰਾਮ ਜੀ ਦੀ ਮਾਰਫਤ ਸੰਗਤਾਂ ਨੂੰ ਸਚਖੰਡ ਪਿਆਨੇ ਦੇ ਸੰਦੇਸ਼ ਦਿੱਤੇ ਗਏ। ਮਿੱਠੇ ਚੌਲ ਬਣਵਾਏ ਗਏ। ਗੁਰੂ ਜੀ ਨੇ ਸਾਵਧਾਨ ਹੋ ਕੇ ਦੋ ਗ੍ਰਾਸ ਛਕੇ ਤੇ ਬਚਨ ਕੀਤਾ ਏਹ ਬਾਕੀ ਸਨ। ਮਿੱਠੇ ਚੌਲ ਸੰਗਤ ਵਿਚ ਗੁਰੂ ਹੁਕਮ ਨਾਲ ਵਰਤਾਏ ਗਏ। ਮਘਰ ਸੁਦੀ ਪੂਰਨਮਾਸੀ ਸੰਵਤ 1919 (ਹੋਲੇ ਤੋਂ ਤਿੰਨ ਮਹੀਨੇ ਪਹਿਲਾਂ ਸੰਨ 1862 ਦਿਸੰਬਰ) ਵਿਚ ਪਹਿਰ ਰਾਤ ਰਹਿੰਦੀ ਸਤਿਗੁਰੂ ਜੀ ਬੈਕੁੰਠ ਵਾਸਾ ਕਰ ਲਿਆ।

ਭਾਈ ਧਨੀ ਰਾਮ ਜੀ ਨੇ ਗੁਰੂ ਹੁਕਮ ਅਨੁਸਾਰ ਸਾਰੇ ਅੰਤਿਮ ਕਾਰਜ ਕਰਦੇ ਹੋਏ ਗੁਰੂ ਦੀ ਅਮਰ ਜੋਤਿ ਦਾ ਭਰੋਸਾ ਦ੍ਰਿੜ੍ਹਾਇਆ। ਫਰਵਰੀ 1863 ਵਿਚ ਜਦੋਂ ਹਜਰੋ ਦੀ ਸੰਗਤ ਗੁਰੂ ਜੀ ਦੇ ਫੁੱਲ ਲੈ ਕੇ ਚਿਨਾਬ ਪਹੁੰਚੀ ਤਾਂ ਸਤਿਗੁਰੂ ਰਾਮ ਸਿੰਘ ਜੀ ਅਤੇ ਸੰਗਤ ਨਾਲ ਮੇਲ ਹੋਇਆ। ਸਤਿਗੁਰੂ ਜੀ ਦੇ ਹੁਕਮ ਅਨੁਸਾਰ ਦੋਵੇਂ ਸੰਗਤਾਂ ਗਿਲੀਂ ਆਈਆਂ। ਸਤਿਗੁਰੂ ਬਾਲਕ ਸਿੰਘ ਜੀ ਦਾ ਹੁਕਮ ਨਾਮਾ ਸੁਣਾ ਕੇ ਸਤਿਗੁਰੂ ਰਾਮ ਸਿਘ ਜੀ ਦੀ ਸਬਹਨ ਕੇ ਸਿਰਮੌਰ ਰੂਪ ਵਿਚ ਦਸਤਾਰਬੰਦੀ ਕੀਤੀ ਗਈ। ਹਜਰੋ ਦੀ ਸੰਗਤ ਹਰਿ ਕੀ ਪਉੜੀ ਅੰਮ੍ਰਿਤਸਰ ਹੋ ਕੇ ਹਰਿਦੁਆਰ ਚਲੇ ਗਈ। ਹਜਰੋ ਦੀ ਬਗੀਚੀ ਵਿਚ ਸਸਕਾਰ ਵਾਲੇ ਸਥਾਨ ਬਾਬਾ ਮੰਨਾ ਸਿੰਘ ਨੇ ਥੜਾ ਬਣਾ ਕੇ ਮਗਰੋਂ ਗੁਰਦੁਆਰਾ ਡੇਹਰੀ ਸਾਹਿਬ ਬਣਵਾਇਆ ਸੀ।

Sri Satguru Jagjit Singh Ji eLibrary NamdhariElibrary@gmail.com

ਗੁਰ ਇਤਿਹਾਸ—ਦਸਤਾਵੇਜੀ

ਸਤਿਗੁਰੂ ਬਾਲਕ ਸਿੰਘ ਜੀ ਦੇ ਹੁਕਮ ਨਾਲ ਫਰਵਰੀ 1863 ਵਿਚ ਸਤਿਗੁਰੂ ਰਾਮ ਸਿੰਘ ਜੀ ਦੀ ਦਸਤਾਰ ਬੰਦੀ ਹੋਈ ਸੀ। ਉਸ ਸਮੇਂ ਹਜਰੋ ਤੇ ਦੜਪ ਦੇ ਦੋ ਦਿਸ਼ਾ ਕੇਂਦਰਾਂ ਦਾ ਭੈਣੀ ਸਾਹਿਬ ਨਾਲ ਸੰਗਮ ਹੋਇਆ ਸੀ। ਏਸ ਸੰਗਮ ਸਮੇਂ ਸਤਿਗੁਰੂ ਰਾਮ ਸਿੰਘ ਜੀ ਵਲੋਂ ਦੜਪ ਦੀ ਸੰਗਤ ਨੂੰ ਅੰਮ੍ਰਿਤ ਛਕਾਣ ਦੇ ਪ੍ਰਸੰਗ ਬਾਹੋਵਾਲ ਨੇ ਲਿਖੇ ਹਨ। ਇਸ ਤਰ੍ਹਾਂ ਖੰਡੇ ਪਾਹੁਲ ਪ੍ਰਚਾਰ ਦੇ ਇਤਿਹਾਸ ਉੱਤੇ ਗੰਭੀਰ ਚਾਣਨਾ ਵੀ ਪੈਂਦਾ ਹੈ। ਏਸ ਸੰਗਮ ਦੀ ਸ਼ਿਰੋਮਣੀ ਵਿਚ ਸਤਿਗੁਰੂ ਰਾਮ ਸਿੰਘ ਜੀ ਇਲਾਕੇ ਦਾ ਖੁੱਲ੍ਹਾ ਦੌਰਾ ਕੀਤਾ। ਏਸ ਦੌਰੇ ਦੀ ਖ਼ਬਰ ਸਿਆਲਕੋਟ ਦੇ ਡੀ.ਸੀ. ਮੈਕਨਬ ਨੇ 5 ਅਪ੍ਰੈਲ 1863 ਵਿਚ ਲਾਹੌਰ ਸਰਕਾਰ ਨੂੰ ਭੇਜੀ। ਏਸ ਹਲਚਲ ਦੇ ਮੱਦੇਨਜ਼ਰ ਹਰੇਕ ਜਿਲ੍ਹੇ ਦੀ ਸਰਕਾਰ ਨੂੰ ਚੌਕਸ ਕਰਕੇ ਨਵੀਂ ਲਹਿਰ ਦੀ ਰਿਪੋਰਟਾਂ ਇਕੱਠੀਆਂ ਕਰਨ ਤੇ ਭੇਜਣ ਦੇ ਆਦੇਸ਼ ਦਿੱਤੇ ਗਏ ਸਨ।

ਅਟਕ ਦੇ ਪੁਲਿਸ ਜ਼ਿਲ੍ਹਾ ਮੁਖੀ ਮਿੰਟਗੁਮਰੀ ਨੇ 12 ਜੂਨ ਸੰਨ 1863 ਪੰਜਾਬ ਸਰਕਾਰ ਨੂੰ ਲਿਖਿਆ—

ਲਗਭਗ 16 ਸਾਲ ਪਹਿਲਾਂ (ਸੰਨ 1847) ਅਰੋੜ ਜਾਤੀ ਦੇ (ਗੁਰੂ) ਬਾਲਕ ਸਿੰਘ ਨਾਮੀ ਸਿੱਖ ਨੇ ਜਿਲ੍ਹਾ ਰਾਵਲਪਿੰਡੀ ਦੇ ਹਜਰੋ ਨਾਮਕ ਨਗਰ ਵਿਚ ਨਵਾਂ ਫਿਰਕਾ ਚਲਾਇਆ। ਉਨ੍ਹਾਂ ਨੂੰ ਜਗਿਆਸੀ ਜਾਂ ਅਭਿਆਸੀਆ ਕਿਹਾ ਜਾਂਦਾ ਸੀ। ਅਤੇ ਉਸਨੇ ਆਪਣੇ ਜੀਵਨ ਕਾਲ ਵਿਚ ਨੇੜੇ ਤੇੜੇ ਦੇ ਇਲਾਕੇ ਵਿਚ ਆਪਣੇ ਬਹੁਤ ਸਾਰੇ ਪੈਰੋਕਾਰ ਬਣਾਏ। ਉਸਦੇ ਨਿਕਟਵਰਤੀ ਚੇਲਿਆਂ ਵਿਚੋਂ ਤਿੰਨ ਖ਼ਾਸ ਤੌਰ 'ਤੇ ਵਰਣਨ ਯੋਗ ਹਨ।

1. ਕਾਹਨ ਸਿੰਘ ਜੋ (ਗੁਰੂ) ਬਾਲਕ ਸਿੰਘ ਦੇ ਕਾਲਵਸ ਹੋਣ ਪਿੱਛੋਂ ਹਜਰੋ ਵਿਚ ਫਿਰਕੇ ਦਾ ਮੁਖੀ ਹੈ। (ਗੁਰੂ ਜੀ ਦਾ ਭਤੀਜਾ)
2. ਲਾਲ ਸਿੰਘ ਜੋ ਅੰਮ੍ਰਿਤਸਰ ਵਿਖੇ ਨਿਵਾਸ ਰੱਖਦਾ ਹੈ।
3. (ਸਤਿਗੁਰੂ) ਰਾਮ ਸਿੰਘ, ਜੋ ਲੁਧਿਆਣੇ ਜਿਲ੍ਹੇ ਦੇ ਭੈਣੀ ਪਿੰਡ ਦਾ ਨਿਵਾਸੀ ਹੈ।

ਇਸ ਫਿਰਕੇ ਦੇ ਮੁਖੀ (ਗੁਰੂ ਬਾਬਾ ਬਾਲਕ ਸਿੰਘ ਜੀ) ਜੋ ਛੇ ਮਹੀਨੇ ਪਹਿਲਾਂ ਚਲਾਣਾ ਕਰ ਗਏ, ਤੋਂ ਪਿਛੋਂ ਸਰਬ ਸੰਮਤੀ ਨਾਲ (ਸਤਿਗੁਰੂ) ਰਾਮ ਸਿੰਘ ਨੂੰ ਉਨ੍ਹਾਂ ਦਾ ਉੱਤਰਾਧਿਕਾਰੀ ਪ੍ਰਵਾਨ ਕੀਤਾ ਗਿਆ ਹੈ। ਭਾਵੇਂ ਹਜਰੋ ਦੇ ਆਸ-ਪਾਸ ਇਸ ਮਤ ਦਾ ਜੋਰ ਹੁਣ ਘੱਟ ਗਿਆ ਹੈ। ਪਰ ਹੁਣ ਉਸਦੇ ਉੱਤਰਾਧਿਕਾਰੀ (ਸਤਿਗੁਰੂ) ਰਾਮ ਸਿੰਘ ਦੇ ਆਲੇ ਦੁਆਲੇ ਦੇ ਇਲਾਕੇ ਵਿਚ ਏਹ ਮਤ ਜ਼ੋਰ-ਸ਼ੋਰ ਨਾਲ ਵੱਧ ਫੁੱਲ ਰਿਹਾ ਹੈ।

ਏਸ ਰਿਪੋਰਟ ਅਨੁਸਾਰ ਸਤਿਗੁਰੂ ਬਾਲਕ ਸਿੰਘ ਜੀ ਦੇ ਉੱਤਰਾਧਿਕਾਰੀ ਰੂਪ ਵਿਚ ਸਰਬ ਸੰਮਤ ਪ੍ਰਵਾਣਗੀ ਪ੍ਰਮਾਣਤ ਹੋਂਦੀ ਹੈ। ਏਥੇ ਸਤਿਗੁਰੂ ਬਾਲਕ ਸਿੰਘ ਜੀ ਦੇ ਤਿੰਨ ਮੁਖੀ ਚੇਲਿਆਂ ਦਾ ਹੀ ਜ਼ਿਕਰ ਹੈ। ਇਸ ਦਾ ਮਤਲਬ ਹੈ ਕਿ ਗ਼ੈਰ ਸਿੱਖ ਨਾਮ ਵਾਲੇ ਸੰਤ ਸਾਧ ਮੰਜੀਦਾਰ ਸੇਵਕਾਂ ਦਾ ਜਿਕਰ ਕਰਨ ਲਈ ਸੂਚਨਾਵਾਂ ਨਹੀਂ ਸਨ ਮਿਲੀਆਂ। ਅਜੇਹੀ ਅਨੇਕ ਮੰਜੀਆਂ ਸਤਿਗੁਰੂ ਬਾਲਕ ਸਿੰਘ ਜੀ ਨੇ ਦਿੱਤੀਆਂ ਸਨ।

Sri Satguru Jagjit Singh Ji eLibrary NamdhariElibrary@gmail.com

ਜਿਨ੍ਹਾਂ ਦੇ ਪਰਿਵਾਰ ਦੇਸ਼ ਵੰਡ ਤੋਂ ਬਾਦ ਭਾਰਤ ਆ ਕੇ ਵੀ ਸਤਿਗੁਰੂ ਬਾਲਕ ਸਿੰਘ ਜੀ ਤੇ ਆਪਣੇ ਪੁਰਖਾਂ ਦੇ ਦਿਨ ਮਨਾਂਦੇ ਹਨ। ਖੋਜ ਕਰਕੇ ਇਤਿਹਾਸ-ਕਥਾ ਇਕੱਤਰ ਕਰਨ ਦੀ ਲੋੜ ਹੈ।

ਭਗਤ ਲਕਸ਼ਮਣ ਸਿੰਘ ਦੀ ਆਤਮ ਕਥਾ ਵਿਚ ਸਤਿਗੁਰੂ ਬਾਲਕ ਸਿੰਘ ਜੀ ਵੱਲੋਂ ਸਾਈਂ ਸਾਹਿਬ ਨੂੰ ਲਿਖੀ ਚਿੱਠੀ ਦੀ ਸਤਿਕਾਰਤ ਨਿਰਮਾਨਤਾ ਨਾਲ ਅਨੁਮਾਨ ਲਗਾਇਆ ਗਿਆ ਹੈ ਕਿ ਸਾਈਂ ਸਾਹਿਬ ਸਤਿਗੁਰੂ ਬਾਲਕ ਸਿੰਘ ਜੀ ਦੇ ਮੁਰਸ਼ਦ ਸਨ। ਅਜੇਹਾ ਹੋਂਦਾ ਤਾਂ ਸਰਕਾਰੀ ਰਿਪੋਰਟ ਵਿਚ ਜਰੂਰ ਜਿਕਰ ਹੋਂਦਾ। ਭਗਤ ਜਵਾਹਰ ਮਲ ਜੀ ਵਾਂਗ ਹੀ ਭਾਈ ਸੰਗਤਾ ਜੀ, ਭਾਈ ਧਨੀ ਰਾਮ ਜੀ ਆਦਿਕ ਦੇ ਨਿਜੀ ਸ਼ਰਧਾਲੂ ਸਿੱਖ ਸੰਗਤਾਂ ਦੇ ਵੇਰਵੇ ਵੀ ਮਿਲਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਤੇ ਹੋਰ ਗੁਰੂਆਂ ਦੀ ਦਿੱਤੀਆਂ ਮੋਹਰਾਂ ਅਤੇ ਮੰਜੀਦਾਰਾਂ ਦੇ ਵੰਸ਼ਜ ਅਜ ਤਕ ਪੂਜਾ ਭੇਟ ਲੈਂਦੇ ਸੁਣੇ ਗਏ ਹਨ। ਕੂਕਾ ਪੰਥ ਦੇ ਬਦੇਸ਼ੀ ਸੰਪਰਕ ਸੂਤਰ ਬਾਬਾ ਗੁਰਚਰਨ ਸਿੰਘ ਆਪਣੇ ਕਾਬੁਲ ਆਦਿਕ ਦੇ ਦੌਰਿਆਂ ਦਾ ਕਾਰਣ ਹੀ ਪੂਜਾ ਭੇਟ ਉਗਰਾਹੀ ਸਿੱਧ ਕਰਦਾ ਹੈ। ਉਸ ਲਈ ਏਹ ਇਕ ਵੱਡਾ ਕੂਟਨੀਤਕ ਕਵਚ ਸੀ।

ਉਪਰੋਕਤ ਰਿਪੋਰਟ ਅਨੁਸਾਰ 1847 ਈ. ਵਿਚ ਸਤਿਗੁਰੂ ਬਾਲਕ ਸਿੰਘ ਜੀ ਦਾ ਪ੍ਰਗਟ ਤੌਰ 'ਤੇ ਸੰਪਰਦਾ ਵਿਚ ਜਿਗਿਆਸੂਆਂ ਦੇ ਆਉਣ ਅਤੇ ਨਾਮ ਲੈ ਕੇ ਅਭਿਆਸੀਆਂ ਦੇ ਰੂਪ ਵਿਚ ਖਿਆਤੀ ਪ੍ਰਾਪਤ ਕਰਨਾ ਸਿੱਧ ਹੋਂਦਾ ਹੈ। ਲੇਕਿਨ ਬਗੀਚੀ ਵਿਚ ਸਤਿਸੰਗ ਅਤੇ ਨਾਮ ਦਾਨ ਦਾ ਨਿਰੰਤਰ ਯੱਗ ਤਾਂ ਕਈ ਸਾਲ ਪਹਿਲਾਂ ਸ਼ੁਰੂ ਹੋ ਚੁੱਕਿਆ ਸੀ। ਕਿਉਂਕਿ ਲਾਹੌਰ ਦੇ ਫੌਜੀਆਂ ਨੇ ਸੰਨ 1841 ਵਿਚ ਨਾਮ ਦਾਨ ਪ੍ਰਾਪਤ ਕਰਕੇ ਸ਼ਾਂਤ ਪਾਈ ਸੀ। ਜਗ ਜਾਹਿਰ ਖਿਆਤੀ ਬੇਸ਼ਕ ਸੰਨ 1847 ਵਿਚ ਉਜਾਗਰ ਹੋਈ ਮੰਨੀ ਜਾ ਸਕਦੀ ਹੈ। ਇਤਿਹਾਸ ਦੇ ਕਥਾ ਵਿਸਤਾਰ ਲਈ ਖੋਜੀ ਸਹਿਯੋਗ ਗੁਰ ਪ੍ਰਸਾਦਿ ਨਾਲ ਹੀ ਮਿਲੇਗੀ।

ਜਾਮਾ ਪਹਿਰੈ ਬਾਰਵਾਂ ਪ੍ਰਗਟੈ ਆਦਿ ਰਘੁਬੰਸ॥
ਸੰਗਤ ਮਿਲੈ ਅਨੰਤ ਤਬ ਮਾਨੋ ਕੋਟ ਸਹੰਸ॥੧੧॥
ਦੁਆਦਸ ਪੁਰਖ ਹੈ ਆਦਿ ਸੇ ਸਭ ਹਨ ਕੇ ਸਿਰਮੌਰ॥
ਸਕਤਿ ਅਨੰਤੀ ਆਇੰਗੇ ਆਦਿ ਇਹੈ ਨਹੀਂ ਔਰ॥੧੨॥
ਜਾਕੋ ਸੁਰਜਸ ਰਟਤ ਹੈ ਸੇਖਤ ਕੋਟ ਮਹੇਸ॥
ਸੋ ਪ੍ਰਗਟੇਗਾ ਪ੍ਰਿਥੀ ਪਰ ਕੁਲ ਛਤਰੀਅਨ ਦਨੇਸ॥੧੩॥

Sri Satguru Jagjit Singh Ji eLibrary NamdhariElibrary@gmail.com

ੴ ਸਤਿਗੁਰੂ ਰਾਮ ਸਿੰਘ ਜੀ ਸਹਾਇ

ਦੁਆਦਸ ਪੁਰਖ ਹੈ ਆਦਿਸੇ
ਸ੍ਰੀ ਸਤਿਗੁਰੂ ਰਾਮ ਸਿੰਘ ਜੀ

ਗੁਰੂ ਬਾਣੀ ਅਨੁਸਾਰ ਸਮੁੰਦਰਾਂ ਨੂੰ ਸਿਆਹੀ ਬਣਾ ਕੇ ਸਗਲ ਬਨਰਾਏ ਦੀ ਕਲਮਾਂ ਬਣਾ ਕੇ ਵੀ ਗੁਰੂ ਪਰਮੇਸਰ ਦੀ ਉਸਤਤਿ ਸੰਭਵ ਨਹੀਂ। ਸਤਿਗੁਰੂ ਦੀ ਉਸਤਤਿ ਉਪਮਾ ਇਕ ਸਿੱਖ ਦੇ ਵਿਸ਼ਵਾਸ, ਸ਼ਰਧਾ ਤੇ ਭਾਵਨਾ ਦਾ ਵਿਸ਼ਾ ਹੈ। ਏਸ ਲਈ ਇਕ ਸਿੱਖ ਦਾ ਮਾਨਸਿਕ ਵਿਕਾਸ ਗੁਰਮਤਿ ਸਦਾਚਾਰੀ ਜੀਵਨ ਵਿਚ ਨਾਮ ਗੁਰਮੰਤਰ ਜਪੁ ਰੂਪੀ–ਸਤਿਗੁਰੂ ਕੀ ਸੇਵਾ ਸਫਲ ਹੈ–ਦੇ ਰੂਪ ਵਿਚ ਹੋਂਦਾ ਹੈ। ਜਪੁ ਸਿਰਲੇਖ ਨਾਲ ਆਰੰਭੀ ਗੁਰਬਾਣੀ ਦੇ ਅਨੁਸਾਰ ਸਿੱਖੀ–ਕੀ ਹੈ ? ਸਿੱਖਿਆ ਗੁਰ ਵੀਚਾਰਿ!!!

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਅਵਤਰਣ ਪ੍ਰਕਾਸ਼ ਵਿਲੱਖਣ ਅਲੌਕਿਕਤਾ ਨਾਲ ਹੋਇਆ। ਬਸੰਤ ਪੰਚਮੀ ਰਾਤ ਸੰਮਤ 1872 ਬਿਕਰਮੀ ਮੁਤਾਬਕ 3 ਫਰਵਰੀ ਸੰਨ 1816 ਈ. ਨੂੰ ਮਾਤਾ ਸਦਾ ਕੌਰ ਦੇ ਗਰਭ ਵਿਚੋਂ ਇਕ ਮਸ਼ਕ ਜੇਹੀ ਹੀ ਨਿਕਲੀ। ਪਰਮੇਸ਼ਰ ਦਾ ਭਾਣਾ ਮੰਨ ਕੇ ਸਿਦਕੀ ਪਿਤਾ ਜੱਸਾ ਸਿੰਘ ਨੇ ਘਰ ਦੇ ਵੇਹੜੇ ਵਿਚ ਮਸ਼ਕ ਦਬਾ ਦੇਣ ਦਾ ਕਾਰਜ ਕੀਤਾ। ਮਾਤਾ ਜੀ ਇਸ਼ਨਾਨ ਕਰਕੇ ਬਿਸਤਰ ਤੇ ਬੈਠਣ ਲੱਗੇ ਤਾਂ ਬਿਸਤਰ ਉੱਤੇ ਇਕ ਸੁੰਦਰ ਸਰੂਪ ਬਾਲਕ ਪੈਰ ਦਾ ਅੰਗੂਠਾ ਚੂਸ ਰਿਹਾ ਸੀ। ਉਸੇ ਸਮੇਂ ਹੀ ਪਿਤਾ ਜੱਸਾ ਸਿੰਘ ਨੇ ਉਸ ਕਮਰੇ ਵਿਚ ਪ੍ਰਵੇਸ਼ ਕੀਤਾ। ਸਾਰਾ ਕਮਰਾ ਪਰਮੇਸ਼ਰ ਦੇ ਬਾਲਕ ਸਰੂਪ ਦੇ ਦੈਵੀ ਪ੍ਰਕਾਸ਼ ਨਾਲ ਭਰਿਆ ਹੋਇਆ ਸੀ। ਸਿਦਕਾ ਦੇ ਬੇੜੇ ਪਾਰ ਲੱਗੇ ਤੇ ਬਾਲਕ ਰੂਪ ਪੁੱਤਰ ਦਾ ਅਵਤਰਣ ਪ੍ਰਕਾਸ਼ ਹੋ ਗਿਆ ਸੀ।

ਉਸ ਸਮੇਂ ਪਿਤਾ ਜੱਸਾ ਸਿੰਘ ਰਿਲਪੁਰ ਰਾਈਆ ਪਿੰਡ ਵਿਚ ਰਹਿੰਦੇ ਸਨ। ਆਪ ਲੋਹਾਰਾ-ਤਰਖਾਣਾ ਕਿਰਤ ਕਰਦੇ ਹੋਏ ਕਿਰਸਾਨੀ ਲਈ ਲੋੜੀਂਦੇ ਔਜਾਰ ਬਣਾ ਕੇ ਦੇਂਦੇ ਸਨ। ਦੋ ਕੁ ਸਾਲ ਬਾਦ ਆਪ ਦਾ ਪਰਿਵਾਰ ਪਿੰਡ ਰਾਈਆਂ ਦੀ ਦੂਜੀ ਪੱਤੀ ਭੈਣੀ ਵਿਚ ਆ ਗਿਆ। ਏਥੇ ਹੀ ਅਸੂ ਸੁਦੀ ਤੀਜ ਸੰਮਤ 1876 ਬਿਕਰਮੀ (ਸੰਨ 1820) ਵਿਚ ਛੋਟੇ ਪੁੱਤਰ ਬੁੱਧ ਸਿੰਘ ਦਾ ਜਨਮ ਹੋਇਆ ਸੀ। ਸਤਿਗੁਰੂ ਜੀ ਦੋ ਵੱਡੀਆਂ ਭੈਣਾਂ ਵੀ ਸਨ। ਵੱਡੀ ਭੈਣ ਸਾਹਿਬ ਕੌਰ ਰਾਏਪੁਰ ਦੇ ਕਾਬੁਲ ਸਿੰਘ ਨਾਲ ਵਿਆਹੀ ਗਈ ਸੀ। ਕਾਬੁਲ ਸਿੰਘ ਲਾਹੌਰ ਦਰਬਾਰ ਦੇ ਮਹਾਰਾਜਾ ਰਣਜੀਤ ਸਿੰਘ ਦੇ ਤੋਪਖਾਨੇ ਵਿਚ ਜਮਾਂਦਾਰ ਸੀ। ਛੋਟੀ ਭੈਣ ਦਾ ਨਾਮ ਰਾਮ ਕੌਰ ਸੀ। ਬਾਬਾ ਜੱਸਾ ਸਿੰਘ ਨੇ ਰਾਮ-ਰਾਮ ਦਾ ਗੁਰਮੰਤਰ ਬਿਲਗਾ ਦੇ ਸਾਧਾਂ ਤੋਂ ਲਿਆ ਹੋਇਆ ਸੀ। ਏਸ ਲਈ 9-10 ਸਾਲ ਦੀ ਉਮਰ ਵਿਚ ਸਤਿਗੁਰੂ ਰਾਮ ਸਿੰਘ ਜੀ ਨੂੰ ਛੋਟੇ ਭਾਈ ਨਾਲ ਉਦਾਸੀਆਂ ਦੇ ਏਸ ਡੇਰੇ ਵਿਚ ਗੁਰਬਾਣੀ ਪੜ੍ਹਨ ਭੇਜਿਆ ਗਿਆ ਸੀ।

Sri Satguru Jagjit Singh Ji eLibrary NamdhariElibrary@gmail.com



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪਾਤਸ਼ਾਹੀ ੧੨

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ਬਚਪਨ ਵਿਚ ਮਾਤਾ ਸਦਾ ਕੌਰ ਕੋਲੋਂ ਹੀ ਗੁਰਬਾਣੀ ਕੰਠ ਕਰਨ ਦਾ ਅਭਿਆਸ ਕੀਤਾ ਗਿਆ। ਪਿੰਡ ਦੇ ਬਾਲਕਾਂ ਨਾਲ ਪਸ਼ੂ ਚਾਰਦੇ ਹੋਏ ਰੱਸੀ ਨੂੰ ਗੰਡਾਂ ਮਾਰ ਕੇ ਨਾਮ ਜਪ ਦਾ ਅਭਿਆਸ ਆਪ ਕਰਦੇ ਅਤੇ ਸਾਥੀ ਬਾਲਕਾਂ ਤੋਂ ਵੀ ਕਰਵਾਉਂਦੇ ਰਹਿੰਦੇ ਸਨ। ਹੋਰ ਖੇਡਾਂ ਨਾਲ ਏਹ ਖੇਡ ਵੀ ਇਕ ਜਰੂਰੀ ਹਿੱਸਾ ਸੀ। ਪਿਤਾ ਨਾਲ ਬਟਾਈ ਦੀ ਖੇਤੀ ਵਿਚ ਯੋਗ ਹਿੱਸਾ ਪਾਉਂਦੇ ਰਹੇ। ਉਸ ਸਮੇਂ ਦੇ ਰਿਵਾਜ ਅਨੁਸਾਰ ਸੱਤ ਸਾਲ ਦੀ ਉਮਰ ਵਿਚ ਸਾਹਨੇਵਾਲ ਦੇ ਨੇੜੇ ਪਿੰਡ ਧਰੋੜ ਦੇ ਭਾਈ ਸਾਹਬੂ ਦੀ ਪੁੱਤਰੀ ਬੀਬੀ ਜੱਸਾ ਨਾਲ ਵਿਆਹ ਹੋ ਗਿਆ ਸੀ। ਜਵਾਨੀ ਵਿਚ ਸਮਾਜਕ ਗੀਤ ਅਨੁਸਾਰ ਮੁਕਲਾਵੇ ਦੀ ਰਸਮ ਹੋਈ। ਆਪ ਦੀ ਦੋ ਪੁੱਤਰੀਆਂ ਬੀਬੀ ਨੰਦਾ ਅਤੇ ਦਇਆ ਕੌਰ ਦਾ ਜਨਮ ਹੋਇਆ। ਇਕ ਪੁੱਤਰ ਦਾ ਜਨਮ ਹੋਇਆ ਜੋ 8 ਦਿਨ ਬਾਦ ਗੁਜਰ ਗਿਆ ਸੀ। ਬੇਟੀ ਨੰਦਾ ਦਾ ਵਿਆਹ ਸਮਾਂ ਪਾ ਕੇ ਪਿੰਡ ਖਟੜੇ ਚਹਾਰਮੀ ਦੇ ਸਮੁੰਦ ਸਿੰਘ ਨਾਲ ਹੋਇਆ। ਬੀਬੀ ਨੰਦਾ ਦੇ ਤਿੰਨ ਪੁੱਤਰਾਂ ਦੀ ਪਰਿਵਾਰ ਫੁਲਵਾੜੀ ਪ੍ਰਫੁਲਿਤ ਹੈ। ਛੋਟੀ ਬੇਟੀ ਦਇਆ ਕੌਰ ਦਾ ਵਿਆਹ ਨਾਰੰਗਵਾਲ ਦੇ ਮਤਾਬ ਸਿੰਘ ਨਾਲ ਹੋਇਆ। ਦਇਆ ਕੌਰ ਦਾ ਕਤਲ ਕ੍ਰੋਧੀ ਮਤਾਬ ਸਿੰਘ ਨੇ ਕੀਤਾ ਤੇ ਫਾਂਸੀ ਦੀ ਸਜਾ ਪਾਈ ਸੀ।

ਜਵਾਨੀ ਵਿਚ ਸਤਿਗੁਰੂ ਜੀ ਦਾ ਦਰਸ਼ਨੀ ਸਰੂਪ ਇਕ ਵਾਰੀ ਸਭ ਨੂੰ ਮੋਹਿਤ ਕਰ ਦੇਂਦਾ ਸੀ। ਲੰਬਾ ਕਦ ਪਰ ਸੁੰਦਰ ਸੁਢੋਲ ਕਾਇਆ ਤੇ ਤਿੱਖੇ ਨੈਣ-ਨਕਸ਼ਾਂ ਨਾਲ ਹਜਾਰਾਂ ਦੀ ਭੀੜ ਵਿਚ ਵੀ ਦੂਰੋਂ ਪਹਿਚਾਨੇ ਜਾ ਸਕਦੇ ਸਨ। ਛਾਤੀ ਚੌੜੀ, ਕਮਰ ਪਤਲੀ ਅਤੇ ਲੰਬੇ ਬਾਜੂ ਗੋਡਿਆਂ ਤੱਕ ਅਜਾਨ ਬਾਹੂ ਅਵਤਾਰੀ ਚੱਕਰ ਚਿੰਨ੍ਹ ਸਨ। ਸੰਨ 1837 ਵਿਚ ਭਣਵਈਆ ਕਾਬੁਲ ਸਿੰਘ ਸਸੁਰਾਲ ਪਿੰਡ ਭੈਣੀ ਆਇਆ। ਆਪ ਦੇ ਦਰਸ਼ਨੀ ਸਰੂਪ ਨੂੰ ਦੇਖ ਕੇ ਨਾਲ ਹੀ ਲਾਹੌਰ ਲੈ ਗਿਆ। ਮਹਾਰਾਜ ਰਣਜੀਤ ਸਿੰਘ ਨੇ ਆਪਣੇ ਲਾਡਲੇ ਪੋਤਰੇ ਨੌਨਿਹਾਲ ਸਿੰਘ ਦੇ ਨਾਮ ਦੀ ਵਿਸ਼ੇਸ਼ ਰੈਜੀਮੈਂਟ ਵਿਚ ਘੋੜ ਸਵਾਰ ਭਰਤੀ ਕਰ ਲਿਆ।

ਉਸ ਸਮੇਂ ਮਹਾਰਾਜਾ ਰਣਜੀਤ ਸਿੰਘ ਦਾ ਨਿਜੀ ਤੇਜ ਢਹਿੰਦੀਆਂ ਕਲਾਂ ਵਿਚ ਸੀ। ਇਕ ਧਰਮੀ ਤੇ ਗੁਰੂ ਸੇਵੀ ਰੂਪ ਦੀ ਪਛਾਣ ਸ਼ਬਾਬ-ਸ਼ਰਾਬ-ਕਬਾਬ ਵਿਚ ਰੁਲ ਰਹੀ ਸੀ। ਜੈਸਾ ਰਾਜਾ ਵੈਸੀ ਪਰਜਾ—ਏਸ ਤਰ੍ਹਾਂ ਸਿੱਖ ਸਰਦਾਰਾਂ ਤੇ ਸੈਨਾ ਦਾ ਚਰਿੱਤਰ ਵੀ ਪਤਨ ਦੇ ਰਾਹ ਤੁਰ ਰਿਹਾ ਸੀ। ਅਕਾਲੀ ਫੂਲਾ ਸਿੰਘ ਦੀ ਸ਼ਹੀਦੀ 1823 ਈ. ਤੋਂ ਬਾਦ ਸਿੱਖ ਧਰਮ ਦੇ ਭੈਅ ਦਾ ਕੁੰਡਾ ਕੋਈ ਨਹੀਂ ਸੀ ਰਹਿ ਗਿਆ।

ਸੰਨ 1838 ਵਿਚ ਫਿਰੰਗੀਆਂ ਦੀ ਦਾਵਤ ਦੀ ਜਹਿਰੀਲੀ ਸ਼ਰਾਬ ਨਾਲ ਮਹਾਰਾਜਾ ਰਣਜੀਤ ਸਿੰਘ ਨੂੰ ਅਧਰੰਗ ਹੋਇਆ। ਸਿੱਖ ਰਾਜ ਦੇ ਸੂਰਜ ਨੂੰ ਹੀ ਗ੍ਰਹਿਣ ਲੱਗ ਰਿਹਾ ਸੀ। 27 ਜੂਨ ਸੰਨ 1839 ਵਿਚ ਮਹਾਰਾਜਾ ਦੀ ਮੌਤ ਹੋ ਗਈ। ਮਗਰੋਂ ਮਹਾਰਾਜਾ ਖੜਗ ਸਿੰਘ ਤੇ ਉਸਦਾ ਪੁੱਤਰ ਮਹਾਰਾਜਾ ਨੌਨਿਹਾਲ ਸਿੰਘ ਵੀ ਨਮਕ ਹਰਾਮ ਡੋਗਰਿਆਂ ਨੇ ਮਾਰ-ਮਰਵਾ ਦਿੱਤੇ। ਮਹਾਰਾਜਾ ਖੜਗ ਸਿੰਘ ਦੀ ਵਿਧਵਾ ਚੰਦ ਕੌਰ ਕੋਲੋਂ ਰਾਜ ਖੋਹ ਕੇ ਮਹਾਰਾਜਾ ਸ਼ੇਰ ਸਿੰਘ ਨੇ ਚੰਦ ਕੌਰ ਦਾ ਫਸਤਾ ਵੀ ਵੱਢ ਦਿੱਤਾ। ਰਾਣੀ ਚੰਦ ਕੌਰ ਸਮੇਂ ਗੁਲਾਬ ਸਿੰਘ ਡੋਗਰੇ ਨੇ ਬੜੀ ਚਾਲਾਕੀ ਨਾਲ ਲਾਹੌਰ ਦਰਬਾਰ ਦਾ ਸਾਰਾ ਖਜਾਨਾ

Sri Satguru Jagjit Singh Ji eLibrary NamdhariElibrary@gmail.com

ਜੰਮੂ ਵੱਲ ਢੋ ਲਿਆ ਸੀ। ਜਦੋਂ ਸ਼ੇਰ ਸਿੰਘ ਗੱਦੀ ਤੇ ਬੈਠਾ ਤਾਂ ਸਾਥੀ ਫੌਜ ਨੂੰ ਸੋਨੇ ਦੇ ਕੜੇ ਦੇ ਕੇ ਬਾਕੀਆਂ ਨੂੰ ਤਨਖਾਹ ਦੇਣ ਲਈ ਵੀ ਖਜਾਨਾ ਖਾਲੀ ਸੀ। ਪੇਸ਼ਾਵਰ ਤੋਂ ਖਜਾਨਾ ਮੰਗਵਾਣ ਲਈ ਡਾਚੀਆਂ ਦੌੜਾਈਆਂ ਗਈਆਂ। ਸੰਨ 1841 ਵਿਚ ਇਕ ਫੌਜੀ ਟੁਕੜੀ ਦੇ ਨਾਲ ਨੌਨਿਹਾਲ ਸਿੰਘ ਰੈਜੀਮੈਂਟ ਵੀ ਭੇਜੀ ਗਈ। ਮਹਾਰਾਜੇ ਦੀ ਮੌਤ ਤੋਂ ਬਾਦ ਏਸ ਰੈਜੀਮੈਂਟ ਨੇ ਖਾਨਾਜੰਗੀ ਵਿਚ ਆਪਣਾ ਈਮਾਨ ਕਾਇਮ ਰੱਖਿਆ ਸੀ। ਇਸ ਲਈ ਮਗਰੋਂ ਭਗਤਾਂ ਵਾਲੀ ਰੈਜੀਮੈਂਟ ਨਾਮ ਪੈ ਗਿਆ।

ਖਜਾਨਾ ਲਿਉਣ ਵਾਲੀ ਫੌਜ ਨੂੰ ਹਜਰੋ ਪੁੱਜ ਕੇ ਸਮਾਚਾਰ ਮਿਲਿਆ ਕੇ ਪੇਸ਼ਾਵਰ ਤੋਂ ਖਜਾਨਾ ਲੈ ਕੇ ਫੌਜ ਅਟਕ ਕੰਡੇ ਬਾਉਲੀ ਸਾਹਿਬ ਨਾਮਕ ਸਥਾਨ ਤੇ ਪੁੱਜ ਗਈ ਹੈ। ਨੌਨਿਹਾਲ ਸਿੰਘ ਰੈਜੀਮੈਂਟ ਦੇ ਸਰਦਾਰ ਅਫਸਰ ਜਮੀਤ ਸਿੰਘ ਗਿਲੀਂ ਵਾਲੇ ਦਾ ਨਿਜੀ ਜੀਵਨ ਇਕ ਪੂਰਨ ਗੁਰਸਿੱਖ ਵਾਲਾ ਸੀ। ਉਸ ਰੈਜੀਮੈਂਟ ਦੇ ਵਿਚ ਸੈਨਿਕ ਸਤਿਗੁਰੂ ਰਾਮ ਸਿੰਘ ਜੀ ਦੇ ਆਉਣ ਨਾਲ ਮਾਹੌਲ ਹੋਰ ਵੀ ਗੁਰੂ ਭੈ ਵਾਲਾ ਹੋ ਗਿਆ ਸੀ। ਸਿੱਖੀ ਪਰੰਪਰਾ ਅਨੁਸਾਰ ਉਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਦੀ ਭਵਿੱਖ ਬਾਣੀਆਂ ਅਨੁਸਾਰ ਗੁਰੂ ਖੋਜ ਦੀ ਭਾਵਨਾ ਸ਼ਰਧਾਵਾਨ ਹਿਰਦਿਆਂ ਵਿਚ ਮਘਦੀ ਰਹਿੰਦੀ ਸੀ।

ਹਜਰੋ ਜਾ ਕੇ ਬਾਬਾ ਜਮੀਤ ਸਿੰਘ ਦੇ ਵੈਰਾਗੀ ਹਿਰਦੇ ਦੀ ਭਗਤੀ ਪ੍ਰਫੁੱਲਿਤ ਹੋਈ। ਸੂੰਹ ਸੁਣ ਕੇ ਉਹ ਉਸ ਬਗੀਚੀ ਵਿਚ ਪੁੱਜ ਗਏ ਜਿੱਥੇ ਸਤਿਗੁਰੂ ਬਾਲਕ ਸਿੰਘ ਜੀ ਸਿੱਖੀ ਬਾਗ ਦੀ ਰਾਖੀ ਕਰ ਰਹੇ ਸਨ। ਗੁਰੂ ਝਲਕ ਪਾ ਕੇ ਨੇੜੇ ਜਾ ਕੇ ਚਰਣਾਂ ਵਿਚ ਸਿਰ ਅਰਪਣ ਕਰ ਦਿੱਤਾ। ਸਿੱਖ ਨੂੰ ਗੁਰੂ ਮਿਲ ਗਿਆ ਅਤੇ ਗੁਰ ਮੰਤਰ ਪ੍ਰਸਾਦਿ ਪਾਕੇ ਨਿਹਾਲ ਹੋ ਗਿਆ। ਦਮਕਦੇ ਚੇਹਰੇ ਨਾਲ ਬਾਬਾ ਜਮੀਤ ਸਿੰਘ ਨੇ ਕਿਲ੍ਹੇ ਵਿਚ ਆਕੇ ਸਾਥੀ ਸਿੰਘਾਂ ਨੂੰ ਸ਼ੁਭ ਸਮਾਚਾਰ ਸੁਣਾਇਆ—ਜਿਸ ਗੁਰੂ ਸਰੂਪ ਦੀ ਭਾਲ ਕਰਦੇ ਸੀ ਉਸਦੇ ਦਰਸ਼ਨ ਹੋ ਗਏ ਹਨ। ਅਗਲੇ ਦਿਨ ਚਾਵਾਂ ਭਰੇ 20-25 ਸਿੱਖ ਸੈਨਿਕਾਂ ਦੀ ਟੋਲੀ ਨਾਲ ਸੈਨਿਕ ਸਤਿਗੁਰੂ ਰਾਮ ਸਿੰਘ ਜੀ ਬਗੀਚੀ ਵਿਚ ਦਰਸ਼ਨ ਕਰਕੇ ਨਿਹਾਲ ਹੋਏ। ਸਭ ਨੇ ਗੁਰੂ ਜੀ ਤੋਂ ਨਾਮ ਦੀ ਦਾਤ ਪ੍ਰਾਪਤ ਕਰਦੇ ਹੋਏ ਗੁਰਮਤਿ ਰਹਿਤ ਰਹਿਣੀ ਦੀ ਵਿਸ਼ੇਸ਼ ਸਿੱਖਿਆ ਦੀਖਿਆ ਲਈ।

ਇਸ ਜੱਥੇ ਵਿਚ ਰੈਜੀਮੈਂਟ ਦੇ ਅਫਸਰ ਕਾਹਨ ਸਿੰਘ ਵੀ ਸ਼ਾਮਲ ਸਨ। ਆਪ ਨੇ ਸਤਿਗੁਰੂ ਬਾਲਕ ਸਿੰਘ ਜੀ ਨੂੰ ਅਰਜ ਕੀਤੀ ਸਾਡੇ ਵਿਚੋਂ ਮੁਖੀ ਕੌਣ ਹੈ। ਸਤਿਗੁਰੂ ਬਾਲਕ ਸਿੰਘ ਜੀ ਨੇ ਬੜੇ ਰਮਜ ਭਰੇ ਢੰਗ ਨਾਲ ਸੈਨਿਕ ਸਤਿਗੁਰੂ ਰਾਮ ਸਿੰਘ ਜੀ ਨੂੰ—ਆਓ ਠਾਕੁਰ ਜੀ—ਕਹਿ ਕੇ ਸੰਬੋਧਨ ਕੀਤਾ ਸੀ। ਸਤਿਗੁਰੂ ਬਾਲਕ ਸਿੰਘ ਜੀ ਨੇ ਰਮਜ ਭਰੇ ਢੰਗ ਨਾਲ ਬਚਨ ਕੀਤਾ। "ਨਾਲੇ ਦਾ ਜਤੀ, ਬਚਨ ਦਾ ਪੂਰਾ, ਤੇਗ ਦਾ ਧਨੀ—ਇਹ ਲੱਛਣ ਜਿਸ ਵਿਚ ਹੋਣਗੇ ਉਹ ਆਪੇ ਗਜਣਗੇ।"

ਵਾਪਿਸ ਲਾਹੌਰ ਜਾ ਕੇ ਮਸਤੀ ਦਾ ਪਹਿਲਾ ਰੰਗ ਅਫਸਰ ਕਾਹਨ ਸਿੰਘ ਨੇ ਦੇਖਿਆ। ਜਦੋਂ ਸੈਨਿਕ ਸਤਿਗੁਰੂ ਜੀ ਸਤਿਗੁਰੂ ਬਾਲਕ ਸਿੰਘ ਜੀ ਦੇ ਹੁਕਮ ਨਾਲ ਆਪਣਾ ਪਰਸ਼ਾਦਾ ਆਪ ਬਣਾ ਰਹੇ ਸਨ। ਅਫਸਰ ਕਾਹਨ ਸਿੰਘ ਦੇ ਸੇਵਕ ਨੇ ਲੋਹ ਖਾਲੀ ਕਰਨ ਲਈ ਕਿਹਾ ਤਾਂ ਆਪ ਨੇ ਕਿਰਪਾਨ ਨਾਲ ਲੋਹ ਵਿਚ ਲੀਕ ਪਾ ਦਿੱਤੀ।

Sri Satguru Jagjit Singh Ji eLibrary NamdhariElibrary@gmail.com

ਉਸ ਫੌਜੀ ਨੇ ਦੇਖਿਆ ਕਿ ਅੱਧੀ ਲੋਹ ਸੁਨੈਹਰੀ ਹੋ ਗਈ। ਉਸ ਨੇ ਏਹ ਕੌਤਕ ਕਾਹਨ ਸਿੰਘ ਜੀ ਨੂੰ ਦੱਸਿਆ ਤੇ ਉਹ ਕੌਤਕ ਦੇਖ ਕੇ ਪਹਿਲੇ ਸ਼ਰਧਾਲੂਬਣੇ। ਮਗਰੋਂ ਵੀ ਬਹੁਤ ਕੌਤਕ ਉਨ੍ਹਾਂ ਨੂੰ ਹੀ ਦਿਖਾਣ ਦੀ ਸਾਖੀਆਂ ਮਿਲਦੀਆਂ ਹਨ। ਬਾਬਾ ਜਮੀਤ ਸਿੰਘ ਤੇ ਹੋਰ ਸਤਿਸੰਗੀਆਂ ਨੇ ਅਲੌਕਿਕ ਨਜਾਰੇ ਦੇਖ ਕੇ ਸਤਿਕਾਰ ਨਾਲ ਭਾਈ ਜੀ ਕਹਿਣਾ ਸ਼ੁਰੂ ਕਰ ਦਿੱਤਾ ਸੀ। ਮਗਰੋਂ ਮਸਤਾਨਾ ਜੀ ਤੇ ਅੜਬੰਗੀ ਸਿੰਘ ਨਾਮ ਵੀ ਧਰੇ ਗਏ।

ਅਗਲੇ ਚਾਰ ਸਾਲਾਂ ਵਿਚ ਭਾਈ ਜੀ ਨੇ ਮਸਤਾਨੇ ਰੂਪ ਵਿਚ ਕਈ ਕੌਤਕ ਕੀਤੇ। ਭਵਿੱਖਤ ਦੇ ਅਗੰਮੀ ਬੋਲੇ ਕੀਤੇ। ਅਜੇਹੇ ਰੰਗਾਂ ਵਿਚ ਪ੍ਰੇਮੀਆਂ ਨੇ ਭਾਈ ਜੀ ਨੂੰ ਮਸਤਾਨਾ ਕਹਿਣਾ ਸ਼ੁਰੂ ਕਰ ਦਿੱਤਾ। ਸ੍. ਕਾਹਨ ਸਿੰਘ ਤੇ ਸ੍. ਜਮੀਤ ਸਿੰਘ ਰੂਹਾਨੀ ਰਮਜਾਂ ਨੂੰ ਪਛਾਣਦੇ ਹੋਏ ਵਿਸ਼ੇਸ਼ ਰਾਖੀ ਕਰਨ ਲੱਗ ਪਏ ਸਨ। ਦੁਨੀਆਂ ਲਈ ਗੁਰੂ ਜੀ ਦੇ ਭਾਈ ਜੀ ਜਾਂ ਮਸਤਾਨਾ ਜੀ ਰੂਪ ਵਿਚ ਜੋ ਦਸ਼ਾ ਸੀ ਅਜੇਹੀ ਦਸ਼ਾ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਵੀ ਲੰਘੇ ਸਨ। ਗੁਰੂ ਜੀ ਨੇ ਲੋਕਾਈ ਦੀ ਭਾਵਨਾ ਇੰਝ ਦਰਜ ਕੀਤੀ ਹੈ।

ਕੋਈ ਆਖੈ ਭੂਤਨਾ ਕੋਈ ਕਹੈ ਬੇਤਾਲਾ॥
ਕੋਈ ਆਖੈ ਆਦਮੀ ਨਾਨਕੁ ਵੇਚਾਰਾ॥ (991)

ਸਿੱਖਾਂ ਦਾ ਆਚਰਣ ਦੇਖ ਕੇ ਮਸਤਾਨਾ ਜੀ ਉਨ੍ਹਾਂ ਨੂੰ ਗੁਰੂ ਭਵਿੱਖਤ ਅਨੁਸਾਰ ਮਲੇਛ ਖਾਲਸਾ ਕਹਿੰਦੇ ਹਨ। ਖਾਲਸਾ ਰਾਜ ਦੇ ਪਤਨ ਦੇ ਬੋਲ ਬਾਲੇ ਲਾਹੌਰ ਦਰਬਾਰ ਤੱਕ ਪੁੱਜੇ। ਭਣਵਈਏ ਕਾਬੁਲ ਸਿੰਘ ਨੇ ਸੰਗਲ ਮਾਰ ਕੇ ਤੋਪ ਨਾਲ ਬੰਨ੍ਹ ਦਿੱਤਾ। ਕਾਹਨ ਸਿੰਘ ਜੀ ਨੇ ਕਾਬੁਲ ਸਿੰਘ ਨੂੰ ਝਾੜਿਆ ਤੇ ਫਕੀਰੀ ਕਰੋਪੀ ਤੋਂ ਬਚਣ ਲਈ ਕਿਹਾ। ਮਹਾਰਾਜਾ ਵਲੋਂ ਸਜਾ ਹੋਣ 'ਤੇ ਵੀ ਸੇਵਕਾਂ ਨੇ ਜਾਮਨ ਬਣ ਕੇ ਛੁੜਵਾਇਆ। ਗੁਰੂ ਜੀ ਦੀ ਅੱਖਾਂ ਵਿਚੋਂ ਨੂਰੀ ਅਗਨੀ ਬਰਸਦੀ ਸੀ। ਰਸਨਾ ਵਿਚੋਂ ਸਿੱਖ ਰਾਜ ਦੀ ਤਬਾਹੀ ਦੇ ਬਚਨਾਂ ਨਾਲ ਨੈਣ ਵੱਗ ਤੁਰਦੇ ਸਨ। ਖਾਲਸਾ ਰਾਜ ਮਸਤਾਨਾ ਹੋ ਰਿਹਾ ਸੀ। ਆਖਿਰ 1845 ਦਿਸੰਬਰ ਵਿਚ ਮੁਦਕੀ ਨਾਮਕ ਸਥਾਨ ਤੇ ਅੰਗਰੇਜ ਨਾਲ ਪਹਿਲੀ ਜੰਗ ਸ਼ੁਰੂ ਹੋਈ। ਮਸਤਾਨਾ ਭਾਈ ਜੀ ਨੂੰ ਅਰਦਾਸ ਕਰਨ ਲਈ ਕਿਹਾ ਗਿਆ।

ਆਪ ਅਰਦਾਸ ਲਈ ਖੜ੍ਹੇ ਹੋਏ। ਅੱਖਾਂ ਮੀਟ ਕੇ ਭਵਿੱਖ ਦੇ ਨਜਾਰੇ ਦੇਖੇ। ਖਾਲਸੇ ਦੀ ਹਾਰ ਪ੍ਰਤੱਖ ਨਜ਼ਰ ਆਈ। ਆਪ ਗਿਰ ਗਏ। ਬਚਨ ਕੀਤਾ—ਧੋਖਾ-ਧੋਖਾ ਖਾਲਸਾ ਜਿੱਤ ਨਹੀਂ ਸਕਦਾ। ਦੂਜੀ ਜੰਗ ਦਾ ਸਿਲਸਿਲਾ ਸਭਰਾਵਾਂ ਵਿਚ ਫਰਵਰੀ 1846 ਵਿਚ ਹੋਇਆ। ਇਕ ਸਰਕਾਰ ਬਾਝੋਂ ਸਰਕਾਰ ਦੇ ਦਰਬਾਰੀਆਂ ਦੀ ਨਮਕ ਹਰਾਮੀ ਦੇ ਮੰਜਰ ਜਾਣਦੇ ਹੋਏ ਆਪਣੇ ਫੌਜ ਛੱਡ ਦਿੱਤੀ। ਫੌਜ ਦੇ ਅਫਸਰਾਂ ਨੇ ਰੋਕਿਆ ਤਾਂ ਆਪ ਨੇ ਕਿਹਾ ਮੈਂ ਤਾਂ ਕਦੀ ਵੀ ਤੁਹਾਡਾ ਨੌਕਰ ਨਹੀਂ ਸਾਂ। ਸਾਰੇ ਰਜਿਸਟਰਾਂ ਵਿਚੋਂ ਨਾਮ ਗਾਇਬ ਹੋ ਗਿਆ ਸੀ। ਸਤਿਲੁਜ ਦਾ ਬੇੜੀਆਂ ਦਾ ਪੁੱਲ ਤੋੜ ਦਿੱਤਾ ਗਿਆ ਸੀ। ਜੰਗੀ ਮਾਹੌਲ ਵਿਚ ਬੇੜੀ ਕਿੱਥੋਂ ਮਿਲਣੀ ਸੀ। ਆਪ ਨੇ ਆਪਣੇ ਕੱਪੜੇ ਪੋਟਲੀ ਬਣਾ ਕੇ ਸਿਰ ਤੇ ਬੰਨ੍ਹ ਲਈ। ਸਤਲੁਜ ਪਾਰ ਕਰਕੇ ਲੁਧਿਆਣੇ ਮਾਮੀ ਰਾਮੋ ਘਰ ਪੁੱਜ ਗਏ। ਮਾਮੀ ਮਾਮੇ ਨੇ ਖੁਸ਼ੀ ਨਾਲ ਮੁੜ ਵੇਂਡਿਆ।

ਮਾਮੀ ਨੇ ਸਮਾਚਾਰ ਦਿੱਤਾ ਕੇ ਬੇਟਾ ਹੋ ਕੇ ਮਰ ਗਿਆ ਹੈ। ਆਪ ਨੇ ਬਚਨ ਕੀਤਾ ਬਿੰਦੀ ਪੁੱਤਰ ਨਹੀਂ ਰੱਖਣਾ। ਸਾਡੇ ਨਾਦੀ ਪੁੱਤਰ ਬਹੁਤ ਹੋਣਗੇ। ਮਾਮੀ ਨਾਲ ਹੀ ਆਪਣੇ ਪਿੰਡ ਭੈਣੀ ਆਏ। ਭੈਣੀ ਸਾਹਿਬ ਆ ਕੇ ਇਕ ਸਾਲ ਘੋਰ ਵੈਰਾਗ ਵਿਚ ਮਸਤਾਨੀ ਦਸ਼ਾ ਵਿਚ ਗੁਜਾਰਿਆ। ਫੌਜ ਦੇ ਰਿਕਾਰਡ ਵਿਚੋਂ ਨਾਮ ਗਾਇਬ ਕਰਕੇ ਬਕਾਇਆ ਤਨਖਾਹ ਆਦਿਕ ਮਿਲਣ ਦਾ ਤਾਂ ਸੁਆਲ ਹੀ ਨਹੀਂ ਸੀ। ਮਾਲਵੇਂਦਰ ਵਿਚ ਇੰਦਰ ਸਿੰਘ ਚੱਕਰਵਰਤੀ ਨੇ ਅਤੇ ਸਤਿਗੁਰੂ ਬਿਲਾਸ ਵਿਚ ਹਰਨਾਮ ਸਿੰਘ ਬਗਲੀਵਾਲੇ ਨੇ ਮਸਤਾਨੀ ਅਵਸਥਾ ਵਿਚ ਹਜਰੋ ਜਾਣ ਦਾ ਜਿਕਰ ਕੀਤਾ ਹੈ। ਜਦੋਂ ਵਾਪਸੀ 'ਤੇ ਆਪ ਨੂੰ ਬੇੜੀ ਨਾ ਮਿਲੀ ਤੇ ਚਨਾਬ ਉੱਤੋਂ ਤੁਰ ਕੇ ਆਪ ਪਾਰ ਹੋਏ ਅਤੇ ਇਕ ਸਿੱਖ ਨੂੰ ਵੀ ਤੋਰ ਲਿਆਂਦਾ ਸੀ। ਪਰ ਏਸ ਫੇਰੀ ਦਾ ਜਿਕਰ ਕਿਸੇ ਹੋਰ ਵਾਰਤਕ ਲਿਖਤ ਵਿਚ ਨਹੀਂ ਹੋਇਆ।

ਦਾਨੀ ਅਵਸਥਾ ਵਿਚ ਆਪ ਨੇ ਸਾਂਝੀ ਖੇਤੀ ਕੀਤੀ। ਏਸ ਦੌਰਾਨ ਕੋਈ-ਕੋਈ ਪੁਰਾਤਨ ਪ੍ਰੇਮੀ ਆ ਕੇ ਦਰਸ਼ਨ ਕਰ ਜਾਂਦਾ ਅਤੇ ਰਮਜ਼ ਦੇ ਬਚਨ ਸੁਣ ਸੁਣਾ ਕੇ ਚਲੇ ਜਾਂਦਾ ਸੀ। ਆਪ ਦੇ ਮਾਮੇ ਹਰੀ ਸਿੰਘ ਨੇ ਫਿਰੋਜਪੁਰ ਛਾਵਣੀ ਤੇ ਕਿਲ੍ਹੇ ਦੀ ਉਸਾਰੀ ਦੇ ਠੇਕੇ ਲਏ ਸਨ। ਉਸ ਨੇ ਆਪਣੇ ਸਾਰੇ ਕਿਰਤੀ ਰਿਸ਼ਤੇਦਾਰਾਂ ਨੂੰ ਰੋਜਗਾਰ ਤੇ ਲਾ ਲਿਆ। ਮਸਤਾਨੇ ਭਾਣਜੇ ਨੂੰ ਵੀ ਬੁਲਵਾ ਲਿਆ। ਉਸ ਉਸਾਰੀ ਦੀ ਰੋਜਗਾਰੀ ਦੀ ਖੁਸ਼ਹਾਲੀ ਵਿਚ ਆਪ ਨੇ ਸ਼ਾਮ ਦੇ ਕੀਰਤਨ ਦਾ ਨੇਮ ਬਣਾ ਦਿੱਤਾ। ਏਸ ਤਰ੍ਹਾਂ ਗੁਰਬਾਣੀ ਗੁਰਮਤਿ ਨਾਲ ਜੁੜੇ- ਸੰਗੀ ਸਾਥੀ ਵੀ ਮਗਰੋਂ ਭਰੋਸੇ ਵਾਲੇ ਸਿੱਖ ਬਣੇ।

ਏਸ ਠੇਕੇ ਦੇ ਕਾਰਜ ਵਿਚ ਮਾਮੇ ਨੇ ਆਪ ਦੀ ਸਤਸੰਗੀ ਜਥੇਬੰਦੀ ਦੀ ਵਿਉਂਤਬੰਦੀ ਦੇਖ ਕੇ ਨਿਗਰਾਨੀ ਦੇ ਕੰਮ ਉੱਤੇ ਲਗਾ ਦਿੱਤਾ। ਆਪਣੇ ਸਭ ਦੇ ਲੰਗਰ ਦਾ ਸਾਂਝਾ ਪ੍ਰਬੰਧ ਕਰਕੇ ਸਤਿਸੰਗ ਲਈ ਸਵੇਰ ਦੇ ਸਮੇਂ ਦਾ ਵੀ ਨੇਮ ਬਣਾ ਦਿੱਤਾ। ਮਾਮੇ ਦੇ ਠੇਕੇ ਦਾ ਕੰਮ 1855 ਈ. ਵਿਚ ਪੂਰਨ ਹੋ ਗਿਆ ਤੇ ਆਪ ਪਿੰਡ ਆ ਗਏ। ਛੇਤੀ ਹੀ ਆਪਦਾ ਮਿੱਤਰ ਤੇ ਮਾਮੇ ਦਾ ਪੁੱਤਰ ਖਜਾਨ ਸਿੰਘ ਪੂਰਾ ਹੋ ਗਿਆ। ਮਾਮਾ ਹਰੀ ਸਿੰਘ ਫੁੱਲ ਲੈ ਕੇ ਹਰਿਦੁਆਰ ਜਾਂਦਾ ਹੋਇਆ ਪੂਰਾ ਹੋ ਗਿਆ। ਏਸ ਤਰ੍ਹਾਂ ਦੀ ਮੁਸੀਬਤ ਵਿਚ ਮਾਮੀ ਰਾਮੋ ਨੇ ਗੁਰੂ ਜੀ ਨੂੰ ਪਿੰਡ ਵਿਚ ਹੀ ਖੁੱਲ੍ਹਾ ਵਿਹਾਰ ਕਰਨ ਦੀ ਸਲਾਹ ਦਿੱਤੀ। ਉਸ ਕੋਲ ਧਨ ਬਹੁਤ ਸੀ। ਹੱਟੀ ਲਈ ਲੋੜੀਂਦੀ ਪੂੰਜੀ ਦੇ ਕੇ ਉਸ ਨੇ ਅੱਧੀ ਕਮਾਈ ਦਾ ਇਕਰਾਰ ਕਰ ਲਿਆ।

ਫੌਜ ਤੋਂ ਆ ਕੇ ਗੁਰੂ ਜੀ ਨੇ ਸਾਂਝੀ ਖੇਤੀ ਭੈਣੀ ਸਾਹਿਬ ਵਿਚ ਕੀਤੀ ਸੀ। ਸ਼ਰਾਰਤੀ ਜੱਟਾਂ ਨੂੰ ਏਹ ਮੰਜੂਰ ਨਹੀਂ ਸੀ ਕੇ ਕੋਈ ਲੁਹਾਰ-ਤਰਖਾਨ ਪਰਿਵਾਰ ਉਨ੍ਹਾਂ ਦੀ ਬਰਾਬਰੀ ਕਰੇ। ਆਪ ਰਾਈਆਂ ਪਿੰਡ ਚਲੇ ਗਏ ਤੇ ਉੱਥੇ ਸਾਂਝੀ ਖੇਤੀ ਕਰਨ ਲੱਗੇ। ਦੇਵਨੇਤ ਐਸੀ ਹੋਈ ਕੇ ਬਰਸਾਤੀ ਮੌਸਮ ਵਿਚ ਭੈਣੀ ਸਾਹਿਬ ਮਾਰੂਥਲ ਬਣਿਆ ਰਿਹਾ। ਏਸ ਰੱਬੀ ਕਹਿਰ ਨੂੰ ਦੇਖ ਕੇ ਪਿੰਡ ਦੇ ਸਿਆਣਿਆਂ ਨੇ ਗੁਰੂ ਜੀ ਦੇ ਬਾਲ ਸਖਾਈ ਮਿੱਤਰ ਲਹਿਣਾ ਸਿੰਘ ਨੂੰ ਅੱਗੇ ਕੀਤਾ। ਲਹਿਣਾ ਸਿੰਘ ਗੁਰੂ ਜੀ ਨੂੰ ਰਾਈਆ ਤੋਂ ਭੈਣੀ ਪਿੰਡ

Sri Satguru Jagjit Singh Ji eLibrary NamdhariElibrary@gmail.com

ਮੋੜ ਲਿਆਇਆ ਸੀ। ਬਾਬਾ ਜੱਸਾ ਸਿੰਘ ਦੇ ਮਕਾਨ ਦੀ ਤਿੰਨ ਕੋਠਰੀਆਂ ਸਨ। ਦੋ ਕਮਰਿਆਂ ਵਿਚ ਦੋ ਭਰਾ ਤੇ ਤੀਜੇ ਵਿਚ ਮਾਤਾ-ਪਿਤਾ ਤੇ ਲੋਹਾਰੀ ਭੱਠੀ ਸੀ।

ਗੁਰੂ ਜੀ ਭੈਣੀ ਪਿੰਡ ਆ ਕੇ ਕਿਸੇ ਦੇ ਮਕਾਨ ਵਿਚ ਰਹੇ। ਲਹਿਣਾ ਸਿੰਘ ਦੀ ਦਿੱਤੀ ਜਮੀਨ ਵਿਚ ਕਮਰੇ ਪਾਏ ਤੇ ਗਊਸ਼ਾਲਾ ਬਣਾਈ ਸੀ। ਹੱਟੀ ਦੇ ਕੰਮ ਲਈ ਮੁੱਖ ਦਰਵਾਜੇ ਦੀ ਦਿਸ਼ਾ ਬਦਲੀ ਗਈ ਤੇ ਕਮਰੇ ਬਣਾ ਕੇ ਹੱਟੀ ਸ਼ੁਰੂ ਕੀਤੀ। ਆਮ ਹੱਟੀਆਂ ਨਾਲੋਂ ਵੱਖਰਾ ਥੋਕ-ਪਰਚੂਨ ਦਾ ਰਲਵਾਂ ਕੰਮ ਕੀਤਾ। ਉਸ ਸਮੇਂ ਭਾਈ ਬੁੱਧ ਸਿੰਘ ਗੱਡੇ ਉੱਤੇ ਪਿੰਡ ਦੀ ਉਪਜਾਂ ਲੁਧਿਆਣੇ ਜਾ ਕੇ ਵੇਚਦਾ ਸੀ। ਸ਼ਹਿਰ ਤੋਂ ਲੋਕਾਂ ਦੀ ਲੋੜਾਂ ਦੀ ਵਸਤਾਂ ਲਿਆ ਕੇ ਦੇਂਦਾ ਸੀ। ਨਾਲ ਹੀ ਠੇਕੇ ਤੇ ਜਾਂ ਸਾਂਝੀ ਖੇਤੀ ਵੀ ਕਰਦੇ ਸੀ।

ਗੁਰੂ ਜੀ ਦੀ ਹੱਟੀ ਪਰਦੇਸ ਜਾਣ ਤੱਕ ਸੰਨ 1872 ਵਿਚ ਵੀ ਕਾਇਮ ਸੀ। ਗੁਰੂ ਜੀ ਦੇ ਰੰਗੂਨ ਤੋਂ ਹੁਕਮਨਾਮਿਆਂ ਦਾ ਸਿਲਸਿਲਾ ਸੰਨ 1875 ਵਿਚ ਸ਼ੁਰੂ ਹੋਇਆ ਤੇ ਉਨ੍ਹਾਂ ਚਿਠਿਆਂ ਵਿਚ ਵੀ ਹੱਟੀ ਤੇ ਉਸ ਦੇ ਲੈਣ-ਦੇਣ ਅਤੇ ਕਾਰਿੰਦਿਆਂ ਬਾਰੇ ਜਿਕਰ ਮਿਲਦਾ ਹੈ।

ਸਿੱਖ ਰਾਜ ਸੁਪਨਾ ਹੋਇਆ

ਸਿੱਖ ਰਾਜ ਦਾ ਅੰਤ 1849 ਈ. ਵਿਚ ਹੋ ਗਿਆ ਸੀ। ਉਸ ਸਮੇਂ ਅੰਗਰੇਜ ਸਰਕਾਰ ਨੇ ਸਿੱਖ ਫੌਜੀਆਂ ਤੋਂ ਹਥਿਆਰ ਰੱਖਵਾ ਲਏ ਸਨ। ਉਸ ਦਿਨ ਸਿੱਖ ਫੌਜੀ ਜਾਰ-ਜਾਰ ਰੋਏ ਸਨ। ਵਾਸਤਵ ਵਿਚ ਉਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਨੂੰ ਉਸ ਦਿਨ ਮਹਿਸੂਸ ਕੀਤਾ। ਸਿੱਖਾਂ ਲਈ ਤਿੰਨ ਫੁੱਟੀ ਤਲਵਾਰ ਰੱਖਣਾ ਵੀ ਗ਼ੈਰ-ਕਾਨੂੰਨੀ ਹੋ ਗਿਆ। ਜੇਹੜੀ ਭਵਿੱਖ ਬਾਣੀਆਂ ਮਸਤਾਨੇ ਭਾਈ ਜੀ ਨੇ ਕੀਤੀਆਂ ਸਨ ਉਹ ਪ੍ਰਤੱਖ ਹੋ ਗਈਆਂ। ਪੰਜਾਬੀਆਂ ਲਈ ਉਸ ਗ਼ੁਲਾਮੀ ਦੇ ਸਮੇਂ ਵਿਚ ਸਭ ਤੋਂ ਮਾੜੀ ਦਸ਼ਾ ਸਿੱਖਾਂ ਦੀ ਸੀ। ਜੋ ਖਾਲਸਾ ਰਾਜ ਵਿਚ ਘਰ ਬੈਠੇ ਵੀ ਰਾਜੇ ਸਨ। ਹੁਣ ਗ਼ੁਲਾਮੀ-ਬੇਕਾਰੀ ਤੇ ਤਬਾਹੀ ਦੇ ਖੰਡਰਾਤਾਂ ਵਿਚ ਅਨੇਕ ਘਰਾਂ ਦੇ ਕਮਾਊ ਦੀਵੇ ਵੀ ਬੁਝ ਚੁੱਕੇ ਸਨ। ਆਮ ਸਿੱਖਾਂ ਨੂੰ ਦਸ਼ਮੇਸ਼ ਪਿਤਾ ਦੀ ਯਾਦ ਆ ਰਹੀ ਸੀ।

ਸਾਰਾ ਸਿੱਖ ਸਮਾਜ ਦਿਸ਼ਾ ਹੀਨ ਤੇ ਅਨਾਥ ਬਣ ਗਿਆ ਸੀ। ਉਸ ਤੋਂ ਪਹਿਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਚਨਾਂ ਤੇ ਭਰੋਸਾ ਕਰਨ ਵਾਲਿਆਂ ਸਿੱਖਾਂ ਨੂੰ ਗੁਰੂ ਜੋਤਿ ਦੇ ਹਜਰੋ ਵਿਚ ਦਰਸ਼ਨ ਹੋ ਚੁੱਕੇ ਸਨ। ਉਨ੍ਹਾਂ ਕੋਲੋਂ ਸੁਣ ਕੇ ਅਨੇਕ ਹੋਰਨਾਂ ਨੇ ਹਜਰੋ ਸਾਹਿਬ ਜਾ ਕੇ ਸਤਿਗੁਰੂ ਬਾਲਕ ਸਿੰਘ ਜੀ ਤੋਂ ਨਾਮ ਦਾਨ ਲੈ ਕੇ ਗੁਰ ਸਿੱਖੀ ਦੀ ਦੀਖਿਆ ਪ੍ਰਾਪਤ ਕੀਤੀ। ਸਤਿਗੁਰੂ ਜੀ ਪੰਜਾਬ ਤੋਂ ਜਾਣ ਵਾਲੇ ਸਾਬਕਾ ਫੌਜੀਆਂ ਤੋਂ ਆਪਣੇ ਪੁਰਾਣੇ ਫੌਜੀ ਸੇਵਕਾਂ ਬਾਰੇ ਵੀ ਜਰੂਰ ਪੁੱਛਦੇ ਸਨ। ਫੇਰ 1858-59 ਵਿਚ ਆਪ ਨੇ ਆਪਣੇ ਸੇਵਕ ਠਾਕੁਰ ਜੀ ਨੂੰ ਸੁਨੇਹਾ ਹੁਕਮ ਭੇਜਿਆ ਕੇ ਹਜਰੋ ਆਉਣ। ਉਸ ਸਮੇਂ ਉਪਰਾਮ ਹੋ ਕੇ ਸਰਦਾਰ ਕਾਹਨ ਸਿੰਘ ਨਿਹੰਗ ਮਸਤਾਨੇ ਭਾਈ ਜੀ ਕੋਲ ਆਇਆ ਹੋਇਆ ਸੀ। ਉਹ ਗੁਰੂ ਜੀ ਤੋਂ ਭਵਿੱਖਤ ਦੇ ਵਰਤਾਰੇ ਪੁੱਛਦਾ ਰਹਿੰਦਾ ਸੀ। ਆਪ ਕਹਿੰਦੇ ਸਨ ਕੇ ਏਹ ਤਾਂ ਸਮੇਂ ਦੇ ਮਾਲਕ ਗੁਰੂ ਬਾਲਕ ਸਿੰਘ ਜੀ ਦੇ ਹੱਥ ਵਿਚ ਹੈ। ਉਧਰੋਂ ਹੁਕਮ ਆਉਣ ਤੇ ਆਪ ਨੇ ਕਾਹਨ ਸਿੰਘ ਨੂੰ ਨਾਲ ਲੈ ਕੇ ਹਜਰੋ ਵੱਲ ਚਾਲੇ ਪਾਏ।

Sri Satguru Jagjit Singh Ji eLibrary NamdhariElibrary@gmail.com

ਹਜਰੋ ਦੇ ਮੇਲੇ

ਅੱਗੋਂ ਹਜਰੋ ਵਿਚ ਅਜੀਬ ਕੌਤਕ ਹੋ ਰਿਹਾ ਸੀ। ਸਤਿਗੁਰੂ ਜੀ ਕਰੀਬਨ ਨੌਂ ਮਹੀਨੇ ਤੋਂ ਆਪਣੀ ਮੰਜੀ ਦੇ ਪੁਆਂਦੀ ਵਾਲੇ ਪਾਸੇ ਪ੍ਰੀਤਵਾਨ ਮਾਈ ਪ੍ਰਭੀ ਨੂੰ ਬਿਠਾਂਦੇ ਸਨ। ਪ੍ਰੀਤਵਾਨ ਤਾਂ ਹੁਕਮ ਰਜਾ ਦੇ ਕੌਤਕ ਦੇਖ ਰਹੇ ਸਨ। ਸਤਿਗੁਰੂ ਜੀ ਨੇ ਉਨ੍ਹਾਂ ਨੂੰ ਅਜਿਤੇ ਰੰਧਾਵੇ ਦੀ ਗੋਸ਼ਟਿ ਦੀ ਕਥਾ ਕਰਕੇ ਇਸ ਦੇ ਕੂਟ ਭਵਿੱਖਤ ਭੇਤ ਦੀ ਕਥਾ ਸੁਣਾ ਦਿੱਤੀ ਸੀ। ਸਤਿਗੁਰੂ ਜੀ ਨੇ ਪ੍ਰੇਮੀਆਂ ਨੂੰ ਦੱਸਿਆ ਹੋਇਆ ਸੀ ਕੇ ਉਹ ਦਸਮ ਪਾਤਸ਼ਾਹ ਦੀ ਗੁਰੂ ਜੋਤ ਦੇ ਰਾਖੇ ਹਨ। ਏਹ ਅਮਾਨਤ ਗੁਰੂ ਜੀ ਨੂੰ ਮੋੜਨੀ ਹੈ। ਇਸ ਪ੍ਰਥਾਇ ਅਜਿਤੇ ਰੰਧਾਵੇ ਦੀ ਗੋਸ਼ਟ ਦੀ ਗੋਹਜ ਭੇਤ ਰੂਪੀ ਪਰੀਖਿਆ ਨੂੰ ਵੀ ਪਰਗਟ ਕਰਨ ਦਾ ਸਮਾਂ ਆ ਗਿਆ ਸੀ। ਇਸ ਫੇਰੀ ਦਾ ਸਮਾਂ ਸੰਨ 1860 ਵੀ ਸੰਭਵ ਹੋ ਸਕਦਾ ਹੈ। ਪ੍ਰਮਾਣਕਤਾ ਗੁਰਪ੍ਰਸਾਦਿ ਦੀ ਉਡੀਕ ਕਰ ਰਹੀ ਹੈ।

ਮਾਈ ਪ੍ਰਭੀ ਨੂੰ ਸਤਸੰਗ ਵਿਚ ਮੰਜੇ ਉੱਤੇ ਨਾਲ ਬਿਠਾਣ ਕਾਰਣ ਲੋਕ ਨਿੰਦਿਆ ਵੀ ਜਰੂਰ ਹੋਈ ਹੋਵੇਗੀ। ਪਰ ਉੱਥੋਂ ਦੇ ਨਜ਼ਦੀਕੀ ਸਿੱਖ ਸੇਵਕਾਂ ਦੀ ਪਰੀਖਿਆ ਦਾ ਵੀ ਏਹ ਸਮਾਂ ਸੀ। ਭਾਈ ਕਾਹਨ ਸਿੰਘ ਜੀ ਨਾਲ ਜਦੋਂ ਗੁਰੂ ਰਾਮ ਸਿੰਘ ਜੀ ਸਤਿਗੁਰੂ ਬਾਲਕ ਸਿੰਘ ਜੀ ਦੇ ਚਰਣਾਂ ਵਿਚ ਪੁੱਜੇ ਤਾਂ ਸਭ ਤੋਂ ਪਹਿਲਾਂ ਮਾਈ ਪ੍ਰਭੀ ਨੂੰ ਮੱਥਾ ਟੇਕਿਆ ਤੇ ਮਗਰੋਂ ਸਤਿਗੁਰੂ ਜੀ ਨੂੰ। ਉਸ ਤੋਂ ਬਾਦ ਉੱਥੇ ਡੇਰੇ ਵਿਚ ਰਹਿੰਦੇ ਪੰਜ ਭਜਨੀਕ ਸਾਧਾਂ ਨੂੰ ਮੱਥਾ ਟੇਕਿਆ। ਇਸ ਗੋਹਜ ਪਰੀਖਿਆ ਵਿਚੋਂ ਲੰਘਾ ਕੇ ਸਤਿਗੁਰੂ ਬਾਲਕ ਸਿੰਘ ਜੀ ਨੇ ਪ੍ਰਤੱਖ ਕਰ ਦਿੱਤਾ ਕੇ ਗੁਰੂ ਜੋਤਿ ਦੇ ਮਾਲਕ ਨੂੰ ਹੀ ਗੁਰੂ ਗੱਦੀ ਦੀ ਸੌਂਪਨਾ ਕੀਤੀ ਗਈ ਹੈ।

ਠਾਕੁਰਾਂ ਨੂੰ ਅਮਾਨਤ ਸੌਂਪ ਕੇ ਸਤਿਗੁਰੂ ਬਾਲਕ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਹੁਕਮ ਕਰਕੇ ਹਜਰੋ ਦੀ ਸੰਗਤਾਂ ਦੇ ਲੰਗਰ ਮੰਜ਼ੂਰ ਕਰਕੇ ਖੁਸ਼ੀਆਂ ਲੈਣ ਲਈ ਕਿਹਾ। ਏਨ੍ਹਾਂ ਦਿਨਾਂ ਵਿਚ ਬਾਬਾ ਜਮੀਤਰ ਸੰਘ ਅੱਤ ਵੈਰਾਗ ਦਸ਼ਾ ਵਿਚ ਹਜਰੋ ਪੁੱਜੇ। ਸਤਿਗੁਰੂ ਜੀ ਬਚਨ ਕੀਤਾ—ਆਪਣੀ ਵਸਤ ਠਾਕੁਰਾਂ ਨੇ ਲੈ ਲਈ ਹੈ। ਹੁਣ ਉਹ ਸਮੇਂ ਦੇ ਮਾਲਕ ਹਨ। ਸਾਡੇ ਕੋਲ ਭੋਰ ਚੂਰ ਹੈ ਉਹ ਦੇਂਦੇ ਹਾਂ। ਉਸ ਨਾਲ ਵੀ ਬਹੁਤ ਸੋਭਾ ਹੋਵੇਗੀ। ਸਤਿਗੁਰੂ ਰਾਮ ਸਿੰਘ ਜੀ ਤੇ ਬਾਬਾ ਕਾਹਨ ਸਿੰਘ ਨੂੰ ਸਤਿਗੁਰੂ ਬਾਲਕ ਸਿੰਘ ਜੀ ਨੇ ਬਾਬਾ ਜਮੀਤ ਸਿੰਘ ਨਾਲ ਗਿਲੀਂ ਜਾਣ ਦਾ ਹੁਕਮ ਕੀਤਾ।

ਗਿਲੀਂ ਦੇ ਮੇਲੇ

ਗਿਲੀਂ ਆ ਕੇ ਸਤਿਗੁਰੂ ਰਾਮ ਸਿੰਘ ਜੀ ਨੇ ਪਹਿਲੀ ਵਾਰ ਨਾਮ ਦਾਨ ਦਾ ਯੱਗ ਆਰੰਭ ਕੀਤਾ। ਬਾਬਾ ਜਮੀਤ ਸਿੰਘ ਜੀ ਦੀ ਸੋਭਾ ਇਲਾਕੇ ਵਿਚ ਇਕ ਬਿਬੇਕੀ ਸਿੱਖ ਦੇ ਰੂਪ ਵਿਚ ਸੀ। ਹਜਰੋ ਤੋਂ ਦਰਸ਼ਨ ਕਰਕੇ ਆਉਣ ਬਾਰੇ ਸੁਣ ਕੇ ਅਨੇਕ ਜੀਅ ਦਰਸ਼ਨ ਕਰਨ ਆਏ। ਸਤਿਗੁਰੂ ਰਾਮ ਸਿੰਘ ਜੀ ਨੇ ਸਭ ਅਭਿਲਾਖੀਆਂ ਨੂੰ ਨਾਮ ਦਾਨ ਦੇ ਕੇ ਗੁਰੂ ਜਹਾਜ ਵਿਚ ਚੜ੍ਹਾ ਲਿਆ। ਆਪ ਨੇ ਉਥੋਂ ਤੁਰਨ ਲੱਗਿਆਂ ਰਮਜ ਭਰਿਆ ਬਚਨ ਕੀਤਾ—ਨਾਮ ਦਾ ਖਜਾਨਾ ਲੈ ਕੇ ਤਾਂ ਭੈਣੀ ਸਾਹਿਬ ਚਲੇ ਸਾਂ ਪਰ ਪੰਡ ਦੜਪ ਵਿਚ ਹੀ ਖੁੱਲ੍ਹ ਗਈ। ਇਸ ਸਮੇਂ ਵੱਡੇ ਸੰਤ ਬਾਬਾ ਮੱਲਾ ਸਿੰਘ ਜੀ ਦਾ ਭਜਨ ਲੈਣਾ ਸਿੱਧ

Sri Satguru Jagjit Singh Ji eLibrary NamdhariElibrary@gmail.com

ਹੋਂਦਾ ਹੈ। ਏਸੇ ਸਮੇਂ ਵਿਚ ਕਿਲ੍ਹੇ ਦੇ ਬਾਬਾ ਠਾਕੁਰ ਸਿੰਘ ਅਤੇ ਉਹਨਾਂ ਦੇ ਪਰਿਵਾਰ ਦਾ ਭਜਨ ਲੈਣਾ ਸਿੱਧ ਹੋਂਦਾ ਹੈ। ਦੜਪ ਦੇ ਇਲਾਕੇ ਵਿਚ ਕੂਕਾ ਲਹਿਰ ਦੀ ਸਿਆਸੀ ਹਲਚਲ ਗੁਰੂ ਰਜ਼ਾ ਦੇ ਇਕ ਕੌਤਕ ਵਾਂਗ ਹੀ ਦੇਖੀ ਗਈ ਸੀ। ਦੜਪ ਦੇ ਸਾਰੇ ਸਾਧ ਸਦਾ ਨਾਮ ਬੰਦਗੀ ਨਾਲ ਹੀ ਜੁੜੇ ਰਹੇ।

ਸੰਤ ਜਮੀਅਤ ਸਿੰਘ ਜੀ ਦੇ ਪਵਿੱਤਰ ਨਾਮ ਬੰਦਗੀ ਵਾਲੇ ਜੀਵਨ ਕਾਰਣ ਸਤਿਗੁਰੂ ਰਾਮ ਸਿੰਘ ਜੀ ਦਸ਼ਮੇਸ਼ ਦੀ ਸਜਾਈ ਸਿੱਖੀ ਵਿਚੋਂ ਅੱਧਾ ਸਿੱਖ ਕਿਹਾ ਸੀ। ਕਿਉਂਕਿ ਉਹ ਸਤਿਗੁਰੂ ਬਾਲਕ ਸਿੰਘ ਜੀ ਨੂੰ ਦੋਬਾਰਾ ਮਿਲਣ ਤੋਂ ਪਹਿਲਾਂ ਤਕ ਰਕਮ ਵਿਆਜੀ ਦੇਂਦੇ ਹੁੰਦੇ ਸਨ। ਸਤਿਗੁਰੂ ਰਾਮ ਸਿੰਘ ਜੀ ਨੇ ਕੇਵਲ ਢਾਈ ਸਿੱਖ ਹੀ ਪ੍ਰਵਾਨ ਕੀਤੇ ਸਨ। ਸੰਤ ਬਾਬਾ ਲਹਿਣਾ ਸਿੰਘ ਜੀ ਘਰਜਾਖ ਵਾਲੇ ਅਤੇ ਸੰਤ ਬਾਬਾ ਜਮੀਅਤ ਸਿੰਘ ਜੀ ਕਾਹਨਾ ਕਾਛਾ ਨੂੰ ਪੂਰਨ ਸਿੱਖ ਕਿਹਾ ਗਿਆ ਹੈ। ਏਨ੍ਹਾਂ ਢਾਈ ਸਿੱਖਾਂ ਨੇ ਸਿਆਸੀ ਸਰਗਰਮੀਆਂ ਵਿਚ ਕੋਈ ਹਿੱਸਾ ਨਹੀਂ ਸੀ ਲਿਆ। ਅਤੇ ਨਾਮ ਬਾਣੀ ਦੇ ਪ੍ਰਚਾਰ ਨਾਲ ਨਾਮਧਾਰੀ ਪੰਥ ਪ੍ਰਸਾਰ ਲਈ ਜੀਵਨ ਅਰਪਨ ਕੀਤਾ ਹੋਇਆ ਸੀ। ਕੂਕਾ ਲਹਿਰ ਉੱਤੇ ਕਹਿਰ ਹਨ੍ਹੇਰੀ ਚੱਲਣ ਤੋਂ ਬਾਦ ਵੀ ਦੜਪ ਵਿਚ ਨਾਮ ਪ੍ਰਚਾਰ ਦੀ ਜੋਤਿ ਜਗਦੀ ਰਹੀ। ਦੂਜੇ ਦੋ ਪੂਰਨ ਸਿੱਖਾਂ ਨੇ ਕੇਸਾਂ ਸੁਆਸਾਂ ਨਾਲ ਨਾਮ-ਬਾਣੀ-ਮਰਯਾਦਾ ਲਈ ਜੀਵਨ ਅਰਪਤ ਕੀਤਾ ਸੀ। ਸਤਿਗੁਰੂ ਜੀ ਦੇ ਪ੍ਰਦੇਸ ਜਾਣ ਤੋਂ ਬਾਦ-ਦੜਪ ਵਿਚ ਪੰਡ ਖੁੱਲ੍ਹਣ ਦੀ ਰਮਜ ਦੇ ਵਰਤਾਰਿਆਂ ਦੇ ਇਤਿਹਾਸ ਤੋਂ ਨਾਮਧਾਰੀ ਕਲਮਕਾਰ ਦੂਰ ਹੀ ਰਹੇ ਹਨ।

ਸਭਹਨ ਕੇ ਸਿਰਮੌਰ

ਸਤਿਗੁਰੂ ਰਾਮ ਸਿੰਘ ਜੀ ਗੁਰਿਆਈ ਦੀ ਪੰਡ ਲੈ ਕੇ ਭੈਣੀ ਸਾਹਿਬ ਆ ਗਏ। ਉਸ ਤੋਂ ਬਾਦ ਜੋ ਵੀ ਪ੍ਰੇਮੀ ਦਰਸ਼ਨ ਹਜਰੋ ਕਰਨ ਗਏ ਉਨ੍ਹਾਂ ਨੂੰ ਨਾਮ ਦਾਨ ਜਰੂਰ ਦਿੱਤਾ ਗਿਆ। ਅਤੇ ਨਾਲ ਹੀ ਹੁਕਮ ਹੋਂਦਾ ਸੀ ਕਿ ਪੂਰਬੀ ਪੰਜਾਬ ਵਿਚ ਠਾਕੁਰ ਜੀ (ਗੁਰੂ) ਰਾਮ ਸਿੰਘ ਜੀ ਨੂੰ ਕੜਛਾ ਫੜਾ ਦਿੱਤਾ ਹੈ। ਸਤਿਗੁਰੂ ਬਾਲਕ ਸਿੰਘ ਜੀ ਨੇ ਕੁਝ ਪ੍ਰੇਮੀਆਂ ਨੂੰ ਨਾਮ ਦਾਨ ਲਈ ਇਲਾਕਾ ਅਧਿਕਾਰ ਦਿੱਤੇ ਹੋਏ ਸਨ। ਸਤਿਗੁਰੂ ਜੀ ਦਾ ਆਪਣਾ ਬਚਨ ਹੋ ਕੇ ਉਨ੍ਹਾਂ ਦਾ ਵਰਤਾਰਾ ਪਹਿਲੇ ਜਾਮੇ ਸ਼੍ਰੀ ਗੁਰੂ ਨਾਨਕ ਦੇਵ ਜੀ ਵਾਲਾ ਹੈ। ਉਸੇ ਜੁਗਤਿ ਨਾਲ ਉਨ੍ਹਾਂ ਅਨੇਕ ਮੰਜੀਆਂ ਦਿੱਤੀਆਂ ਸਨ ਤੇ ਅਜਿਹੇ ਸਾਧਾਂ ਮਹੰਤਾਂ ਦੀ ਦਸਤਾਰਬੰਦੀ ਵੀ ਕੀਤੀ ਸੀ। ਸਿੱਖੀ ਸਹਿਜਧਾਰੀ ਬਹੁਤ ਹੋਈ।

ਸਤਿਗੁਰੂ ਰਾਮ ਸਿੰਘ ਜੀ ਨੂੰ ਗੁਰੂ ਗੱਦੀ ਹੀ ਸੌਂਪੀ ਗਈ ਤਾਂ ਵੀ ਦਸਤਾਰ ਨਹੀਂ ਸਜਾਈ ਗਈ। ਏਸ ਲਈ ਸਤਿਗੁਰੂ ਬਾਲਕ ਸਿੰਘ ਜੀ ਨੇ ਬ੍ਰਹਮਲੀਨ ਹੋਣ ਤੋਂ ਪਹਿਲਾਂ ਇਕ ਹੁਕਮਨਾਮਾ ਅਤੇ ਦਸਤਾਰ ਸੇਵਕ ਮੰਗਲ ਸਿੰਘ ਨੂੰ ਸੌਂਪੀ ਸੀ। ਏਹ ਵਰਤਾਰਾ ਗਿਲੀ ਹੋਣਾ ਧੁਰੋਂ ਮਿਥਿਆ ਗਿਆ ਸੀ। ਉਸ ਹੁਕਮ ਨਾਮੇ ਵਿਚ ਸਾਰੇ ਸੰਤਾਂ ਮਹੰਤਾਂ ਲਈ ਸਪੱਸ਼ਟ ਆਦੇਸ਼ ਸੀ ਕੇ ਠਾਕੁਰ ਜੀ ਸਤਿਗੁਰੂ ਰਾਮ ਸਿੰਘ ਰੂਪ ਵਿਚ ਸੁਸ਼ੋਭਿਤ ਕੀਤੇ ਗਏ ਸਨ। ਸਤਿਗੁਰੂ ਬਾਲਕ ਸਿੰਘ ਜੀ ਨੇ ਠਾਕੁਰਾਂ ਨੂੰ ਅਮਾਨਤ ਸੌਂਪ ਕੇ ਹੁਕਮ ਕੀਤਾ ਸੀ—ਉਨ੍ਹਾਂ ਨੇ ਆਪਣਾ ਪਹਿਰਾ ਦਸ਼ਮੇਸ਼ ਮਰਯਾਦਾ ਅਨੁਸਾਰ ਰੱਖਣਾ ਹੈ। ਹਜਰੋਂ

Sri Satguru Jagjit Singh Ji eLibrary NamdhariElibrary@gmail.com

ਵਿਚ ਹੋਏ ਲੰਗਰ ਮੇਲਿਆਂ ਵਿਚ ਸਤਿਗੁਰੂ ਬਾਲਕ ਸਿੰਘ ਜੀ ਨੇ ਠਾਕੁਰ ਜੀ ਦੀ ਕੋਈ ਮਰਜੀ ਨਹੀਂ ਸੀ ਚੱਲਣ ਦਿੱਤੀ ਸਗੋਂ ਆਪਣੇ ਹੁਕਮ ਨਾਲ ਸੰਗਤਾਂ ਦੀ ਭਾਵਨਾਵਾਂ ਪੂਰੀਆਂ ਕਰਾਈਆਂ ਸਨ।

ਸਤਿਗੁਰੂ ਰਾਮ ਸਿੰਘ ਜੀ ਨੇ ਭੈਣੀ ਸਾਹਿਬ ਦਸ਼ਮੇਸ਼ ਮਰਯਾਦਾ ਅਨੁਸਾਰ ਕਦੋਂ ਅੰਮ੍ਰਿਤ ਪ੍ਰਚਾਰ ਆਰੰਭਿਆ ? ਇਹ ਵਿਸ਼ੇਸ਼ ਘਟਨਾ ਭਾਰੀ ਖੋਜ ਦੀ ਮੋਹਤਾਜ ਹੈ। ਜੇਹੜੀ ਪਰੰਪਰਾ ਅਨੁਸਾਰ 12 ਅਪ੍ਰੈਲ 1857 ਵੈਸਾਖੀ ਦੀ ਪਰਚਾਰੀ ਗਈ ਹੈ ਉਹ ਪ੍ਰਮਾਣਿਕ ਨਹੀਂ ਠਹਿਰਦੀ। ਉਸ ਪਰੰਪਰਾ ਵਿਚ ਪਹਿਲਾਂ ਪਾਹਲੁ ਛਕਣ ਵਾਲੇ ਪੰਜਾਂ ਸਿੰਘਾਂ ਵਿਚੋਂ ਇਕ ਲਾਭ ਸਿੰਘ ਸੂਰਮੇ ਰਾਗੀ ਨੂੰ ਦੋ ਵਾਰ ਹਜਰੋ ਤੋਂ ਮੋੜਿਆ ਗਿਆ ਲਿਖਿਆ ਗਿਆ ਹੈ।

ਸੂਬਿਆਂ ਵਿਚ ਸੂਬਾ ਬ੍ਰਹਮਾ ਸਿੰਘ ਅਤੇ ਸੂਬਾ ਸਾਹਿਬ ਸਿੰਘ ਦੇ ਅਲਾਹਾਬਾਦ ਵਿਚ ਦਿੱਤੇ ਬਿਆਨ ਅਨੁਸਾਰ ਉਨ੍ਹਾਂ ਨੇ ਸੰਨ 1860 ਵਿਚ ਸਤਿਗੁਰੂ ਬਾਲਕ ਸਿੰਘ ਜੀ ਤੋਂ ਭਜਨ ਲਿਆ ਸੀ। ਦੋਹਾਂ ਨੇ ਇਕੱਠੇ ਮਾਘੀ ਵਾਲੇ ਦਿਨ ਭਜਨ ਲਿਆ ਸੀ। ਇਸੇ ਤਰ੍ਹਾਂ ਚੈਣ ਸਿੰਘ ਗੁਜਰਵਾਲ ਤੇ ਉਸਦੀ ਭੈਣ ਨੇ ਵੀ ਸਹਿਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕਰਕੇ ਭਜਨ ਪੁੱਛਿਆ ਸੀ। ਇਹ ਸਭ ਅਤੇ ਖੰਡੇ ਪਾਹੁਲ ਛਕਣ ਵਾਲੇ ਪਹਿਲੇ ਪੰਜ ਸਿੰਘ ਅਰਧ ਕੁੰਭੀ ਯਾਤਰਾ ਸਮੇਂ ਨਾਲ ਸਨ।

ਅਰਧ ਕੁੰਭੀ ਹਰਦੁਆਰ ਸੰਨ 1861

ਅਰਧ ਕੁੰਭੀ ਤੇ ਵੈਸਾਖੀ ਇਸ਼ਨਾਨ ਤੇ ਜਾਣ ਦਾ ਜਿਕਰ ਹੈ ਅਤੇ ਇਹ ਯਾਤਰਾ 4-5 ਅਪ੍ਰੈਲ ਨੂੰ ਸ਼ੁਰੂ ਹੋਈ ਅਤੇ 17-18 ਅਪ੍ਰੈਲ ਨੂੰ ਸਮਾਪਤ ਮੰਨੀ ਜਾ ਸਕਦੀ ਹੈ। ਇਸ ਤਰ੍ਹਾਂ ਖਾਲਸਾ ਸਿਰਜਨਾ ਵਾਲਾ ਪ੍ਰਚਾਰਿਤ 12 ਅਪ੍ਰੈਲ, 1857 ਵਾਲਾ ਪ੍ਰਸੰਗ ਪ੍ਰਮਾਣਿਤ ਇਤਿਹਾਸ ਨਹੀਂ ਬਣਦਾ। ਜੇਕਰ ਵੈਸਾਖੀ ਦੀ ਵਡਿਆਈ ਨੂੰ ਮੁੱਖ ਰੱਖਿਆ ਜਾਏ ਤਾਂ ਇਸ ਖੰਡੇ ਪਾਹੁਲ ਦਾ ਵਰਤਾਰਾ ਸੰਨ 1860 ਦੀ ਵੈਸਾਖੀ ਦਾ ਮੰਨਿਆ ਜਾ ਸਕਦਾ ਹੈ। ਪ੍ਰਾਪਤ ਇਤਿਹਾਸਕ ਵੇਰਵਿਆਂ ਤੋਂ ਇਹ ਨਿਸ਼ਚਿਤ ਹੋ ਸਕਦਾ ਹੈ ਕਿ ਇਹ ਖੰਡੇ ਪਾਹੁਲ ਦਾਤ ਅਰਧ ਕੁੰਭੀ ਤੋਂ ਪਹਿਲਾਂ ਹੀ ਦੇ ਦਿੱਤੀ ਗਈ ਸੀ। ਇਹ ਵੀ ਸਟੀਕ ਲੱਗਦਾ ਹੈ ਕਿ ਇਸ ਜੱਥੇ ਵਿਚ ਸ਼ਾਮਲ ਕੁਝ ਹੋਰ ਪ੍ਰੇਮੀਆਂ ਨੂੰ ਵੀ ਖੰਡੇ ਪਾਹੁਲ ਦਾਤ ਅਰਧ ਕੁੰਭੀ ਜਾਣ ਤੋਂ ਪਹਿਲਾਂ ਦਿੱਤੀ ਗਈ ਹੋਵੇ।

ਅਰਧ ਕੁੰਭੀ ਦੀ ਯਾਤਰਾ ਨਾਲ ਹੀ ਸਤਿਗੁਰੂ ਰਾਮ ਸਿੰਘ ਜੀ ਨੇ ਅਨੇਕਾਂ ਕੌਤਕ ਪ੍ਰਸੰਗ ਜੁੜੇ ਹੋਏ ਹਨ। ਉੱਥੇ ਹਜਰੋ ਦੀ ਸੰਗਤ ਵੀ ਆਈ ਹੋਈ ਸੀ। ਸਤਿਗੁਰਾਂ ਨੇ ਉਨ੍ਹਾਂ ਨੂੰ ਲੰਗਰ ਦੀ ਬੇਨਤੀ ਕੀਤੀ। ਉਸ ਲੰਗਰ ਵਿਚ ਸਤਿਗੁਰੂ ਜੀ ਨੇ ਭਾਂਡੇ ਆਪ ਮਾਂਜੇ। ਇਕ ਵਿਸ਼ੇਸ਼ ਮਸ਼ਵਰਾ ਵੀ ਹਜਰੋ ਦੀ ਸੰਗਤ ਨੂੰ ਦਿੱਤਾ ਗਿਆ ਕਿ ਉਹ ਲੰਗਰ ਇਕ ਥਾਂ ਇਕੱਠਾ ਤਿਆਰ ਕਰਿਆ ਕਰਨ। ਸਤਿਗੁਰੂ ਜੀ ਨੇ ਦੱਸਿਆ ਕੇ ਉਨ੍ਹਾਂ ਨੇ ਜੀਅ ਸੇਤੀ 2-2 ਰੁਪੈ ਲਏ ਹਨ। ਲੰਗਰ ਇਕ ਥਾਂ ਬਣਦਾ ਹੈ ਤੇ ਖਰਚਾ ਸੀਮਤ ਹੀ ਹੋਂਦਾ ਹੈ। ਇਸ ਇਕ ਹਕੀਕਤ ਨਾਲ ਭੈਣੀ ਸਾਹਿਬ ਵਿਚ ਸੰਗਤਾਂ ਦੇ ਲੰਗਰ ਦੀ ਪਰੰਪਰਾ ਅਰਧ ਕੁੰਭੀ ਤੋਂ ਬਾਦ ਹੀ ਸਥਾਪਿਤ ਹੋਈ। ਇਤਿਹਾਸਕਾਰਾਂ ਅਨੁਸਾਰ ਵੀ ਸੰਨ 1861 ਵਿਚ ਹੀ ਲੋਹ ਲਗਾ ਕੇ ਸਦਾ ਬਰਤ ਲੰਗਰ ਦਾ ਸਥਾਪਨਾ ਹੋਈ ਸੀ।

Sri Satguru Jagjit Singh Ji eLibrary NamdhariElibrary@gmail.com

ਅਰਧ ਕੁੰਭੀ ਯਾਤਰਾ ਸਮੇਂ ਅਨੇਕ ਪੁਰਾਤਨ ਪ੍ਰੇਮੀ ਆਪ ਦੀ ਕਿਰਪਾ ਦ੍ਰਿਸ਼ਟੀ ਨਾਲ ਖਿੱਚੇ ਹੋਏ ਭੈਣੀ ਸਾਹਿਬ ਆ ਚੁੱਕੇ ਸਨ। ਦਸੇ ਗਏ ਪਹਿਲੇ ਪੰਜ ਅੰਮ੍ਰਿਤਧਾਰੀ– ਬਾਬਾ ਕਾਹਨ ਸਿੰਘ ਨਿਹੰਗ, ਭਾਈ ਸੁਧ ਸਿੰਘ, ਰਾਗੀ ਲਾਭ ਸਿੰਘ, ਨੈਣਾ ਸਿੰਘ ਵਰਿਆਂਹ ਅਤੇ ਆਤਮਾ ਸਿੰਘ ਨਾਲ ਸਨ। ਬਾਬਾ ਜਵਾਹਰ ਸਿੰਘ, ਸੂਬਾ ਸਾਹਿਬ ਸਿੰਘ, ਗੋਪਾਲ ਸਿੰਘ, ਦਸੌਂਧਾ ਸਿੰਘ, ਮਤਾਬ ਸਿੰਘ ਆਦਿਕ ਮੁਖੀ ਨਾਮਧਾਰੀ ਨਾਲ ਸਨ। ਚੈਨ ਸਿੰਘ ਗੁਜਰਵਾਲੀਆਂ ਤੇ ਉਸਦੀ ਭੈਣ ਕਰਮੋ, ਮਾਈ ਦੌਲੀ, ਭਾਈ ਗੋਪਾਲ ਸਿੰਘ ਪੱਧਰੀ ਵਾਲੇ ਦੀ ਵੇਦਾਂਤ ਪਤਨੀ ਸਾਹਿਬੋ ਤੇ ਉਸਦਾ ਪੁੱਤਰ ਵੀ ਨਾਲ ਸੀ। ਗੁਰੂ ਜੀ ਦੇ ਰਿਸ਼ਤੇਦਾਰ ਵਿਚੋਂ ਤਾਇਆ ਸੁਧ ਸਿੰਘ ਸਾਰੇ ਸੰਗ ਦਾ ਖਜਾਨਚੀ ਸੀ। ਪਿਤਾ ਜੱਸਾ ਸਿੰਘ, ਭਾਈ ਬੁੱਧ ਸਿੰਘ ਤੇ ਦੋਵੇਂ ਬੇਟੀਆਂ ਤੇ ਹੋਰ ਪਰਿਵਾਰਕ ਜੀਅ ਨਾਲ ਸਨ। ਬਾਲ ਮਿੱਤਰ ਲਹਿਣਾ ਸਿੰਘ ਤੇ ਰਾਗੀ ਦਿਤੂ ਦੇ ਨਾਮ ਵੀ ਵਰਣਨਯੋਗ ਹਨ।

ਅਰਧ ਕੁੰਭੀ ਯਾਤਰਾ ਸਮੇਂ ਹੀ ਵੇਦਾਂਤੀ ਮਾਈ ਸਾਹਿਬੋ ਦੀ ਅਗਨੀ ਪਰੀਖਿਆ ਲਈ। ਉਸ ਨੂੰ ਤੇ ਸੰਗਤ ਨੂੰ ਦਿਖਾਇਆ ਕੇ ਕਹਿਣ-ਕਥਨ ਆਸਾਨ ਹੈ ਕੇ ਜੀਵ ਅਨਸ਼ਵਰ ਬ੍ਰਹਮ ਅੰਸ਼ ਹੈ। ਪਰੰਤੂ ਗੁਰੂ ਕਿਰਪਾ ਤੋਂ ਬਗੈਰ ਕਰਨੀ ਵਿਚ ਇਸ ਸਿਧਾਂਤ ਨੂੰ ਕੋਈ ਪ੍ਰਮਾਣਿਕ ਨਹੀਂ ਕਰ ਸਕਿਆ। ਫੌਜ ਵਿਚ ਮਸਤੀ ਦੇ ਰੰਗ ਵਿਚ ਮਸਤਾਨੇ ਗੁਰੂ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੀ ਬਾਣੀ ਦੀ ਅਮਰਤਾ ਤੇ ਪਵਿੱਤਰਤਾ ਸਿੱਧ ਕੀਤੀ ਸੀ। ਆਪਣੇ ਹੇਠਾਂ-ਉਤਾਂਹ ਚਾਰ ਚਾਰ ਚਟਾਈਆਂ ਰੱਖ ਕੇ ਅੱਗ ਲਗਾ ਦਿੱਤੀ ਸੀ। ਗੁਰੂ ਗ੍ਰੰਥ ਸਾਹਿਬ ਅਤੇ ਹੇਠਲੀ ਉੱਤਲੀ ਇਕ-ਇਕ ਚਟਾਈ ਬੇਦਾਗ਼ ਬਚਾ ਕੇ ਹੀ ਗੁਰਬਾਣੀ ਅਤੇ ਗੁਰੂ ਅਮਰਤਾ ਦਾ ਭੇਤ ਪ੍ਰਗਟ ਕੀਤਾ ਗਿਆ ਸੀ। ਅਜੇਹੇ ਕੌਤਕ ਦੇਖ ਚੁੱਕੇ ਫੌਜੀ ਹੀ ਸਮੇਂ-ਸਮੇਂ ਨਾਲ ਸਤਿਗੁਰੂ ਜੀ ਦੀ ਸ਼ਰਨ ਵਿਚ ਆ ਕੇ ਸਾਧ ਸੰਗਤ ਦਾ ਸਿਰਮੌਰ ਹਿੱਸਾ ਬਣਦੇ ਰਹੇ।

ਅਰਧ ਕੁੰਭੀ ਦੀ ਹਰਿਦੁਆਰ ਆਦਿਕ ਦੀ ਯਾਤਰਾ ਦੇ ਪ੍ਰਸੰਗ ਇਕ ਵੱਡੇ ਅਧਿਆਏ ਦੇ ਰੂਪ ਹਨ। ਇਸ ਯਾਤਰਾ ਕਾਰਨ ਉੱਥੇ ਹਰਿਦੁਆਰ ਵਿਚ ਅਨੇਕ ਮਤਾਂ ਵਾਲਿਆਂ ਨੂੰ ਇਸ ਨਵੇਂ ਜਾਗ੍ਰਤ ਸਿੱਖ ਪੰਥ ਦਾ ਪਰਿਚੇ ਮਿਲਿਆ। ਪੰਜਾਬ ਵਿਚ ਵੀ ਲੋਕਾਂ ਦੀ ਉਮੀਦਾਂ ਦਾ ਸੂਰਜ ਚੜ੍ਹਦਾ ਨਜ਼ਰ ਆ ਰਿਹਾ ਸੀ। "ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਰਿਦੁਆਰ ਜਾ ਕੇ ਸੂਰਜ ਨੂੰ ਪਾਣੀ ਦੇਣ ਦੀ ਪਰੰਪਰਾ ਵਿਰੁੱਧ ਪੱਛਮ ਵੱਲ ਜਲ ਉਛਾਲਿਆ ਸੀ। ਪੁੱਛਣ ਵਾਲਿਆਂ ਨੂੰ ਕਿਹਾ ਸੀ ਕੇ ਮੈਂ ਪੰਜਾਬ ਵਿਚ ਆਪਣੇ ਖੇਤਾਂ ਨੂੰ ਪਾਣੀ ਦੇ ਰਿਹਾ ਹਾਂ। ਸਮੇਂ ਦਾ ਮਾਲਕ ਇਕ ਵਾਰੀ ਫੇਰ ਹਰਿਦੁਆਰ ਯਾਤਰਾ ਕਰਕੇ ਆਪਣੀ ਸਿੱਖੀ ਰੂਪੀ ਖੇਤੀ ਨੂੰ ਪਾਣੀ ਦੇਣ ਲਈ ਜੁੱਟ ਗਿਆ ਸੀ।

ਧਰਮ ਪ੍ਰਚਾਰ

ਅਰਧ ਕੁੰਭੀ ਦੀ ਯਾਤਰਾ ਨਾਲ ਧਰਮ ਪ੍ਰਚਾਰ ਦਾ ਸ਼੍ਰੀ ਗਣੇਸ਼ ਹੋ ਚੁੱਕਿਆ ਸੀ। ਉਸ ਤੋਂ ਬਾਦ ਗੁਰੂ ਜੀ ਨੇ ਦੁਆਬੇ ਤੱਕ ਯਾਤਰਾ ਕਰਕੇ ਧਰਮ ਪ੍ਰਚਾਰ ਚਾਲੂ ਰੱਖਿਆ। ਸੰਗਤਾਂ ਦੀ ਆਵਾਜਾਈ ਦਾ ਦੌਰ ਸ਼ੁਰੂ ਹੋ ਚੁੱਕਿਆ ਸੀ। ਸਤਿਗੁਰੂ ਜੀ ਨੇ ਦਸਮ ਪਾਤਸ਼ਾਹ ਦੀ ਸਥਾਪਿਤ ਸਿੱਖ ਮਰਯਾਦਾ ਨੂੰ ਪੁਨਰ ਸਥਾਪਿਤ ਕੀਤਾ ਸੀ। ਪਰੰਤੂ ਸਿੱਖ

Sri Satguru Jagjit Singh Ji eLibrary NamdhariElibrary@gmail.com

ਸਮਾਜ ਦਾ ਵੱਡਾ ਹਿੱਸਾ ਰਾਜ ਅਤੇ ਇਸਦੀ ਮਸਤ ਖੁਸ਼ਹਾਲੀ ਵਿਚ ਪਥ ਭ੍ਰਸ਼ਟ ਹੋ ਚੁੱਕਿਆ ਸੀ। ਗੁਰੂ ਧਾਮਾਂ ਦੇ ਪ੍ਰਬੰਧਕ ਵੀ ਰਣਜੀਤ ਰਾਜ ਵਿਚ ਪੂਜਾ ਦੇ ਧਾਨ ਦੇ ਬਾਜਾਰੀਏ ਜਾਗੀਰਦਾਰ ਬਣ ਚੁੱਕੇ ਸਨ। ਸੰਤ ਖਾਲਸਾ ਜਾਂ ਨਾਮਧਾਰੀ ਸੰਗਿਆ ਨਾਲ ਸਥਾਪਿਤ ਕੀਤੀ ਜਾ ਰਹੀ ਗੁਰ ਮਰਯਾਦਾ ਉਹਨਾਂ ਦੇ ਮਨਮੱਤੀ ਜੀਵਨ ਤੇ ਐਬਾਂ ਨੂੰ ਬੇਨਕਾਬ ਕਰਨ ਵਾਲੀ ਸੀ। ਏਸ ਲਈ ਏਸ ਪੰਥ ਦਾ ਸਭ ਤੋਂ ਵੱਧ ਵਿਰੋਧ ਸਿੱਖ ਧਰਮ ਕੇਂਦਰਾਂ ਦੇ ਪ੍ਰਬੰਧਕੀ ਸੇਵਾਦਾਰਾਂ-ਮਹੰਤਾਂ ਵਲੋਂ ਹੋਇਆ ਸੀ।

ਮਾਘੀ ਮੇਲਾ

ਸਤਿਗੁਰੂ ਰਾਮ ਸਿੰਘ ਜੀ ਨੇ ਸੰਨ 1862 ਦੀ ਮਾਘੀ ਦੇ ਮੇਲੇ ਲਈ ਚਾਲੇ ਪਾਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਵੱਡਾ ਕੌਤੁਕ ਕੀਤਾ ਤਾਂ ਮਾਲਵੇ ਦੇ ਸਾਧ ਬੀਰਮ ਦਾਸ ਨੂੰ ਦਰਸ਼ਨ ਹੋਏ ਸਨ। ਗੁਰੂ ਜੀ ਨੇ ਉਸ ਨੂੰ ਨਿਹਾਲ ਕਰਕੇ ਨਾਂਦੇੜ ਸੁਨੇਹਾ ਭੇਜਿਆ ਸੀ ਕੇ ਕਮੈਦੀ ਘੋੜਾ ਹਜੂਰ ਆਪ ਲੈ ਗਏ ਹਨ। ਤਲਾਸ਼ ਨਾ ਕਰਨ। ਇਸ ਸਾਧੂ ਨੂੰ ਬਾਰਹਵੇਂ ਜਾਮੇ ਬਾਰੇ ਭੇਦ ਦੱਸਿਆ ਗਿਆ ਸੀ। ਇਸ ਦੇ ਚੇਲੇ ਅਲਖ ਰਾਮ ਨੇ ਧੂੜ ਕੋਟ ਦੇ ਸਾਧ ਜੋਗਾ ਸਿੰਘ ਤੇ ਹੋਰ ਸਿੱਖਾਂ ਨੂੰ ਗੁਰੂ ਜੀ ਦੀ ਪ੍ਰਗਟਤਾਈ ਦਾ ਭੇਤ ਦੱਸਿਆ। ਭਾਈ ਜੋਗਾ ਸਿੰਘ ਤੇ ਹੋਰ ਅਨੇਕ ਇਸ ਮਾਘੀ ਦੇ ਮੇਲੇ ਤੇ ਨਾਮਧਾਰੀ ਸੰਤ ਖਾਲਸਾ ਬਣ ਗਏ।

ਸਤਿਗੁਰੂ ਜੀ ਆਪਣੇ ਜੱਥੇ ਦਾ ਲੰਗਰ ਤਿਆਰ ਕਰਨ ਲਈ ਫਰੀਦਕੋਟ ਦੇ ਰਾਜੇ ਤੋਂ ਬਰਤਨ ਮੰਗੇ। ਉਸ ਨੇ ਬਰਤਨ ਨਾ ਦਿੱਤੇ। ਸਗੋਂ ਅੰਗਰੇਜੀ ਸਰਕਾਰ ਦੀ ਖੁਸ਼ੀ ਲੈਣ ਲਈ ਆਪਣਾ ਇਕ ਸਿੱਖ ਮੁਖਬਰ ਸੰਗਤ ਵਿਚ ਛੱਡ ਦਿੱਤਾ। ਉਹ ਜਾਸੂਸ ਚੋਰੀ ਕਰਦਾ ਫੜਿਆ ਗਿਆ ਤੇ ਸੰਗਤ ਵਿਚੋਂ ਕੱਢਿਆ ਗਿਆ।

ਸਤਿਗੁਰੂ ਨੇ ਜੀ ਏਸ ਮਾਘੀ ਦੇ ਮੇਲੇ ਸਿੰਘਾਂ ਨੂੰ ਮੋਢਿਆਂ ਤੇ ਜੁਆਰ ਦੇ ਟਾਂਡੇ ਫੜਾ ਕੇ ਟਿੱਬੀ ਸਾਹਿਬ ਜਾਣ ਲਈ ਮੁਹੱਲਾ ਕੱਢਿਆ। ਅੰਗਰੇਜ ਪੁਲਸ ਅਫਸਰ ਨੂੰ ਇਸ ਡੰਡਾ ਪਰੇਡ ਤੇ ਵੀ ਏਤਰਾਜ ਸੀ। ਉਸ ਸਮੇਂ ਨਾਮਧਾਰੀ ਪੰਥ ਦੀ ਵੱਖਰੀ ਪਹਿਚਾਨ ਦੀ ਚਰਚਾ ਅੰਗਰੇਜ ਸਰਕਾਰ ਦੇ ਦਫਤਰਾਂ ਵਿਚ ਨਹੀਂ ਸੀ ਪੁੱਜੀ। ਗੁਰੂ ਜੀ ਨੇ ਚਰੀ ਦੇ ਟਾਂਡੇ ਸੁਟਾ ਦਿੱਤੇ। ਪੰਜ ਸਿੰਘ ਸੇਲਿਆਂ ਨੂੰ ਬੰਦੂਕ ਵਾਂਗ ਮੋਡੇ 'ਤੇ ਲਾ ਕੇ ਅੱਗੇ ਰੱਖੇ। ਜੋਗਾ ਸਿੰਘ ਦੀ ਭੇਟਾ ਕੀਤੀ ਗਈ। ਸੁਰਖੀ ਘੋੜੀ ਤੇ ਸਵਾਰ ਹੋ ਕੇ ਗੁਰੂ ਜੀ ਚਲੇ। ਪਿੱਛੇ ਸਾਰੀ ਸੰਗਤ ਸਫੈਦ ਬਾਣੇ ਵਿਚ ਚੱਲ ਰਹੀ ਸੀ। ਜੇਕਰ ਵੱਖਰੇ ਪੰਥ ਦੀ ਖ਼ਬਰ ਸਰਕਾਰ ਕੋਲ ਪੁੱਜਦੀ ਤਾਂ ਤਦੋਂ ਹੀ ਤਾਰਾਂ ਖੜਕ ਜਾਣੀਆਂ ਸਨ। ਗੁਰਧਾਮਾਂ ਦੀ ਯਾਤਰਾ ਤੇ ਮੇਲੇ ਤੇ ਜਾਣ ਦਾ ਏਹ ਪਹਿਲਾ ਸ਼ਾਂਤ ਸਬਬ ਸੀ। ਸਤਿਗੁਰੂ ਜੀ ਅਨੇਕ ਪਿੰਡਾਂ ਵਿਚ ਨਾਮਦਾਨ ਕਰਕੇ ਜੀਆਂ ਨੂੰ ਜਹਾਜ ਤੇ ਚੜ੍ਹਾ ਰਹੇ ਸਨ। ਪਿੰਡ ਲੋਪੋ ਵਿਚ ਹੁਕਮ ਕੀਤਾ ਸੀ ਕੇ ਹਜਰੋ ਜਾਣਾ ਹੈ।

ਚੀਨੀ ਘੋੜੀ

ਏਨਾਂ ਦਿਨਾਂ ਵਿਚ ਹੀ ਭੈਣੀ ਸਾਹਿਬ ਦੇ ਨੇੜਲੇ ਪਿੰਡ ਬਿਸ਼ਨਪੁਰੇ ਦਾ ਸਰਦਾਰ ਮੰਗਲ ਸਿੰਘ ਗਰੇਵਾਲ ਦਰਸ਼ਨ ਕਰਨ ਆਇਆ। ਇਸ ਕੋਲ ਇਕ ਬੜੀ ਸੁੰਦਰ-

ਸੁਢੌਲ ਤੇ ਅੱਥਰੀ ਘੋੜੀ ਸੀ। ਗੁਰੂ ਜੀ ਦੇ ਡੇਰੇ ਇਕ ਛੋਟੇ ਕਦ ਦੀ ਲੱਛੋ ਘੋੜੀ ਸੀ ਜੋ ਆਵਾਜ ਪੈਣ 'ਤੇ ਕੰਧ ਨਾਲ ਅਗਲੇ ਦੋ ਪੈਰ ਟਿਕਾ ਕੇ ਨਮਸਕਾਰ ਕਰਦੀ ਹੋਂਦੀ ਸੀ। ਮੰਗਲ ਸਿੰਘ ਦੇ ਪੂਰਬਲੇ ਭਾਗ ਜਾਗੇ ਉਹ ਨਾਮਧਾਰੀ ਬਣ ਗਿਆ। ਚੀਨੀ ਘੋੜੀ ਭੇਟਾ ਕਰਕੇ ਲੱਛੋ ਘੋੜੀ ਲੈ ਗਿਆ। ਇਸ ਦੀ ਰਿਸ਼ਤੇਦਾਰੀ ਮਹਾਰਾਜਾ ਪਟਿਆਲਾ ਤੋਂ ਇਲਾਵਾ ਧੋਲਪੁਰ ਭਰਤਪੁਰ ਵਿਚ ਵੀ ਸੀ। ਇਸ ਦੇ ਕੂਕਾ ਬਣਨ ਨਾਲ ਮਹਾਰਾਜਾ ਪਟਿਆਲਾ ਦੇ ਕੂਕਾ ਹੋਣ ਦੀ ਅਫਵਾਹ ਫੈਲੀ। ਅਨੇਕ ਜੀਆਂ ਨੂੰ ਉਤਸੁਕਤਾ ਜਾਗੀ ਅਤੇ ਕਈ ਕਰਮਾਂ ਵਾਲੇ ਗੁਰੂ ਦੇ ਜਹਾਜ ਤੇ ਸਵਾਰ ਹੋਏ।

ਭਾਈ ਰਾਏ ਸਿੰਘ ਤੇ ਰਹਿਤ ਮਰਯਾਦਾ

ਪਿੰਡ ਮਦੀਹਰ (ਮੁਕਤਸਰ) ਦਾ ਵਿਦਵਾਨ ਤੇ ਭਜਨੀਕ ਸਿੱਖ ਸਮੇਂ ਦੇ ਗੁਰੂ ਦੀ ਤਲਾਸ਼ ਵਿਚ ਘੁੰਮਦਾ ਰਹਿੰਦਾ ਸੀ। ਅੰਮ੍ਰਿਤਸਰ ਵਿਚਰਦੇ ਹੋਏ ਇਸ ਨੂੰ ਆਵਾਜ਼ਾ ਆਇਆ ਦਰਸ਼ਨ ਕਰਨੇ ਹਨ ਤਾਂ ਭੈਣੀ ਸਾਹਿਬ ਆ। ਸਿਦਕ ਨੂੰ ਸੇਧ ਮਿਲੀ ਭਾਈ ਰਾਏ ਸਿੰਘ ਗੁਰੂ ਚਰਣਾਂ ਵਿਚ ਪੁੱਜ ਕੇ ਨਿਹਾਲ ਹੋਇਆ। ਸਤਿਗੁਰੂ ਜੀ ਨੇ ਇਸ ਵਿਦਵਾਨ ਸਿੱਖ ਨੂੰ ਨਾਂਦੇੜ ਜਾ ਕੇ ਸਥਾਪਿਤ ਦਸ਼ਮੇਸ਼ ਮਰਯਾਦਾ ਲਿਖ ਕੇ ਲਿਉਣ ਲਈ ਭੇਜਿਆ। ਇਸ ਨੂੰ ਹੁਕਮ ਹੋਇਆ ਕੇ "ਨਾਂਦੇੜ ਜਾ ਕੇ ਗੁਰੂ ਗ੍ਰੰਥ ਸਾਹਿਬ ਦੀ ਕਥਾ ਕਰਨੀ ਹੈ। ਉੱਥੇ ਦੀ ਪਵਿੱਤਰ ਸੇਵਾ ਨਾਲ ਜੁੜੇ ਵਿਵੇਕੀਆਂ ਦੀ ਰਹਿਤ ਰਹਿਣੀ ਹੀ ਲਿਖਣੀ ਹੈ ਤੇ ਉਨ੍ਹਾਂ ਤੋਂ ਹੀ ਪੁੱਛਣੀ ਹੈ। ਉਥੇ ਵਿਆਹ ਨਹੀਂ ਕਰਨਾ।"

ਭਾਈ ਰਾਏ ਸਿੰਘ ਨੇ ਗੁਰੂ ਹੁਕਮ ਵਿਚ ਯਾਤਰਾ ਸ਼ੁਰੂ ਕੀਤੀ। ਮੱਧ ਪ੍ਰਦੇਸ਼ ਗਵਾਲਿਅਰ ਆਦਿਕ ਦੇ ਜੰਗਲਾਂ ਵਾਲੇ ਰਾਹ ਵਿਚ ਸੇਰ ਬਹੁਤ ਹੁੰਦੇ ਸਨ। ਭਾਈ ਜੀ ਨਾਲ ਉਸ ਸਮੇਂ ਇਕ ਕੁਸੰਗੀ ਯਾਤਰਾ ਵਿਚ ਰੱਲ ਗਿਆ ਸੀ। ਰਸਤੇ ਵਿਚ ਸ਼ੇਰ ਮਿਲਿਆ ਤੇ ਉਸਨੇ ਕੁਸੰਗੀ ਨੂੰ ਪਾੜ ਸੁੱਟਿਆ। ਭਾਈ ਰਾਏ ਸਿੰਘ ਥੋੜ੍ਹਾ ਓਹਲੇ ਹੋ ਕੇ ਅਰਦਾਸ ਕਰਨ ਲੱਗੇ। ਪਵਨ ਵੇਗ ਨਾਲ ਸਤਿਗੁਰੂ ਰਾਮ ਸਿੰਘ ਜੀ ਚੀਨੀ ਅਸਵਾਰ ਓਥੇ ਪੁੱਜੇ। ਸ਼ੇਰ ਮਰੇ ਸਿੰਘ ਦੀ ਲਾਸ਼ ਘਸੀਟਦਾ ਜੰਗਲ ਵਿਚ ਤੁਰ ਗਿਆ। ਭਾਈ ਰਾਏ ਸਿੰਘ ਨੂੰ ਨੇੜਲੇ ਡਾਕ ਬੰਗਲੇ ਵਿਚ ਪੁਚਾਇਆ। ਪਵਨ ਵੇਗ ਨਾਲ ਹੀ ਵਾਪਿਸ ਮੁੜ ਗਏ। ਸਵੇਰੇ ਸੇਵਾਦਾਰਾਂ ਨੇ ਚੀਨੀ ਨੂੰ ਪਸੀਨੇ ਤੇ ਥਕਾਵਟ ਨਾਲ ਬੇਹਾਲ ਦੇਖ ਕੇ ਅਸਚਰਜ ਕੀਤਾ ਕੇ ਕਿਸਨੇ ਸਵਾਰੀ ਕੀਤੀ ਹੈ ? ਗੁਰੂ ਜੀ ਕੋਲ ਅਰਜ ਕੀਤੀ ਤਾਂ ਆਪ ਨੇ ਕਿਹਾ ਘੋੜੀ ਦੀ ਸੇਵਾ ਕਰੋ ਤੇ ਬਾਕੀ ਬਚਨ ਭਾਈ ਰਾਏ ਸਿੰਘ ਆ ਕੇ ਦੱਸੇਗਾ।

ਭਾਈ ਰਾਏ ਸਿੰਘ ਨੇ ਨਾਂਦੇੜ ਹਜ਼ੂਰ ਸਾਹਿਬ ਸਾਢੇ ਤਿੰਨ ਮਹੀਨੇ ਕਥਾ ਕਰਕੇ ਨਿਹਾਲ ਕੀਤਾ। ਗੁਰੂ ਧਾਮ ਦੇ ਸੇਵਾਦਾਰਾਂ ਤੋਂ ਵਾਪਿਸ ਜਾਣ ਦੀ ਆਗਿਆ ਮੰਗੀ। ਉਸਨੇ ਗੁਰੂ ਆਗਿਆ ਅਨੁਸਾਰ ਕੋਈ ਭੇਟਾ ਨਾ ਲਈ ਸਗੋਂ ਇਕੱਠੀ ਹੋਈ ਭੇਟਾ ਵੀ ਤਖਤ ਭੇਟ ਕਰਕੇ ਖਾਲੀ ਹੱਥ ਵਾਪਿਸ ਮੁੜਿਆ। ਸਿਦਕੀ ਸਿੱਖ ਦਾ ਸਿਦਕ ਭੁੱਖਾ ਭਾਣਾ ਯਾਤਰਾ ਕਰ ਰਿਹਾ ਸੀ। ਰਾਹ ਵਿਚ ਜਲ ਪੀਣ ਲਈ ਇਕ ਬਾਉਲੀ ਤੇ ਗਿਆ ਤਾਂ ਉੱਥੇ ਸਿੱਕਿਆਂ ਦੀ ਇਕ ਥੈਲੀ ਪਈ ਸੀ। ਅਕਾਸ਼ਬਾਣੀ ਹੋਈ ਤੇਰਾ ਰਾਹ ਖਰਚ ਹੈ।

Sri Satguru Jagjit Singh Ji eLibrary NamdhariElibrary@gmail.com

ਪਰਾਇਆ ਧਨ ਨਹੀਂ। ਭਾਈ ਰਾਏ ਸਿੰਘ ਜਦੋਂ ਭੈਣੀ ਸਾਹਿਬ ਤੋਂ ਗਿਆ ਸੀ ਤਾਂ ਡੇਰੇ ਵਿਚ 13 ਸਤਿਸੰਗੀ ਸਨ। ਚਾਰ ਪੰਜ ਮਹੀਨੇ ਦੇ ਬਾਦ ਜਦੋਂ ਮੁੜਿਆ ਤਾਂ ਸ਼ਾਮਿਆਨੇ ਹੇਠ ਦੋ ਸੌ ਤੋਂ ਵੱਧ ਗੁਰੂ ਪਿਆਰੇ ਕੀਰਤਨ ਸ੍ਰਵਨ ਕਰ ਰਹੇ ਸਨ।

ਰਹਿਤ ਮਰਯਾਦਾ ਤੇ ਡਾਕ ਸੇਵਾ

ਭਾਈ ਰਾਏ ਸਿੰਘ ਦੀ ਹਜ਼ੂਰ ਸਾਹਿਬ ਤੋਂ ਲਿਆਂਦੀ ਮਰਯਾਦਾ ਦੇ ਆਧਾਰ ਉੱਤੇ ਇਕ ਮਰਯਾਦਾ ਪੱਤਰ ਲਿਖਿਆ ਗਿਆ ਅਤੇ ਗਸ਼ਤੀ ਚਿੱਠੀ ਦੇ ਰੂਪ ਵਿਚ ਦੂਰ ਨੇੜੇ ਦੀ ਸੰਗਤਾਂ ਨੂੰ ਭੇਜਿਆ ਗਿਆ। ਏਹ ਰਹਿਤਨਾਮਾ 1925-30 ਈ. ਤੋਂ ਛਪਦੇ ਆ ਰਹੇ ਗੁਟਕੇ ਨਾਮਧਾਰੀ ਨਿਤਨੇਮ ਵਿਚ ਨਿਯਮਿਤ ਛੱਪਦਾ ਆ ਰਿਹਾ ਹੈ। ਏਸ ਮਰਯਾਦਾ ਪ੍ਰਸਾਰ ਦੇ ਨਾਲ ਤਦ ਤੱਕ ਸਥਾਪਿਤ ਕੀਤੀ ਜਾ ਚੁੱਕੀ ਕੂਕਾ ਪੋਸਟਲ ਸਰਵਿਸ ਦੀ ਪ੍ਰਮਾਣਿਕਤਾ ਵੀ ਸਿੱਧ ਹੋਂਦੀ ਹੈ। ਏਸ ਡਾਕ ਪ੍ਰਬੰਧ ਦਾ ਅੰਗਰੇਜੀ ਰਾਜ ਦੇ ਦਸਤਾਵੇਜਾਂ ਵਿਚ ਪ੍ਰਸ਼ੰਸਾ ਭਰਿਆ ਜਿਕਰ ਹੋਇਆ ਹੈ।

ਸਤਿਗੁਰੂ ਬਾਲਕ ਸਿੰਘ ਜੀ ਕਿਸੇ ਵੀ ਪ੍ਰੇਮੀ ਨੂੰ ਨਾਮ ਦਾਨ ਦੇਣ ਤੋਂ ਪਹਿਲਾਂ ਰਹਿਤ ਮਰਯਾਦਾ ਵਿਚ ਪਰਪੱਕ ਕਰਦੇ ਸਨ। ਹਜ਼ੂਰ ਸਾਹਿਬ ਤੋਂ ਮਰਯਾਦਾ ਲਿਓਣ ਦਾ ਮੰਤਵ ਤਾਂ ਇਹੋ ਸੀ ਕੇ ਸਭ ਨੂੰ ਯਕੀਨ ਹੋਵੇ ਕੇ ਪ੍ਰਚਾਰੀ ਜਾ ਰਹੀ ਰਹਿਤ ਰਹਿਣੀ ਸਤਿਗੁਰੂ ਦਸ਼ਮੇਸ਼ ਜੀ ਦੀ ਹੈ ਕੋਈ ਨਵੀਂ ਨਹੀਂ। ਏਸ ਨਿਤ ਨੇਮੀ ਮਰਯਾਦਾ ਦੇ ਨਾਲ ਨਾਮਧਾਰੀ ਸਿੱਖਾਂ ਲਈ ਉਹ ਆਦੇਸ਼ ਵੀ ਦਿੱਤੇ ਗਏ ਜੋ ਲਿਖ ਕੇ ਪ੍ਰਚਾਰਿਤ ਨਾ ਕੀਤੇ ਗਏ। ਏਹ ਸੁਦੇਸ਼ੀ ਤੇ ਸੁਤੰਤਰ ਰਾਜ ਪ੍ਰਣਾਲੀ ਦਾ ਮੂਲ ਆਧਾਰ ਸਨ। ਏਨ੍ਹਾਂ ਅਸੂਲਾਂ ਨਾਲ ਅੰਗਰੇਜੀ ਰਾਜ ਦੇ ਅਰਥ ਤੰਤਰ ਨੂੰ ਭਾਰੀ ਧੱਕਾ ਲੱਗਣ ਲੱਗ ਪਿਆ ਸੀ।

ਸੁਦੇਸ਼ੀ ਪ੍ਰਚਾਰ ਤੇ ਸਮਾਨਾਂਤਰ ਸਰਕਾਰ

1. ਅੰਗਰੇਜੀ ਕੱਪੜਿਆਂ ਤੇ ਵਸਤਾਂ ਦਾ ਬਹਿਸ਼ਕਾਰ
2. ਅੰਗਰੇਜੀ ਸਕੂਲਾਂ, ਰੇਲਾਂ ਅਤੇ ਕਚੈਹਰੀਆਂ ਤੋਂ ਦੂਰ ਹੀ ਰਹਿਣਾ
3. ਅੰਗਰੇਜੀ ਸਰਕਾਰ ਦੀ ਨੌਕਰੀ ਵੀ ਨਹੀਂ ਕਰਨੀ
4. ਸਰਕਾਰੀ ਡਾਕ ਦੀ ਵਰਤੋਂ ਵੀ ਬੰਦ ਕੀਤੀ ਗਈ।

ਏਹ ਸਾਰੀਆਂ ਰੋਕਾਂ ਸੰਤ ਖਾਲਸੇ ਨੇ ਪੂਰੀ ਭਾਵਨਾ ਨਾਲ ਮੰਨੀਆਂ ਸਨ। ਬੱਚਿਆਂ-ਬੱਚੀਆਂ ਲਈ ਗੁਰਮੁਖੀ ਗੁਰਬਾਣੀ ਦੇ ਪ੍ਰਬੰਧ ਕੀਤੇ ਗਏ। ਝਗੜੇ ਨਿਪਟਾਉਣ ਲਈ ਪੱਕੇ ਪ੍ਰਬੰਧ ਕੀਤੇ ਗਏ। ਡਾਕ ਪ੍ਰਬੰਧ ਤੋਂ ਸਭ ਜਾਣੂੰ ਹੋ ਰਹੇ ਸਨ। ਇਸ ਤਰ੍ਹਾਂ ਸੰਤ ਖਾਲਸੇ ਨੇ ਅੰਗਰੇਜੀ ਰਾਜ ਦੀ ਸੁਵਿਧਾਵਾਂ ਤਿਆਗ ਕੇ ਉਸਦੇ ਅਰਥਤੰਤਰ ਤੇ ਵਪਾਰ ਲਈ ਖ਼ਤਰਾ ਪੈਦਾ ਕਰ ਦਿੱਤਾ।

ਸਤਿਗੁਰੂ ਬਾਲਕ ਸਿੰਘ ਜੀ—ਮਹਾਂਪ੍ਰਯਾਣ

ਸਤਿਗੁਰੂ ਜੀ ਬ੍ਰਹਮਲੀਨ ਹੋਣ ਲਈ ਤਿਆਰ ਹੋ ਰਹੇ ਸਨ। ਆਪ ਨੇ ਜੋ ਹੁਕਮਨਾਮਾ ਭੈਣੀ ਸਾਹਿਬ ਭੇਜਿਆ ਉਹ ਦੇਰ ਨਾਲ ਪੁੱਜਿਆ ਕਿਹਾ ਜਾਂਦਾ ਹੈ। ਪਰ ਕਿਤੇ ਪ੍ਰਕਾਸ਼ਿਤ ਹੋਇਆ ਨਹੀਂ। ਸਤਿਗੁਰੂ ਜੀ ਬਾਲਕ ਸਿੰਘ ਜੀ ਦਾ ਸਾਈਂ ਜਵਾਹਰ ਮਲ ਜੀ ਨੂੰ ਰਾਵਲਪਿੰਡੀ ਭੇਜੇ ਹੁਕਮਨਾਮੇ ਦੀ ਨਕਲ ਪੁਸਤਕ "ਕੂਕਿਆਂ ਦੀ ਵਿਥਿਆ" (ਪ੍ਰੋ. ਗੰਡਾ ਸਿੰਘ ਲਿਖਤ) ਵਿਚ ਜਰੂਰ ਮਿਲਦੀ ਹੈ।

Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਬਾਲਕ ਸਿੰਘ ਜੀ 6 ਦਿਸੰਬਰ 1862 ਈ. ਨੂੰ ਬ੍ਰਹਮਲੀਨ ਹੋ ਗਏ। ਸਤਿਗੁਰੂ ਰਾਮ ਸਿੰਘ ਜੀ ਨੇ ਜਨਵਰੀ ਅਖ਼ੀਰ ਵਿਚ ਹਜਰੋ ਸਾਹਿਬ ਵੱਲ ਚਾਲੇ ਪਾਏ। ਵਜੀਰਾਬਾਦ ਪਤਨ ਤੇ ਸਤਿਗੁਰੂ ਜੀ ਦਾ ਭਾਈ ਮੰਨਾ ਸਿੰਘ ਨਾਲ ਫੁੱਲ ਲੈ ਕੇ ਆ ਰਹੀ ਹਜਰੋ ਦੀ ਸੰਗਤ ਨਾਲ ਮੇਲ ਹੋਇਆ। ਸਤਿਗੁਰੂ ਜੀ ਦੇ ਦੱਸੇ ਹੁਕਮ ਅਨੁਸਾਰ ਹਜਰੋ ਦੀ ਸੰਗਤ ਨਾਲ ਸਤਿਗੁਰੂ ਜੀ ਗਿਲੀਂ ਬਾਬਾ ਜਮੀਤ ਸਿੰਘ ਦੇ ਡੇਰੇ ਪੁੱਜੇ।

ਏਥੇ ਹੀ ਸਤਿਗੁਰੂ ਜੀ ਦਾ ਹੁਕਮਨਾਮਾ ਪ੍ਰਗਟ ਕੀਤਾ ਗਿਆ ਅਤੇ ਸਤਿਗੁਰੂ ਰਾਮ ਸਿੰਘ ਲਈ ਭੇਜੀ ਦਸਤਾਰ ਸਜਾਈ ਗਈ। ਸਤਿਗੁਰੂ ਬਾਲਕ ਸਿੰਘ ਜੀ ਨੇ ਸਮੂਹ ਮਹੰਤਾਂ ਮੰਜੀਦਾਰਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਨੂੰ ਉਨ੍ਹਾਂ ਦਾ ਜਾਂਨਸ਼ੀਨ ਸਵੀਕਾਰ ਕਰਨ ਦਾ ਹੁਕਮ ਕੀਤਾ ਸੀ। ਏਸ ਸਮੇਂ ਦੜਪ ਦੀ ਸੰਗਤ ਵਿਚ ਅੰਮ੍ਰਿਤ ਪ੍ਰਚਾਰ ਹੋਇਆ। ਗਿਲੀਂ ਦੀ ਸੰਗਤ ਵੱਲੋਂ ਵੀ ਸਤਿਗੁਰੂ ਜੀ ਨੂੰ ਦਸਤਾਰ ਭੇਟ ਕੀਤੀ ਗਈ।

ਹਜਰੋ ਦੇ ਜਥੇ ਨੇ ਅੰਮ੍ਰਿਤਸਰ ਜਾਣਾ ਸੀ ਤਾਂ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਸੇਵਕ ਨਾਲ ਤੋਰੇ। ਅਸਤਾਂ ਨੂੰ ਹਰਿ ਕੀ ਪੌੜੀ ਇਸ਼ਨਾਨ ਕਰਾਕੇ ਹਜਰੋ ਵਾਲਾ ਜੱਥਾ ਹਰਦੁਆਰ ਗੰਗਾ ਵਿਚ ਫੁੱਲ ਵਿਸਰਜਨ ਲਈ ਚਲਾ ਗਿਆ। ਇਸ ਮੇਲੇ ਵਿਚ ਜੋ ਕੌਤੁਕ ਹੋਏ ਉਨ੍ਹਾਂ ਨਾਲ ਬਾਬਾ ਜਮੀਤ ਸਿੰਘ ਦਾ ਸਤਿਗੁਰਾਂ ਦੇ ਗੁਰਭਾਈ ਹੋਣ ਦਾ ਭਰਮ ਵੀ ਟੁੱਟ ਗਿਆ। ਸਤਿਗੁਰੂ ਰੂਪ ਵਿਚ ਸਵੀਕਾਰ ਕਰਕੇ ਉਨ੍ਹਾਂ ਦੀ ਭਾਵਨਾ ਸ਼ਰਧਾ ਪਰਪੱਕ ਹੋਈ। ਰੰਗੂਨ ਤੋਂ ਆਏ ਹੁਕਮਨਾਮਿਆਂ ਵਿਚ ਦੜਪ ਦੀ ਸੰਗਤ ਅਤੇ ਸੰਤਾਂ ਬਾਰੇ ਸਤਿਗੁਰਾਂ ਨੇ ਪੁੱਛ ਪੜਤਾਲ ਕੀਤੀ ਹੈ। ਏਹ ਵੀ ਤੱਥ ਹੈ ਕਿ ਦੜਪ ਵਿਚੋਂ ਕਿਸ ਸਰੀਰ ਦੇ ਰੰਗੂਨ ਗਿਆਂ ਦਾ ਜਿਕਰ ਨਹੀਂ ਮਿਲਦਾ। ਮਹਾਰਾਜਾ ਹਰੀ ਸਿੰਘ ਜੀ ਵੀ 1897 ਵਿਚ ਸੰਤਾਂ ਦੇ ਭੋਗ 'ਤੇ ਦੜਪ ਆ ਸਕੇ ਸਨ।

ਸਿਆਲਕੋਟ ਦੌਰਾ-ਦਸਤਾਵੇਜੀ ਦਾਖ਼ਲਾ

ਸਤਿਗੁਰੂ ਜੀ ਨੇ ਗਿਲੀਂ ਤੋਂ ਨਿਕਲ ਕੇ ਜਿਲ੍ਹਾ ਸਿਆਲਕੋਟ ਵਿਚ ਤਗੜਾ ਦੌਰਾ ਕੀਤਾ। ਸਤਿਗੁਰਾਂ ਨਾਲ 150-200 ਸਿੰਘ ਨਾਲ-ਨਾਲ ਚੱਲ ਰਹੇ ਸਨ। ਸਿੱਖਾਂ ਦੇ ਕਿਸੇ ਲੀਡਰ ਹੇਠ ਅਜੇਹੇ ਦੌਰੇ ਅੰਗਰੇਜੀ ਰਾਜ ਲਈ ਖ਼ਤਰਾ ਸਨ। ਸਿੱਖਾਂ ਦੇ ਖਿਲਾਫ਼ ਬਨਾਏ ਜਾਸੂਸੀ ਜਾਲ ਅਨੁਸਾਰ ਸਿਆਲਕੋਟ ਦੇ ਡੀਸੀ ਕੋਲ ਖ਼ਬਰਾਂ ਪੁੱਜੀਆਂ। ਉਸਨੇ ਉਨ੍ਹਾਂ ਦੇ ਆਧਾਰ 'ਤੇ ਲਾਹੌਰ ਦੇ ਲਾਟ ਸਾਹਿਬ ਨੂੰ ਲਿਖੀਂ 5 ਅਪ੍ਰੈਲ, 1863 ਦੀ ਰਿਪੋਰਟ, "ਜਿਲ੍ਹਾ ਲੁਧਿਆਣਾ ਦਾ ਇਕ ਅਧਖੜ ਉਮਰ ਦਾ ਸਿੱਖ 200 ਸਾਥੀਆਂ ਸਮੇਤ ਏਸ ਜਿਲ੍ਹੇ ਵਿਚ ਦੌਰਾ ਕਰ ਰਿਹਾ ਹੈ। ਰਾਤ ਨੂੰ ਏਹ ਬੰਦੂਕਾਂ ਤੇ ਲਾਠੀਆਂ ਨਾਲ ਕਵਾਇਦ ਵੀ ਕਰਦੇ ਹਨ। ਉਸਦੇ 5000 ਪੈਰੋਕਾਰ ਹਨ। ਉਹ ਕਿਸੇ ਹਾਕਮ ਦਾ ਹੁਕਮ ਨਹੀਂ ਮੰਨਦਾ। ਉਸਦੇ ਜੱਥੇ ਵਿਚ ਇਸਤਰੀਆਂ ਵੀ ਹਨ। ਉਹ ਜੱਥੇ ਸਮੇਤ ਅੰਮ੍ਰਿਤਸਰ ਵੈਸਾਖੀ ਦੇ ਮੇਲੇ ਜਾ ਰਿਹਾ ਹੈ।"

ਵੈਸਾਖੀ—ਇਸ ਰਿਪੋਰਟ ਦੇ ਮੱਦੇਨਜ਼ਰ ਲਾਟ ਸਾਹਿਬ ਨੇ ਮੁਸਤੈਦ ਪੁਲਿਸ ਅਫਸਰਾਂ ਨੂੰ ਅੰਮ੍ਰਿਤਸਰ ਤੈਨਾਤ ਕਰ ਦਿੱਤਾ। 11 ਅਪ੍ਰੈਲ 1863 ਨੂੰ ਸਤਿਗੁਰੂ ਜੀ ਸੰਗਤਾਂ ਸਮੇਤ ਅੰਮ੍ਰਿਤਸਰ ਪੁੱਜੇ। ਆਈ ਜੀ ਪੁਲਿਸ, ਡੀ ਸੀ ਅੰਮ੍ਰਿਤਸਰ ਤੇ ਐਸ ਪੀ ਪੁਲਿਸ

ਸਤਿਗੁਰੂ ਜੀ ਨੂੰ ਮਿਲੇ। ਸਤਿਗੁਰੂ ਜੀ ਵੈਸਾਖੀ ਮਨਾ ਕੇ ਹਰੀ ਕੇ ਪਤਨ ਲੰਘ ਕੇ ਫਿਰੋਜਪੁਰ ਚਲੇ ਗਏ। ਦਸਤਾਵੇਜੀ ਰਿਪੋਰਟਾਂ ਵਿਚ ਪੂਰਾ ਵਿਸਤਾਰ ਦਰਜ ਹੈ।

ਦਸਤਾਵੇਜਾਂ ਵਿਚ ਇਕ ਵਾਰੀ ਜਿਕਰ ਹੋਣ ਨਾਲ ਅੰਗਰੇਜ ਸਰਕਾਰ ਨੇ ਹਰੇਕ ਜਿਲ੍ਹਾ ਅਫਸਰ ਨੂੰ ਨਵੇਂ ਪੰਥ ਬਾਰੇ ਸਾਰੀ ਖੋਜ ਖ਼ਬਰ ਰੱਖਣ ਲਈ ਤਾਕੀਦ ਕੀਤੀ। ਅੱਗੋਂ ਜਿਲ੍ਹਾ ਹੈੱਡ ਕਵਾਟਰ ਤੋਂ ਤਹਿਸੀਲਾਂ ਤੇ ਪਿੰਡਾਂ ਤੱਕ ਜਾਸੂਸੀ ਜਾਲ ਨੂੰ ਚੌਕਸ ਕਰ ਦਿੱਤਾ ਗਿਆ। ਅੰਗਰੇਜ ਸਰਕਾਰ ਸਿੱਖ ਕੌਮ ਦੇ ਜਜਬੇ ਨੂੰ ਜਾਣਦੀ ਸੀ। ਉਸ ਨੂੰ ਪਤਾ ਸੀ ਕਿ ਰਣਜੀਤ ਰਾਜ ਦੇ ਪਤਨ ਸਮੇਂ ਵੀ ਇਕ ਧਾਰਮਿਕ ਸੰਤ ਮਹਾਰਾਜ ਸਿੰਘ ਨੇ ਅੰਗਰੇਜ ਰਾਜ ਦਾ ਤਖ਼ਤਾ ਪਲਟਨ ਦੀ ਪੂਰੀ ਕੋਸ਼ਿਸ਼ ਕੀਤੀ ਸੀ।

ਗੁਰੂ ਜੀ ਨੇ ਫਿਰੋਜਪੁਰ ਦੇ ਇਲਾਕੇ ਤੋਂ ਵਾਪਸ ਆਉਂਦੇ ਹੋਏ ਆਨੰਦ ਕਾਰਜ ਕ੍ਰਾਂਤੀ ਦੀ ਰੂਪ-ਰੇਖਾ ਬਣਾ ਲਈ ਸੀ ਅਤੇ ਸੰਗਤ ਦੇ ਮੁਖੀਆਂ ਦੇ ਨਾਮ ਸਭ ਥਾ ਗਸ਼ਤੀ ਪੱਤਰ ਭੇਜ ਦਿੱਤਾ ਸੀ।

ਆਨੰਦ ਕਾਰਜ ਕ੍ਰਾਂਤੀ—ਨਾਰੀ ਮੁਕਤੀ

ਫਿਰੋਜਪੁਰ ਦੇ ਖੋਟੇ ਪਿੰਡ ਵਿਚ ਧੜੱਲੇਦਾਰ ਸਮੁੰਦ ਸਿੰਘ ਤੇ ਹੋਰ ਕੂਕਿਆਂ ਦਾ ਵਾਸਾ ਸੀ। ਸਮੁੰਦ ਸਿੰਘ ਤੇ ਜੋਗਾ ਸਿੰਘ ਸਤਿਗੁਰੂ ਜੀ ਨੂੰ ਅਰਧ ਕੁੰਭੀ ਯਾਤਰਾ ਦੌਰਾਨ ਮਿਲਿਆ ਸੀ। ਮਗਰੋਂ ਦੋਵੇਂ ਪੰਥ ਵਿਚ ਸਰਗਰਮੀ ਨਾਲ ਦਾਖ਼ਲ ਹੋਏ। ਆਨੰਦ ਕਾਰਜ ਦੀ ਨਵੀਂ ਰੀਤ ਦਾ ਵਿਰੋਧ ਹਿੰਦੂਆਂ ਦੇ ਪੁਰੋਹਿਤ ਵਰਗ ਤੇ ਸਮਾਜ ਦੇ ਅਖੌਤੀ ਸੇਵਕ ਵਰਗ ਵੱਲੋਂ ਹੋਣਾ ਸੀ। ਸਤਿਗੁਰੂ ਜੀ ਮੁਖੀ ਸੇਵਕਾਂ ਨਾਲ 31 ਮਈ 1863 ਨੂੰ ਸਿਆੜ ਪਿੰਡ ਪੁੱਜੇ। ਪਹਿਲੀ ਜੂਨ ਸਵੇਰੇ ਮਾਈਆ ਨੂੰ ਖੰਡੇ ਪਾਹੁਲ ਛਕਾਣ ਦੀ ਕ੍ਰਾਂਤੀ ਦਾ ਸੂਤਰਪਾਤ ਹੋਇਆ।

3 ਜੂਨ 1863 ਨੂੰ ਕੁੱਲ ਛੇ ਜੋੜਿਆਂ ਦੇ ਆਨੰਦ ਕਾਰਜ ਦਾ ਜਿਕਰ ਸਾਡੇ ਇਤਿਹਾਸਕਾਰਾਂ ਨੇ ਕੀਤਾ ਹੈ। 2 ਬੱਚੇ ਸਮੁੰਦ ਸਿੰਘ ਦੇ ਪਰਿਵਾਰ ਦੇ ਸਨ। ਬਾਕੀ ਦਸ ਬੱਚੇ ਅਤੇ ਉਨ੍ਹਾਂ ਦੇ ਪਰਿਵਾਰ ਬਾਹਰੋਂ ਆਏ ਸਨ। ਸਰਕਾਰੀ ਰਿਪੋਰਟਾਂ ਅਨੁਸਾਰ ਵੀ ਉੱਥੇ 500 ਕੂਕਿਆਂ (ਮਾਈ ਭਾਈ ਬੱਚਿਆਂ ਸਮੇਤ) ਦਾ ਜਮਾਵੜਾ ਸੀ। ਸਵੇਰੇ ਵੇਦੀ ਗੱਡ ਕੇ ਪਹਿਲਾਂ ਪ੍ਰਚਾਰਿਤ ਵਿਧੀ ਨਾਲ ਹਵਨ ਕੀਤਾ ਗਿਆ ਅਤੇ ਖੰਡੇ ਪਾਹੁਲ ਅੰਮ੍ਰਿਤ ਤਿਆਰ ਕੀਤਾ ਗਿਆ। ਛੇ ਜੋੜਿਆਂ ਅਤੇ ਉਨ੍ਹਾਂ ਦੇ ਪਰਿਵਾਰਕ ਜੀਆਂ ਨੂੰ ਅੰਮ੍ਰਿਤ ਪਾਨ ਕਰਾਇਆ ਗਿਆ। ਫੇਰ ਹਵਨ ਅਗਨੀ ਦੇ ਦੁਆਲੇ ਸ੍ਰੀ ਗੁਰੂ ਰਾਮਦਾਸ ਜੀ ਦੀ ਚਾਰ ਲਾਵਾਂ ਦੇ ਪਾਠ ਗਾਇਨ ਨਾਲ ਅਗਨੀ ਦੇ ਚਾਰ ਫੇਰਿਆਂ ਨਾਲ ਆਨੰਦ ਕਾਰਜ ਸੰਪੰਨ ਕੀਤਾ ਗਿਆ। ਵਿਆਹ ਹੋਇਆ ਮੇਰੇ ਬਾਬਲਾ...

ਪਿੰਡ ਦੇ ਲੋਕ, ਬ੍ਰਾਹਮਣ ਤੇ ਲਾਗੀ ਪਹਿਲਾਂ ਹੀ ਇਕੱਠੇ ਹੋਏ ਸਨ। ਉਨ੍ਹਾਂ ਆਨੰਦ ਕਾਰਜਾਂ ਵਿਚ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ। ਸਮੁੰਦ ਸਿੰਘ ਨੇ ਪੁਖਤਾ ਇੰਤਜਾਮ ਕੀਤੇ ਸਨ। ਸਾਰੇ ਜਤਨ ਕਰਕੇ, ਰੌਲਾ ਪਾ ਕੇ ਅਸਫਲ ਹੋ ਕੇ ਇਹ ਲੋਕ-ਹਿੰਦੂ ਧਰਮ ਖ਼ਤਰੇ ਵਿਚ ਹੈ—ਦੇ ਨਾਅਰੇ ਲਾਉਂਦੇ ਬਾਘਾ ਪੁਰਾਨਾ ਦੇ ਥਾਨੇ ਪੁੱਜੇ। ਥਾਣੇਦਾਰ ਨੇ ਸ਼ਿਕਾਇਤ ਦਰਜ ਕਰਕੇ ਜਿਲ੍ਹੇ ਦੇ ਅਫਸਰਾਂ ਨੂੰ ਅਸ਼ਾਂਤੀ ਤੇ ਬਗ਼ਾਵਤ ਦੇ ਅੰਦੇਸ਼ੇ ਦੀ

Sri Satguru Jagjit Singh Ji eLibrary NamdhariElibrary@gmail.com

ਖ਼ਬਰ ਭੇਜ ਦਿੱਤੀ। ਜਿਲ੍ਹੇ ਦੇ ਅਫਸਰਾਂ ਨੂੰ ਸੁਨੈਹਿਰਾ ਮੌਕਾ ਮਿਲ ਗਿਆ। ਏਸ ਲਈ ਪੁਲਿਸ ਨਿਗਰਾਨੀ ਵਿਚ ਸਤਿਗੁਰੂ ਰਾਮ ਸਿੰਘ ਜੀ ਤੇ ਮੁਖੀ ਸੇਵਕਾਂ ਨੂੰ ਥਾਨੋ ਥਾਨੀ ਭੈਣੀ ਸਾਹਿਬ ਪਹੁੰਚਾਣ ਦੇ ਹੁਕਮ ਜਾਰੀ ਕੀਤੇ ਗਏ। ਏਸ ਤਰ੍ਹਾਂ ਆਨੰਦ ਕਾਰਜ ਕ੍ਰਾਂਤੀ ਨਾਲ ਫਿਰੰਗੀ ਸਰਕਾਰ ਨੂੰ ਉਹ ਮੌਕਾ ਮਿਲ ਗਿਆ ਜਿਸਦੇ ਲਈ ਉਹ ਤੇ ਅਪ੍ਰੈਲ ਦੀ ਸਿਆਲਕੋਟ ਦੇ ਡੀ ਸੀ ਮੈਕਨਾਥ ਦੀ ਰਿਪੋਰਟ ਨਾਲ ਤਿਆਰ ਬੈਠੀ ਸੀ।

ਸਤਿਗੁਰੂ ਜੀ ਨੂੰ ਭੈਣੀ ਸਾਹਿਬ 6 ਜੂਨ ਨੂੰ ਪੁਚਾ ਦਿੱਤਾ ਗਿਆ। ਹਰ ਰੋਜ ਪੇਸ਼ੀ ਤੇ ਲੁਧਿਆਨੇ ਬੁਲਾਇਆ ਜਾਂਦਾ। ਆਨੰਦ ਕਾਰਜ ਕ੍ਰਾਂਤੀ ਦਾ ਸੰਬੰਧ ਕੇਵਲ ਹਿੰਦੂ ਸਮਾਜ ਦੇ ਪਰਜੀਵੀ ਵਰਗ ਦੀ ਸ਼ਿਕਾਇਤ ਨਾਲ ਸੀ। ਉਸ ਸਮੇਂ ਤੱਕ ਅੰਗਰੇਜ ਸਰਕਾਰ ਵੱਲੋਂ ਦਹੇਜ ਪ੍ਰਥਾ ਦੇ ਬਾਰੇ ਕਾਗਜ਼ੀ ਕਾਰਵਾਈ ਦੇ ਅਨੇਕ ਦਸਤਾਵੇਜ ਮਿਲਦੇ ਹਨ। ਸਿੱਖਾਂ ਵਿਚ ਵੀ ਇਕ ਵਰਗ ਦਾਵੇ ਕਰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੁਆਲੇ ਫੇਰੇ ਲਗਵਾ ਕੇ ਉਨ੍ਹਾਂ ਨੇ ਆਨੰਦ ਕਾਰਜ ਪ੍ਰਣਾਲੀ ਸ਼ੁਰੂ ਕੀਤੀ। ਅਜੇਹੀ ਸਮਾਜਕ ਕ੍ਰਾਂਤੀ ਪਹਿਲਾਂ ਹੋਈ ਹੋਂਦੀ ਤਾਂ ਕੂਕਾ ਲਹਿਰ ਦੇ ਇਤਿਹਾਸ ਦਾ ਇਹ ਨਵਾਂ ਅਧਿਆਏ ਨਾਂ ਲਿਖਿਆ ਜਾਂਦਾ।

ਨਜ਼ਰਬੰਦੀ

ਲੁਧਿਆਣੇ 3 ਜੁਲਾਈ 1863 ਨੂੰ ਹੁਕਮ ਸੁਣਾ ਦਿੱਤਾ ਗਿਆ ਕਿ ਸਤਿਗੁਰੂ ਰਾਮ ਸਿੰਘ ਜੀ, ਬਿਨਾਂ ਸਰਕਾਰੀ ਇਜਾਜਤ ਦੇ ਅਣਮਿਥੇ ਸਮੇਂ ਲਈ, ਭੈਣੀ ਸਾਹਿਬ ਤੋਂ ਬਾਹਰ ਨਹੀਂ ਜਾ ਸਕਦੇ। ਉਸ ਸਮੇਂ ਪਿੰਡ ਵਿਚ ਪੁਲਿਸ ਤੈਨਾਤ ਕਰਕੇ ਰੋਜਾਨਾ ਖ਼ਬਰ ਪ੍ਰਾਪਤ ਕਰਨ ਦਾ ਪ੍ਰਬੰਧ ਫਿਰੰਗੀ ਸਰਕਾਰ ਨੇ ਕਰ ਦਿੱਤਾ। ਸਮਾਜਕ ਸੁਧਾਰ ਦਾ ਦਮ ਭਰਨ ਦੇ ਅੰਗਰੇਜੀ ਸਰਕਾਰ ਦੇ ਖੋਖਲੇ ਦਾਵਿਆਂ ਦਾ ਪਾਜ ਖੁੱਲ੍ਹ ਚੁੱਕਿਆ ਸੀ। ਫੁੱਟ ਪਾਓ ਰਾਜ ਕਰੋ ਦਾ ਅਸਲੀ ਰਾਹ ਸਮਾਜ ਪਾੜਨ ਦਾ ਸੀ। 3 ਜੁਲਾਈ 1863 ਨੂੰ ਲਾਗੂ ਹੋਈ ਨਜ਼ਰਬੰਦੀ ਦੌਰਾਨ ਸਤਿਗੁਰੂ ਰਾਮ ਸਿੰਘ ਜੀ ਬਹੁਤ ਜਰੂਰੀ ਹੋਣ 'ਤੇ ਸਰਕਾਰੀ ਇਜਾਜਤ ਲੈ ਕੇ ਭੈਣੀ ਸਾਹਿਬ ਤੋਂ ਬਾਹਰ ਜਾ ਸਕੇ। ਸਿੱਖ ਸਮਾਜ ਵਿਚ ਇਕ ਚੇਤਨਾ ਜਰੂਰ ਆਈ। ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖਾਂ ਲਈ ਚਾਰ ਲਾਵਾਂ ਗੁਰਬਾਣੀ ਨਾਲ ਬ੍ਰਾਹਮਣ ਪਰੰਪਰਾ ਦੀ ਸਪਤ ਫੇਰੀ ਦੀ ਅਖੀਰਲੀ ਜੰਜੀਰ ਵੀ ਤੋੜ ਦਿੱਤੀ ਸੀ। ਜੇਹੜਾ ਕਾਰਜ ਦਸ਼ਮੇਸ਼ ਸਤਿਗੁਰੂ ਜੀ ਜੰਗਾਂ ਯੁੱਧਾਂ ਵਿਚ ਅੱਗੇ ਨਹੀਂ ਸੀ ਵਧਾ ਸਕੇ ਉਹ ਸਤਿਗੁਰੂ ਰਾਮ ਸਿੰਘ ਜੀ ਦੇ ਰੂਪ ਵਿਚ ਕਰ ਦਿੱਤਾ ਸੀ। ਮਾਈਆਂ ਨੂੰ ਅੰਮ੍ਰਿਤ ਪਾਨ ਕਰਾਕੇ ਪੁਰਖਾਂ ਦੇ ਬਰਾਬਰ ਮਰਯਾਦਾ ਦੀ ਹਿੱਸੇਦਾਰੀ ਬਣਾ ਕੇ ਕੌਰ ਸੰਗਿਆ ਨੂੰ ਸਾਰਥਕ ਕਰ ਦਿੱਤਾ ਸੀ। ਵਿਆਹ ਸਮੇਂ ਖੰਡੇ ਪਾਹੁਲ ਪ੍ਰਚਾਰ ਨਾਲ ਵੱਖਰੇ ਪ੍ਰਚਾਰ ਦੀ ਲੋੜ ਵੀ ਘੱਟ ਗਈ ਸੀ। ਜੇਹੜੇ ਸਥਾਨ ਸੰਸਥਾਵਾਂ ਖੰਡੇ ਪਾਹੁਲ ਛਕਾਉਣ ਦੀ ਭੇਟਾ ਲੈਂਦੇ ਸਨ, ਉਨ੍ਹਾਂ ਦਾ ਵਿਰੋਧ ਵੀ ਸੁਭਾਵਿਕ ਸੀ।

ਭੈਣੀ ਸਾਹਿਬ ਵਿਚ ਸੰਗਤਾਂ ਦੀ ਆਵਾਜਾਈ ਸੀਮਤ ਢੰਗ ਨਾਲ ਹੀ ਹੋਂਦੀ ਸੀ। ਅੰਗਰੇਜੀ ਰਾਜ ਦੇ ਖ਼ੂਨੀ ਪੰਜੇ ਹਕੂਮਤ ਨੂੰ ਪੱਕਾ ਕਰਨ ਲਈ ਪੂਰਾ ਜੋਰ ਲਗਾ ਰਹੇ ਸਨ। ਏਸ ਲਈ ਇੱਛਾ ਹੋਣ 'ਤੇ ਵੀ ਬਹੁਤੇ ਸਿੱਖ ਭੈਣੀ ਸਾਹਿਬ ਆਉਣ ਤੋਂ ਕਤਰਾਂਦੇ ਸਨ। ਕਰੀਬਨ ਦੋ ਸਾਲ ਸਾਰੇ ਹਾਲ ਹਵਾਲ ਦੇਖ ਕੇ ਪੰਜ ਮੁਖੀ ਸੇਵਕਾਂ ਨੂੰ ਸੂਬਾ ਸੰਗਿਆ

Sri Satguru Jagjit Singh Ji eLibrary NamdhariElibrary@gmail.com

ਨਾਲ ਧਰਮ ਪ੍ਰਚਾਰ ਅਤੇ ਨਾਮ ਦਾਨ ਅਧਿਕਾਰ ਦੇ ਦਿੱਤਾ। ਏਸ ਤਰ੍ਹਾਂ ਸੂਬਿਆਂ ਰਾਹੀਂ ਧਰਮ ਪ੍ਰਚਾਰ ਦੀ ਸਰਗਰਮੀ ਹੋਂਦੀ ਦੇਖ ਕੇ ਅੰਗਰੇਜ ਸਰਕਾਰ ਨੇ ਉਨ੍ਹਾਂ ਦੀ ਆਵਾਜਾਈ ਬਗੈਰ ਇਜਾਜਤ ਬੰਦ ਕਰ ਦਿੱਤੀ। ਏਸ ਤੋਂ ਬਾਦ ਸਤਿਗੁਰੂ ਜੀ ਨੇ ਸਮੇਂ ਸਮੇਂ 17 ਹੋਰ ਸਿੱਖਾਂ ਨੂੰ ਸੂਬਾ ਮਨੋਨੀਤ ਕਰ ਦਿੱਤਾ।

ਸਰਕਾਰ ਕੋਲ ਖ਼ਬਰਾਂ ਪ੍ਰਾਪਤ ਕਰਨ ਦੇ ਸਾਰੇ ਪ੍ਰਬੰਧ ਸਨ ਅਤੇ ਛੇਤੀ ਹੀ ਏਹ ਸੂਬੇ ਵੀ ਨਜਰਬੰਦੀ ਹੇਠ ਆ ਗਏ। ਏਸ ਸਮੇਂ ਇਕ ਅੰਗਰੇਜ ਅਫਸਰ ਦਾ ਭੈਣੀ ਸਾਹਿਬ ਆਉਣ ਦਾ ਜਿਕਰ ਹੈ। ਸਤਿਗੁਰੂ ਜੀ ਤੇ ਮੁਖੀ ਸੇਵਕਾਂ ਦੇ ਫੌਜੀ ਪਿਛੋਕੜ ਬਾਰੇ ਸਰਕਾਰ ਪੂਰੀ ਜਾਣਕਾਰੀ ਇਕੱਠੀ ਕਰ ਰਹੀ ਸੀ। ਉਸ ਅਫਸਰ ਨੇ ਸਤਿਗੁਰੂ ਜੀ ਨੂੰ ਪੁੱਛਿਆ ਕਿ ਤੁਹਾਡੇ ਸਾਰੇ ਧਰਮ ਪ੍ਰਚਾਰਕ ਅਸਾਂ ਨਜ਼ਰਬੰਦ ਕਰ ਦਿੱਤੇ ਹਨ। ਪ੍ਰਚਾਰ ਦਾ ਹੁਣ ਕੀ ਪ੍ਰੋਗਰਾਮ ਹੈ ? ਸਤਿਗੁਰੂ ਜੀ ਨੇ ਬਚਨ ਕੀਤਾ—ਮੈਂ ਘਰ ਘਰ ਵਿਚ ਰਾਮ ਸਿੰਘ ਕਰ ਦਿਆਂਗਾ। ਅੰਗਰੇਜ ਅਫਸਰ ਨੇ ਅਸਲਾ ਇਕੱਠਾ ਕਰਨ ਬਾਰੇ ਹਨ੍ਹੇਰੇ ਵਿਚ ਤੀਰ ਛੱਡਿਆ। ਸਤਿਗੁਰੂ ਜੀ ਨੇ ਮਾਲਾ ਦਿਖਾ ਕੇ ਕਿਹਾ—ਮੇਰੇ ਕੋਲ ਏਹ ਤੋਪ ਹੈ ਜੋ ਇਕ ਚੱਕਰ ਵਿਚ 108 ਫਾਇਰ ਕਰਦੀ ਹੈ।

ਸਤਿਗੁਰੂ ਜੀ ਨੇ ਨਾਮ-ਮਰਯਾਦਾ ਵਿਚ ਪਰਪੱਕ ਕਈ ਸਿੱਖਾਂ ਨੂੰ ਮਹੰਤ ਰੂਪ ਵਿਚ ਨਾਮਦਾਨ ਦਾ ਅਧਿਕਾਰ ਦੇ ਦਿੱਤਾ ਸੀ। ਅੰਗਰੇਜ ਸਰਕਾਰ ਏਸ ਸੰਤ ਨੀਤੀ ਤੋਂ ਅਨਜਾਣ ਸੀ। ਸਰਕਾਰੀ ਦਸਤਾਵੇਜਾਂ ਅਨੁਸਾਰ ਅਪ੍ਰੈਲ 1863 ਵਿਚ 5000 ਕੂਕੇ ਸਨ। ਮਗਰਲੇ ਦਸਤਾਵੇਜਾਂ ਅਨੁਸਾਰ ਆਨੰਦ ਕਾਰਜ ਕ੍ਰਾਂਤੀ ਸਮੇਂ ਜੂਨ-ਜੁਲਾਈ 1863 ਵਿਚ ਸਵਾ ਲੱਖ ਕੂਕੇ ਸਨ। ਜੋ ਨਜ਼ਰਬੰਦੀ ਤੋਂ ਪਰਦਾ ਉੱਠਣ ਤੋਂ ਬਾਦ ਸਰਕਾਰੀ ਦਸਤਾਵੇਜਾਂ ਅਨੁਸਾਰ ਤਿੰਨ ਲੱਖ ਤੋਂ ਵੱਧ ਅਨੁਮਾਨਤ ਕੀਤੇ ਗਏ ਸਨ।

ਹੌਲੀ ਆਨੰਦਪੁਰ ਸਾਹਿਬ ਤੇ ਸਿਵਲ ਨਾਫੁਰਮਾਨੀ

ਸਤਿਗੁਰੂ ਜੀ ਨੇ 1867 ਈ. ਸ਼ੁਰੂ ਵਿਚ ਆਨੰਦਪੁਰ ਸਾਹਿਬ ਹੋਲੇ ਤੇ ਜਾਣ ਦੀ ਇਜਾਜਤ ਸਰਕਾਰ ਤੋਂ ਮੰਗੀ। ਜੋ ਨਾ ਦਿੱਤੀ ਗਈ। ਤਾਂ ਫੇਰ ਭੈਣੀ ਸਾਹਿਬ ਵਿਚ ਹੋਲਾ ਮੇਲਾ ਕਰਨ ਦੀ ਇਜਾਜਤ ਮੰਗੀ ਗਈ। ਜਿਸਦੇ ਨਿਰਣੇ ਤੋਂ ਪਹਿਲਾਂ ਹੀ ਪਿੰਡ ਦੇ ਜਮੀਂਦਾਰਾਂ ਨੇ ਫਸਲਾਂ ਖ਼ਰਾਬ ਹੋ ਜਾਣ ਦਾ ਰੌਲਾ ਪਾਇਆ। ਕਿਉਂਕਿ ਉੱਥੇ ਕੋਈ ਵੇਹਲੀ ਥਾਂ ਤੇ ਹੈ ਨਹੀਂ ਸੀ ਜਿੱਥੇ ਸ਼ਾਮਿਆਨੇ ਤੰਬੂ ਲੱਗ ਸਕਦੇ। ਏਹ ਇਜਾਜਤ ਨਾ ਦਿੱਤੀ ਗਈ। ਏਸ ਦੌਰਾਨ ਅੰਗਰੇਜ ਅਫਸਰ ਭੈਣੀ ਸਾਹਿਬ ਆਏ ਤੇ ਸਤਿਗੁਰੂ ਜੀ ਦੇ ਦ੍ਰਿੜ੍ਹ ਇਰਾਦੇ ਨੂੰ ਦੇਖ ਕੇ ਜ਼ੁਬਾਨੀ ਇਜਾਜਤ ਦੇ ਗਏ।

ਸਤਿਗੁਰੂ ਜੀ ਸੰਗਤਾਂ ਨਾਲ ਪੜਾਵੋਂ ਪੜਾਵੀ ਕੀਰਤਪੁਰ ਸਾਹਿਬ ਪੁੱਜੇ। ਅਗਲੇ ਦਿਨ ਕਾਫਲਾ ਸਰਕਾਰੀ ਦਸਤਾਵੇਜਾਂ ਅਨੁਸਾਰ 5 ਤੋਂ 8 ਹਜਾਰ ਦਾ ਕਿਹਾ ਗਿਆ। ਆਨੰਦਪੁਰ ਸਾਹਿਬ ਦੀ ਹੱਦ ਤੇ ਅੰਗਰੇਜ ਅਫਸਰਾਂ ਨੇ ਕੈਂਪ ਲਗਾਇਆ ਹੋਇਆ ਸੀ। ਕਾਫਲੇ ਨੂੰ ਰੋਕਣ ਲਈ ਕਿਹਾ ਗਿਆ। ਘੋੜਸਵਾਰ ਸੂਬਿਆਂ ਵਿਚ ਚੱਲ ਰਹੇ ਸਤਿਗੁਰੂ ਜੀ ਨੇ ਬਾਂਹ ਖੜ੍ਹੀ ਕੀਤੀ ਤਾਂ ਸਾਰਾ ਵਹੀਰ ਥੰਮ ਗਿਆ। ਕੀਰਤਨ ਧੁਨਾਂ ਖਾਮੋਸ਼ ਹੋ ਗਈਆਂ। ਅੰਗਰੇਜ ਅਫਸਰਾਂ ਦੀ ਪੁੱਛ-ਪੜਤਾਲ ਵਿਚ ਸਤਿਗੁਰੂ ਜੀ ਨੇ ਕਿਹਾ ਕਿ

Sri Satguru Jagjit Singh Ji eLibrary NamdhariElibrary@gmail.com

ਜੇਕਰ ਸਰਕਾਰ ਨਹੀਂ ਚਾਹੁੰਦੀ ਤਾਂ ਏਥੋਂ ਹੀ ਮੁੜ ਜਾਂਦੇ ਹਨ। ਰਾਜਨੀਤੀ ਦੇ ਮਾਹਿਰ ਸੰਤ ਨੀਤੀ ਦੇ ਏਸ ਸੰਕਲਪ ਦੇ ਪਰਿਣਾਮ ਸਮਝ ਗਏ। ਉਨ੍ਹਾਂ ਪੁਜਾਰੀਆਂ ਮਹੰਤਾਂ ਦੇ ਏਤ ਰਾਜ ਦਸ ਕੇ ਇਹ ਸ਼ਰਤ ਲਗਾਈ ਕਿ ਕੇਸਗੜ੍ਹ ਜਾਣ ਸਮੇਂ ਕੇਵਲ 100 ਸਿੰਘ ਹੀ ਨਾਲ ਹੋਣ। ਕੀਰਤਨ ਨਾ ਕੀਤਾ ਜਾਏ ਜਿਸ ਨਾਲ ਕਈ ਬੇਵਸ ਹੋ ਕੇ ਮਸਤਾਨੇ ਹੋ ਜਾਂਦੇ ਹਨ।

ਸਤਿਗੁਰੂ ਜੀ ਨੂੰ ਮਹੰਤਾਂ ਪੁਜਾਰੀਆਂ ਦਾ ਤੌਖਲਾ ਦਿਖਾਇਆ ਗਿਆ ਸੀ। ਮਹੰਤਾਂ ਪੁਜਾਰੀਆਂ ਨੂੰ ਕਿਹਾ ਗਿਆ ਕਿ ਕੂਕਿਆਂ ਨੇ ਗੁਰੂਧਾਮ ਸਾਂਭ ਲੈਣਾ ਸੀ। ਅਸੀਂ ਮੌਕਾ ਸੰਭਾਲਿਆ ਹੈ ਪਰ ਤੁਸੀਂ ਇੰਤਜਾਮ ਪੱਕਿਆਂ ਰੱਖਣਾ। ਅਗਲੇ ਦਿਨ 20 ਮਾਰਚ, 1867 ਈ. ਜਦੋਂ ਸਤਿਗੁਰੂ ਜੀ 100 ਸਿੱਖਾਂ ਨਾਲ ਸਵੇਰੇ-ਸਵੇਰੇ ਕੇਸਗੜ੍ਹ ਸਾਹਿਬ ਜਾ ਰਹੇ ਸਨ ਤਾਂ ਸ਼ਹੀਦੀ ਬਾਗ ਵਿਚ ਤਿਆਰ ਬੈਠਾਏ 50 ਨਿਹੰਗਾਂ ਦੇ ਜੱਥੇ ਨੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਚਤੁਰ ਸਰਕਾਰ ਨੇ ਪੁਲਿਸ ਤਾਕਤ ਨਾਲ ਉਨ੍ਹਾਂ ਨੂੰ ਰੋਕਣ ਦਾ ਨਾਟਕ ਕੀਤਾ। ਏਸ ਤਰ੍ਹਾਂ ਕੂਕਿਆਂ ਨੂੰ ਜਤਾਇਆ ਗਿਆ ਕਿ ਸਰਕਾਰ ਨੇ ਉਨ੍ਹਾਂ ਦੀ ਸੁਰੱਖਿਆ ਦੇ ਪੂਰੇ ਪ੍ਰਬੰਧ ਕੀਤੇ ਹਨ। ਯਾਦ ਰਹੇ ਕਿ ਅਪ੍ਰੈਲ 1863 ਈ. ਅੰਮ੍ਰਿਤਸਰ ਵੈਸਾਖੀ ਤੇ ਕਾਫੀ ਅਫਸਰ ਤੇ ਪੁਲਿਸ ਇਕੱਠੀ ਕੀਤੀ ਗਈ ਸੀ। ਆਨੰਦਪੁਰ ਵਿਚ ਪੰਜਾਬ ਦੇ ਸਾਰੇ ਚੋਣਵੇਂ ਚਤੁਰ ਚੁਸਤ ਅੰਗਰੇਜ ਅਤੇ ਦੇਸੀ ਅਫਸਰਾਂ ਨਾਲ ਚੁਣੀ ਹੋਈ ਪੁਲਿਸ ਇਕੱਠੀ ਕੀਤੀ ਗਈ ਸੀ।

ਦਸਤਾਵੇਜਾਂ ਰਾਹੀਂ ਸਪੱਸ਼ਟ ਹੋਂਦਾ ਹੈ ਕਿ ਹਰ ਵਾਰ ਹਰ ਸਮੇਂ ਸਿਵਲ ਤੇ ਪੁਲਸ ਅਫਸਰਾਂ ਦਾ ਵਿਸ਼ੇਸ਼ ਵਰਗ ਕੂਕਾ ਲਹਿਰ ਦੇ ਇਤਿਹਾਸ ਨਾਲ ਜੁੜਿਆ ਰਿਹਾ। ਮੇਲਾ ਸ਼ਾਂਤੀ ਨਾਲ ਗੁਜਰ ਗਿਆ। ਅਫਸਰ ਸ਼ਾਹੀ ਨੇ ਇਕ ਦੂਜੇ ਨੂੰ ਥਾਪੜੇ ਦਿੱਤੇ। ਮਹੰਤਾਂ ਪੁਜਾਰੀਆਂ ਨੇ ਨਾਮਧਾਰੀ ਸੰਗਤ ਦੇ ਲਿਆਂਦੇ ਪ੍ਰਸ਼ਾਦ ਦੇ ਅਰਦਾਸੇ ਨਾ ਕਰਕੇ ਆਪਣੀ ਗ਼ੁਲਾਮੀ ਦੇ ਸੰਗਲ ਹੀ ਪ੍ਰਗਟ ਕੀਤੇ। ਆਪਣੀ ਸੁਰੱਖਿਆ ਲਈ ਉਹ ਲੋਗ ਅੰਗਰੇਜ ਸਰਕਾਰ ਦੇ ਸ਼ੁਕਰਗੁਜਾਰ ਹੋ ਗਏ। ਸਤਿਗੁਰੂ ਜੀ ਨੇ ਫਿਰੰਗੀ ਸਰਕਾਰ ਦੀ ਦੋਗਲੀ ਸਰਕਾਰੀ ਨੀਤੀ ਦੀ ਕਰਨੀ ਕਥਨੀ ਦਾ ਸਾਰਾ ਰੂਪ ਦੇਖ ਲਿਆ। ਅਤੇ ਮੁਖੀ ਸੇਵਕਾਂ ਨੂੰ ਦਿਖਾ ਦਿੱਤਾ ਸੀ। ਦੀਵਾਲੀ ਉੱਤੇ ਅੰਮ੍ਰਿਤਸਰ ਮਿਲਣ ਦੀ ਚਰਚਾ ਜਰੂਰ ਕਰ ਦਿੱਤੀ ਗਈ। ਆਨੰਦਪੁਰ ਦੇ ਹੋਲੇ ਮਹੱਲੇ ਤੇ ਹਰੇਕ ਸੇਵਕ ਨੂੰ ਕੇਵਲ ਇਕ ਰੁਪਿਆ ਭੇਟਾ ਕਰਨ ਦੇ ਹੁਕਮ ਦਾ ਜਿਕਰ ਮਿਲਦਾ ਹੈ। ਉਸ ਮੇਲੇ ਵਿਚ 22 ਹਜਾਰ ਰੁਪੈ ਭੇਟਾ ਇਕੱਠੀ ਹੋਈ। ਦਸਤਾਵੇਜੀ ਸੰਗਤ ਦੀ ਗਿਣਤੀ ਜੋ ਵੀ ਹੋਵੇ ਪਰ ਉੱਥੇ 22 ਸੂਬੇ ਹਾਜਰ ਹੋਣ ਦੀ ਲਿਖਤਾਂ ਸਪੱਸ਼ਟ ਹਨ।

ਦੀਵਾਲੀ ਅੰਮ੍ਰਿਤਸਰ

ਸਤਿਗੁਰੂ ਜੀ ਨੇ ਭੈਣੀ ਸਾਹਿਬ ਨਾਲ ਆਈ ਸੰਗਤਾਂ ਨੂੰ ਵਿਦਿਆ ਕੀਤਾ। ਨਾਮਧਾਰੀਆਂ ਵਿਚ ਉਸ ਸਮੇਂ ਦੇ ਉਮਾਹ ਤੇ ਉਤਸ਼ਾਹ ਨੂੰ ਕਲਮ ਨਾਲ ਬਿਆਨ ਨਹੀਂ ਕੀਤਾ ਜਾ ਸਕਦਾ। ਆਨੰਦਪੁਰ ਸਾਹਿਬ ਵਿਚ ਦੋ ਹਜਾਰ ਨਵੇਂ ਕੂਕੇ ਬਨਣ ਅਤੇ ਕਈ ਸਿੱਖ ਸਰਦਾਰਾਂ ਦੇ ਕੂਕੇ ਹੋਣ ਦੀ ਸੂਚਨਾ ਦਸਤਾਵੇਜਾਂ ਵਿਚੋਂ ਮਿਲਦੀ ਹੈ। ਛੇਤੀ ਹੀ

Sri Satguru Jagjit Singh Ji eLibrary NamdhariElibrary@gmail.com

ਦੀਵਾਲੀ ਲਈ ਤਿਆਰੀਆਂ ਸ਼ੁਰੂ ਹੋ ਗਈਆਂ। ਅੰਗੇਰਜ ਸਰਕਾਰ ਕੋਲੋਂ ਇਜਾਜਤ ਮੰਗੀ ਗਈ। ਇਜਾਜਤ ਦੇ ਨਾਲ ਸੰਗਤ ਲਈ ਚਾਟੀਵਿੰਡ ਗੇਟ ਤੋਂ ਬਾਹਰ ਇਕ ਵਿਸ਼ੇਸ਼ ਸਥਾਨ ਵੀ ਨਿਸ਼ਚਿਤ ਕਰ ਦਿੱਤਾ ਗਿਆ। ਸਤਿਗੁਰੂ ਜੀ ਨੇ ਸਾਰੇ ਪ੍ਰਬੰਧ ਕਰਵਾ ਕੇ ਧਰਮ ਪ੍ਰਚਾਰ ਕਰਦੇ ਹੋਏ 26 ਅਕਤੂਬਰ 1867 ਈ. ਮੇਲਾ ਅਸਥਾਨ 'ਤੇ ਪੁੱਜ ਗਏ। ਸ਼ਾਮ ਨੂੰ ਅੰਗਰੇਜ਼ ਅਫਸਰ ਪੰਡਾਲ ਵਿਚ ਆਏ ਤੇ ਹਰਿਮੰਦਰ ਸਾਹਿਬ ਪ੍ਰਵੇਸ਼ ਲਈ ਸ਼ਰਤਾਂ ਦੱਸੀਆਂ ਗਈਆਂ। ਸਵੇਰ ਦਾ ਸਮਾਂ ਤੇ ਕੇਵਲ 50 ਸੇਵਕਾਂ ਨਾਲ ਜਾਣਾ ਨਿਸ਼ਚਿਤ ਕੀਤਾ ਗਿਆ। ਸਤਿਗੁਰੂ ਜੀ ਡੇਰੇ ਤੋਂ ਪਵਿੱਤਰ ਮਰਯਾਦਾ ਅਨੁਸਾਰ ਤਿਆਰ ਪ੍ਰਸਾਦ ਲੈ ਕੇ ਹੀ ਗੁਰਧਾਮਾਂ ਵਿਚ ਜਾਂਦੇ ਸਨ। ਆਮ ਲੋਕ ਹਲਵਾਈਆਂ ਤੋਂ ਖਰੀਦ ਕੇ ਪ੍ਰਸ਼ਾਦ ਚੜ੍ਹਾਂਦੇ ਸਨ। ਹਰਿਮੰਦਰ ਸਾਹਿਬ ਵਿਚ ਭੇਟਾ ਸਵੀਕਾਰ ਕਰਕੇ ਪ੍ਰਸ਼ਾਦਿ ਦੀ ਅਰਦਾਸ ਕੀਤੀ ਗਈ। ਸਤਿਗੁਰੂ ਜੀ ਨੂੰ ਸਿਰੋਪਾ ਤੇ ਮਿਸਰੀ ਦੇ ਕੂਜੇ ਦਿੱਤੇ ਗਏ। ਅੱਜਕਲ੍ਹ ਪੰਜ ਰੁਪੈ ਭੇਟਾ ਕਰਨ ਵਾਲੇ ਨੂੰ ਪਤਾਸਾ ਦਿੱਤਾ ਜਾਂਦਾ ਹੈ।

ਹਰਿਮੰਦਰ ਸਾਹਿਬ ਦਰਸ਼ਨ ਕਰਕੇ ਸਤਿਗੁਰੂ ਜੀ ਸੰਗਤ ਨਾਲ ਅਕਾਲ ਤਖ਼ਤ ਤੇ ਗਏ। ਮਹੰਤਾਂ-ਪੁਜਾਰੀਆਂ ਨੇ ਭੇਟਾ ਲੈਣ ਤੋਂ ਇਨਕਾਰ ਕਰਕੇ ਪ੍ਰਸ਼ਾਦ ਦੀ ਅਰਦਾਸ ਨਾ ਕੀਤੀ। ਅੰਗਰੇਜੀ ਰਾਜ ਦੇ ਹੁਕਮ ਵਿਚ ਕਈ ਪ੍ਰਕਾਰ ਦੇ ਫਤਵੇ ਲਗਾ ਕੇ ਤੇ ਤਨਖ਼ਾਹ ਲਗਾ ਕੇ ਹੀ ਪ੍ਰਸ਼ਾਦ ਦੀ ਅਰਦਾਸ ਦੀ ਸ਼ਰਤ ਰੱਖੀ। ਫਿਰੰਗੀ ਹੁਕਮ ਵਿਚ ਪੁਜਾਰੀ ਕੂਕਾ ਪੰਥ ਨੂੰ ਗ਼ੈਰ ਸਿੱਖ ਘੋਸ਼ਿਤ ਕਰਕਨ ਲਈ ਮਜਬੂਰ ਸਨ। ਗੁਰੂ ਜੀ ਨੇ ਪ੍ਰਸ਼ਾਦਿ ਦੀ ਅਰਦਾਸ ਕਰਕੇ ਵਰਤਾ ਦਿੱਤਾ। ਨਾਮਧਾਰੀ ਸੰਗਤ ਨੂੰ 27 ਅਕਤੂਬਰ 1867 ਦੀਵਾਲੀ ਨੂੰ ਹੁਕਮ ਹੋ ਗਿਆ ਕਿ ਅਕਾਲ ਤਖ਼ਤ ਨਹੀਂ ਚੜ੍ਹਨਾ। ਮਹੰਤਾਂ ਨੇ ਸਾਰੇ ਗੁਰੂ ਧਾਮਾਂ ਵਿਚ ਗਸ਼ਤੀ ਚਿੱਠੀ ਭੇਜ ਦਿੱਤੀ। ਇਸ ਨਾਲ ਗੁਰੂ ਧਾਮਾਂ ਵਿਚ ਨਾਮਧਾਰੀਆਂ ਦੀ ਅਰਦਾਸ ਬੰਦ ਹੋ ਗਈ ਅਤੇ ਕਈ ਥਾਂ ਪ੍ਰਵੇਸ਼ ਵਿਚ ਵੀ ਰੁਕਾਵਟਾਂ ਪਾਈਆਂ ਗਈਆਂ। ਸਰਦਾਰ ਖਾਲਸਾ ਤੇ ਸੰਤ ਕਾਲਸਾ ਦਾ ਭੇਤ ਸਪੱਸ਼ਟ ਹੋ ਰਿਹਾ ਸੀ।

ਗੁਰਮੱਤ-ਮਨਮੱਤ

ਅਕਾਲ ਤਖ਼ਤ ਤੋਂ ਸਤਿਗੁਰੂ ਜੀ ਆਟਾ ਮੰਡੀ ਸੰਤ ਸ਼ਾਮ ਸਿੰਘ ਜੀ ਦੇ ਡੇਰੇ ਗਏ। ਉਥੇ ਬ੍ਰਹਮ ਗਿਆਨੀ ਸੰਤ ਗੁਰੂ ਚਰਣ ਪਰਸ ਕੇ ਨਿਹਾਲ ਹੋਏ। ਧਰਮ ਲਈ ਸੰਤ ਖਾਲਸਾ ਰੂਪੀ ਜਹਾਜ ਤੁਰ ਪਿਆ ਸੀ। ਜਿਨ੍ਹਾਂ ਨੂੰ ਅੰਤਰ ਦ੍ਰਿਸ਼ਟੀ ਮਿਲੀ ਸੀ ਉਹ ਗੁਰੂ ਜੋਤਿ ਪ੍ਰਕਾਸ਼ ਵਿਚ ਜਨਮ ਸਫਲ ਕਰ ਰਹੇ ਸਨ। ਦੂਜੇ ਪਾਸੇ ਮਨਮੱਤ ਦਾ ਗ੍ਰਸਿਆ ਮਲੇਛ ਖਾਲਸਾ ਫਿਰੰਗੀ ਰਾਜ ਦਾ ਗ਼ੁਲਾਮ ਬਣਿਆ ਹੋਇਆ ਸੀ।

ਅੰਮ੍ਰਿਤਸਰ ਵਿਚ ਆਨੰਦਪੁਰ ਵਾਂਗ 20-22 ਸੌ ਨਵੇਂ ਕੂਕੇ ਬਣੇ। ਕਈ ਸਿੱਖ ਸਰਦਾਰ ਵੀ ਗੁਰੂ ਜਹਾਜ਼ 'ਤੇ ਚੜ੍ਹੇ। ਸ਼ਹਿਰ ਦੇ ਭਗਤੀ ਭਾਵ ਵਾਲੇ ਵਰਗ ਨੇ ਖੁੱਲ੍ਹੀਆਂ ਭੇਟਾਂ ਦਿੱਤੀਆਂ। ਏਥੇ ਹੀ ਦੋ ਪਾਦਰੀ ਤੇ ਇਕ ਪੁਲਿਸ ਅਫਸਰ ਸਤਿਗੁਰੂ ਜੀ ਦੀ ਮਿਕਨਾਤੀਸੀ ਮੂਰਤ ਦੇ ਖਿੱਚੇ ਹੋਏ ਦਰਸ਼ਨ ਕਰਨ ਆਏ। ਪਾਦਰੀਆਂ ਨੇ ਵੱਖ-ਵੱਖ ਧਰਮਾਂ ਦਾ ਨਾਮ ਲੈ ਕੇ ਪੁੱਛਿਆ ਕਿ ਹਰੇਕ ਧਰਮੀ ਆਪਣੇ ਧਰਮ ਨੂੰ ਵੱਡਾ ਕਹਿੰਦਾ ਹੈ। ਤੁਹਾਡੇ ਖ਼ਿਆਲ ਵਿਚ ਕੇਹੜਾ ਧਰਮ ਵੱਡਾ ਹੈ ? ਸਤਿਗੁਰੂ ਜੀ ਨੇ ਕਿਹਾ ਦੂਨੀਆ

Sri Satguru Jagjit Singh Ji eLibrary NamdhariElibrary@gmail.com

ਵਿਚ ਬਹੁਤੇ ਧਰਮ ਨਹੀਂ ਹਨ। ਧਰਮ ਕੇਵਲ ਦੋ ਹੀ ਹਨ—ਗੁਰਮੱਤ ਤੇ ਮਨਮੱਤ। ਆਪਣੇ ਗੁਰੂ ਪੀਰ ਪੈਗੰਬਰ ਦੇ ਉਪਦੇਸ਼ ਉੱਤੇ ਅਮਲ ਕਰਨ ਵਾਲਿਆਂ ਦਾ ਧਰਮ ਗੁਰਮੱਤ ਹੈ। ਹਰੇਕ ਗੁਰੂ ਨੇ ਸਦਾਚਾਰੀ ਦਇਆਪੂਰਨ ਜੀਵਨ ਜਾਚ ਦੱਸੀ ਹੈ। ਜੇਹੜੇ ਮਨ ਦੀ ਮੱਤ ਅਨੁਸਾਰ ਸਦਾਚਾਰ ਵਿਰੁੱਧ ਜੀਵਨ ਬਿਤਾਂਦੇ ਹਨ ਉਨ੍ਹਾਂ ਦਾ ਧਰਮ ਮਨਮੱਤ ਹੈ। ਪਾਦਰੀ ਏਹ ਉੱਤਰ ਸੁਣ ਕੇ ਨਿਹਾਲ ਹੋਏ ਤੇ ਅਰਜ ਕੀਤੀ—ਅਜੇਹਾ ਸਿਧਾਂਤ ਉਨ੍ਹਾਂ ਨੇ ਨਾ ਕਿਤੋਂ ਸੁਣਿਆ ਤੇ ਨਾ ਕਿਤੋਂ ਪੜ੍ਹਿਆ ਹੈ। ਗੁਰੂ ਜੀ ਨੇ ਉਨ੍ਹਾਂ ਨੂੰ ਹਜਰਤ ਈਸਾ ਦੀ ਸਿੱਖਿਆ ਅਨੁਸਾਰ ਪਵਿੱਤਰ ਜੀਵਨ ਲਈ ਪ੍ਰੇਰਿਤ ਕੀਤਾ। ਅਜੇਹੇ ਸਵਾਲ ਕਰਨ ਵਾਲੇ ਜਾਣਦੇ ਸਨ ਕਿ ਪੰਜਾਬ ਵਿਚ ਇਸਾਈ ਧਰਮ ਦੇ ਪੈਰਾਂ ਅਤੇ ਅੰਗਰੇਜੀ ਰਾਜ ਦੇ ਛਤਰ ਲਈ ਵੱਡਾ ਖ਼ਤਰਾ ਤਿਆਰ ਹੋ ਰਿਹਾ ਹੈ।

ਦੜਪ-ਪੰਜਾਬ-ਨਨਕਾਨਾ ਸਾਹਿਬ

ਅੰਮ੍ਰਿਤਸਰ ਤੋਂ ਸਤਿਗੁਰੂ ਜੀ ਵਿਰਕਾਂ ਦੇ ਨਗਰ-ਪਿੰਡਾਂ ਵਿਚ ਨਾਮ ਪ੍ਰਚਾਰ ਕਰਦੇ ਹੋਏ ਨਨਕਾਨਾ ਸਾਹਿਬ ਪੁੱਜੇ। ਉੱਥੇ ਅਕਾਲ ਤਖ਼ਤ ਦਾ ਫੁਰਮਾਨ ਪੁੱਜ ਚੁੱਕਿਆ ਸੀ। ਫਿਰੰਗੀ ਰਾਜ ਦੇ ਵਫਾਦਾਰਾਂ ਨੇ ਸਤਿਗੁਰਾਂ ਦੇ ਗੁਰਧਾਮ ਪ੍ਰਵੇਸ਼ ਵਿਚ ਵੀ ਰੁਕਾਵਟਾਂ ਪਾਈਆਂ। ਉਧਰੋਂ ਗੁਰੂ ਜੀ ਦੜਪ ਵੱਲ ਆਏ। ਉਗੂ ਚੱਕ ਵਿਚ ਸੱਪਾਂ ਦਾ ਪ੍ਰਕੋਪ ਸੀ। ਗੁਰੂ ਜੀ ਨੇ ਨਵਾਂ ਪਿੰਡ ਗੁਰੂ ਚੱਕ ਵਸਾਉਣ ਦਾ ਨਿਸ਼ਾਨ ਲਗਾਇਆ ਅਤੇ ਬਚਨ ਕੀਤਾ ਸੱਪ ਡਡੀਆਂ ਬਣ ਜਾਣਗੇ।

ਗੁਰੂ ਚੱਕ ਹੀ ਕਿਲ੍ਹਾ ਸੂਬਾ ਸਿੰਘ ਤੋਂ ਸੰਗਤ ਦਰਸ਼ਨ ਕਰਨ ਲਈ ਆਈ। ਬਾਬਾ ਠਾਕੁਰ ਸਿੰਘ ਜੀ ਆਪਣੇ ਪੱਗ ਵੱਟ ਭਰਾ ਸੇਠ ਰਾਧੇ ਸ਼ਾਹ ਦੀ ਧਰਮ ਪਤਨੀ ਸੁਲਕਸ਼ਮੀ ਜੀ ਨੂੰ ਨਾਲ ਲੈ ਕੇ ਆਏ। ਸਤਿਗੁਰਾਂ ਅੱਗੇ ਅਰਜ ਕੀਤੀ ਕਿ ਚਾਰ ਧੀਆਂ ਹਨ ਆਪ ਪੁੱਤਰ ਦੀ ਦਾਤ ਬਖ਼ਸ਼ੋ। ਸਤਿਗੁਰੂ ਜੀ ਨੇ ਰਹੱਸ ਪੂਰਨ ਮੇਹਰ ਨਾਲ ਬਚਨ ਕੀਤਾ—ਕੋਈ ਵੱਡਾ ਭਗਤ ਆਵੇਗਾ। ਸ਼ਾਇਦ ਅਸੀਂ ਆਪ ਹੀ ਆਈਏ। ਬਚਨ ਦਾ ਭਰੋਸਾ ਰੱਖਣਾ। ਅਤੇ ਝੋਲੀ ਵਿਚ ਪ੍ਰਸ਼ਾਦ ਪਾ ਦਿੱਤਾ।

ਮੁਕਤ ਬਚਨ—ਮੁਕਤਸਰ

ਏਸ ਬਚਨ ਨੂੰ ਸੁਣ ਕੇ ਸਾਰੀ ਸੰਗਤ ਦੇ ਕੰਨ ਖੜ੍ਹੇ ਹੋ ਗਏ। ਅਜੇ ਤਾਂ ਪੰਥ ਪ੍ਰਕਾਸ਼ ਦੀ ਪ੍ਰਭਾਤ ਸਵੇਰ ਵਿਚ ਬਦਲੀ ਹੈ। ਸਤਿਗੁਰੂ ਜੀ ਨੇ ਜੋ ਬਚਨ ਕੀਤਾ ਉਸਦੇ ਅਰਥ ਕੁਝ ਹੋਰ ਹੀ ਦਸ ਰਹੇ ਸਨ। ਸਾਰੇ ਦੜਪ ਨੂੰ ਨਿਹਾਲ ਕਰਦੇ ਹੋਏ ਸਤਿਗੁਰੂ ਜੀ, ਭੈਣੀ ਸਾਹਿਬ ਮੁੜ ਆਏ। ਸੰਨ 1868 ਮਾਘੀ ਦੇ ਮੇਲੇ ਮੁਕਤਸਰ ਜਾਣ ਦੀ ਤਿਆਰੀਆਂ ਹੋ ਗਈਆਂ। ਸਤਿਗੁਰੂ ਜੀ ਮੁਕਤਸਰ ਪੁੱਜੇ ਤਾਂ ਉੱਥੇ ਵੀ ਅਕਾਲ ਤਖ਼ਤ ਦਾ ਪਰਵਾਨਾ ਪੁੱਜਿਆ ਹੋਇਆ ਸੀ। ਉਨ੍ਹਾਂ ਵੀ ਤਨਖ਼ਾਹ ਲੁਆਉਣ ਦੀ ਸ਼ਰਤਾਂ ਰੱਖ ਕੇ ਪ੍ਰਮਾਣਤ ਕਰ ਦਿੱਤਾ ਕਿ ਉਹ ਗੁਰੂ ਦੇ ਸਿੱਖ ਜਾਂ ਗੁਰੂ ਧਾਮਾਂ ਦੇ ਸੇਵਾਦਾਰ ਨਹੀਂ। ਉਹ ਤਾਂ ਵਿਵਹਾਰ ਵਿਚ ਫਿਰੰਗੀ ਸਰਕਾਰ ਦੇ ਗ਼ੁਲਾਮ ਸਨ ਅਤੇ ਉਸਦੀ ਵਫਾਦਾਰੀ ਵਿਚ ਸਾਰੇ ਕਾਰਜ ਕਰਦੇ ਰਹੇ ਸਨ। ਏਸ ਤਰ੍ਹਾਂ ਦੇ ਵਰਤਾਰੇ ਦੀ ਪਹਿਲ ਉਨ੍ਹਾਂ ਨੇ ਨੀਲੀ

Sri Satguru Jagjit Singh Ji eLibrary NamdhariElibrary@gmail.com

ਦਸਤਾਰ ਦੇ ਕੇ ਕੀਤੀ। ਸਤਿਗੁਰੂ ਜੀ ਨੇ ਸਿਰ ਤੇ ਰੱਖ ਕੇ ਸਤਕਾਰ ਕੀਤਾ। ਏਹ ਵਾਰ ਖਾਲੀ ਜਾਣ ਤੇ ਉਨ੍ਹਾਂ ਨੇ ਗਿਆਨੀ ਗਿਆਨ ਸਿੰਘ ਅਨੁਸਾਰ ਲੱਖਾਂ ਰੁਪਈਏ ਭੇਟਾ ਮੰਗ ਕੇ ਸੌਦੇਬਾਜੀ ਸ਼ੁਰੂ ਕੀਤੀ। ਆਖ਼ਿਰ ਸਤਿਗੁਰੂ ਜੀ ਨੂੰ ਸਰੋਵਰ ਦੀ ਇਕ ਬਾਹੀ ਪੱਕੀ ਕਰਨ ਲਈ ਕਿਹਾ ਗਿਆ। ਸਤਿਗੁਰੂ ਜੀ ਨੇ ਪੁੱਛਿਆ ਤੁਸੀਂ ਪੌਨੇ ਦੋ ਸੌ ਸਾਲ ਤੋਂ ਭੇਟਾ ਇਕੱਠੀ ਕਰ ਰਹੇ ਹੋ ਸਰੋਵਰ ਪੱਕਾ ਕਿਉਂ ਨਹੀਂ ਕਰਾਇਆ ? ਆਪ ਨੇ ਨੀਲੀ ਦਸਤਾਰ ਲਾਹ ਕੇ ਲੀਰ-ਲੀਰ ਕਰ ਦਿੱਤੀ।

ਸਤਿਗੁਰੂ ਜੀ ਸੰਗਤ ਦਾ ਲੰਗਰ ਮਰਯਾਦਾ ਅਨੁਸਾਰ ਵੱਖਰਾ ਤਿਆਰ ਕਰਾਉਂਦੇ ਸਨ। ਕਿਸੇ ਕੂਕੇ ਨੂੰ ਗੁਰਦੁਆਰਿਆਂ ਜਾਂ ਮਰਯਾਦਾ ਰਹਿਤ ਸਿੱਖ ਦੇ ਘਰ ਵੀ ਲੰਗਰ ਛਕਣ ਦਾ ਹੁਕਮ ਨਹੀਂ ਸੀ।

ਅਖ਼ਬਾਰ ਤੇ ਸਰਕਾਰ

ਸਿਆਲਕੋਟ ਤੋਂ ਛਪਣ ਵਾਲਾ ਉਰਦੂ ਅਖ਼ਬਾਰ ਰਾਹਿਨੁਮਾ ਪੰਜਾਬ-18 ਫਰਵਰੀ 1867 ਨੂੰ ਲਿਖਦਾ ਹੈ—"ਇਹ ਅਚੰਭੇ ਅਤੇ ਅਫਸੋਸ ਦੀ ਗੱਲ ਹੈ ਕਿ ਪੰਜਾਬੀ ਆਪਣੀ ਪੁਰਾਣੀ ਸਲਤਨਤ ਬਾਰੇ ਦੋਬਾਰਾ ਸੋਚਣ ਲੱਗ ਪਏ ਹਨ। ਅਤੇ ਸਰਕਾਰ ਦੇ ਕਾਨੂੰਨਾਂ ਵਿਰੁੱਧ ਕੂਕ ਪੁਕਾਰ ਕਰ ਰਹੇ ਹਨ।"

ਅਨੰਦਪੁਰ ਹੋਲੇ ਮਹੱਲਾ ਸਮੇਂ ਤਾਇਨਾਤ ਪੁਲਸ ਇੰਸਪੈਕਟਰ ਫ਼ਜ਼ਲ ਹੁਸੈਨ ਨੇ ਲੰਮੀ ਰਿਪੋਰਟ ਭੇਜੀ ਸੀ। ਉਸਦੇ ਚੋਣਵੇਂ ਅੰਸ਼ਾਂ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਜਾਹੋ ਜਲਾਲ ਨੂੰ ਇੰਝ ਦਰਜ ਹੈ—

"...ਉਹਨਾਂ ਦੀ ਆਪਣੀ ਅਤੇ ਸੂਬਿਆਂ ਦੀ ਸੁਆਰੀ ਲਈ 40 ਘੋੜੇ ਹਨ। ਉਹਨਾਂ ਦੇ ਜਲੂਸ ਦੇ ਰੂਪ ਵਿਚ ਚੱਲਣ ਸਮੇਂ ਨਿਸ਼ਾਨ ਝੁੱਲਦੇ ਅਤੇ ਨਗਾਰੇ ਵੱਜਦੇ ਜਾਂਦੇ ਹਨ।"

...(ਗੁਰੂ) ਰਾਮ ਸਿੰਘ ਆਪਣੇ ਘਰ ਤੋਂ ਹਮੇਸ਼ਾ ਕਮਜ਼ੋਰ ਲੋਕਾਂ ਨੂੰ ਲੰਗਰ ਛਕਾਉਂਦੇ ਹਨ। ਬਸਤਰ ਵੰਡਦੇ ਹਨ ਤੇ ਸ਼ੁਭ ਸਦਾਚਾਰੀ ਸਿੱਖਿਆ ਦੇਂਦੇ ਹਨ। ਇਹੋ ਕਾਰਨ ਹੈ ਕਿ ਵੱਖ-ਵੱਖ ਫਿਰਕਿਆਂ ਦੇ ਲੋਕ ਧੜਾਧੜ ਕੂਕੇ ਬਣ ਰਹੇ ਹਨ।

...ਉਹ ਕੁਸੰਗੀ ਵਿਅਕਤੀ ਨੂੰ ਦੂਰ ਰੱਖਦੇ ਹਨ। ਏਸ ਲਈ ਕੂਕੇ ਉਹਨਾਂ ਨੂੰ ਬਹੁਤ ਵੱਡਾ (ਗੁਰੂ) ਦਰਜਾ ਦੇਂਦੇ ਹਨ।

ਸੰਨ 1866-67 ਨਜਰਬੰਦੀ ਦਾ ਸਮਾਂ ਸੀ। ਜਦੋਂ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖਿਆ ਅਨੁਸਾਰ ਲਿਖੀ ਭਾਈ ਗੁਰਦਾਸ ਸਿੰਘ ਦੀ ਵਾਰ ਦੇ ਪਾਠ ਦੇ ਜੋਸ਼ ਵਿਚ ਕੂਕਿਆਂ ਨੇ ਅਨੇਕ ਮੜ੍ਹੀਆਂ ਮਸਾਨਾ ਜਮੀਂਦੋਜ ਕਰਕੇ ਉਨ੍ਹਾਂ ਨਾਲ ਜੁੜੀ ਕਰਮਾਤਾਂ ਹਵਾ ਵਿਚ ਉਡਾ ਦਿੱਤੀਆਂ। ਅਜੇਹੇ ਕਾਰਾ ਕਰਨ ਵਾਲੇ ਕੂਕਿਆਂ ਨੂੰ ਜੇਲ੍ਹ ਦੀ ਤੇ ਨਕਦੀ ਦੀ ਸਜਾਵਾਂ ਦੀ ਲੰਮੀ ਫੈਹਰਿਸਤ ਦਸਤਾਵੇਜੀ ਹਿੱਸਾ ਹਨ।

ਮੇਲੇ ਅਤੇ ਪੰਥ ਪ੍ਰਸਾਰ

ਸੰਨ 1868 ਦਾ ਹੋਲਾ ਮਹੱਲਾ ਭੈਣੀ ਸਾਹਿਬ ਮਨਾਇਆ ਗਿਆ। ਸੰਨ 1868 ਦੀ ਦੀਵਾਲੀ ਅੰਮ੍ਰਿਤਸਰ ਹੀ ਮਨਾਈ ਗਈ। ਦੀਵਾਲੀ ਮਨਾ ਕੇ ਏਧਰ ਪ੍ਰਚਾਰ ਦੌਰੇ

Sri Satguru Jagjit Singh Ji eLibrary NamdhariElibrary@gmail.com

ਤੇਜ ਕੀਤੇ ਜਾਂਦੇ ਸਨ। ਸੰਨ 1869 ਮਾਘੀ ਦਾ ਮੇਲਾ ਦੜਪ ਵਿਚ ਸੰਤ ਜਮੀਤ ਸਿੰਘ ਗਿਲੀਂ ਵਾਲਿਆਂ ਕੋਲ ਮਨਾਇਆ। ਏਥੇ ਹੀ ਮਾਨਾਂ ਵਾਲੇ ਸਰਦਾਰ ਹੀਰਾ ਸਿੰਘ ਦੀ ਹੋਲੇ ਮੇਲੇ ਦੀ ਅਰਜ ਮੰਜੂਰ ਹੋਈ। ਮਾਨਾਂ ਵਾਲੇ ਪਰਿਵਾਰ ਨੂੰ ਦਸ਼ਮੇਸ਼ ਮਰਯਾਦਾ ਵਿਚ ਦੀਕਸ਼ਿਤ ਕੀਤਾ ਗਿਆ।

ਮਾਨਾਂ ਵਾਲੇ—ਸਰਦਾਰੀ ਹੋਲਾ ਮਹੱਲਾ

ਮਾਨਾਂ ਵਾਲੇ ਦਾ ਹੋਲਾ ਸਤਿਗੁਰੂ ਜੀ ਦੇ ਮਨਾਏ-ਵਰੋਸਾਏ ਸਾਰੇ ਮੇਲਿਆਂ ਨਾਲੋਂ ਵਿਲੱਖਣ ਹੈ। ਕਿਸੇ ਗੁਰੂਧਾਮ ਤੋਂ ਬਾਹਰ ਇਕ ਨਵੀਂ ਸੰਪ੍ਰਦਾ ਦਾ ਅਜੇਹਾ ਮੇਲਾ ਮਨਾਉਣਾ ਹੀ ਪਹਿਲਾ ਅਚੰਭਾ ਸੀ। ਮਾਨਾਂ ਵਾਲੇ ਸਰਦਾਰ ਹੀਰਾ ਸਿੰਘ ਦੇ ਵਡੇਰੇ ਦਸ਼ਮੇਸ਼ ਪਿਤਾ ਜੀ ਦੇ ਨਿਵਾਜੇ ਪ੍ਰੀਤਵਾਨ ਸਿੱਖ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਏਨ੍ਹਾਂ ਦੇ ਵਡੇਰਿਆਂ ਨੂੰ ਭਵਿੱਖ ਬਾਣੀ ਦੀ ਪੋਥੀ-ਗੋਰਿਡਨਾਮਾ-ਦਿੱਤੀ ਸੀ। ਉਸ ਸਮੇਂ ਬਚਨ ਹੋਇਆ ਸੀ ਬਾਰਹਵੇਂ ਜਾਮੇ ਵਿਚ ਆਪ ਮੰਗ ਕੇ ਲੈ ਲਵਾਂਗੇ। ਸਰਦਾਰ ਹੀਰਾ ਸਿੰਘ ਨੂੰ ਦਸ਼ਮੇਸ਼ ਪਿਤਾ ਜੀ ਦੀ ਏਸ ਅਮਾਨਤ ਦੇ ਨਾਲ ਜੁੜੇ ਬਾਰਹਵੇਂ ਜਾਮੇ ਦੇ ਅਵਤਾਰ ਦਾ ਭਰੋਸਾ ਸੀ। ਜਦੋਂ ਸਤਿਗੁਰੂ ਜੀ ਨੇ ਮੇਲੇ ਪ੍ਰਥਾਇ ਆ ਕੇ ਦਰਸ਼ਨ ਦਿੱਤੇ ਤਾਂ ਹੁਕਮ ਕੀਤਾ—ਹੀਰਾ ਸਿੰਘ ਜੀ ਸਾਡੀ ਅਮਾਨਦ ਦੇ ਦਿਓ। ਹੀਰਾ ਸਿੰਘ ਦੇ ਹਿਰਦੇ ਦੀ ਇਹ ਪਰੀਖਿਆ ਘੜੀ ਮੂਰਤ ਰੂਪ ਹੋ ਗਈ। ਭੱਜ ਕੇ ਪੋਥੀ ਲਿਆ ਕੇ ਹਜ਼ੂਰ ਨੂੰ ਸੌਂਪੀ ਤੇ ਉੱਚੀ ਸਾਰੀ ਕੂਕ ਉੱਠਿਆ—ਧੰਨ ਧੰਨ ਸਤਿਗੁਰੂ ਰਾਮ ਸਿੰਘ ਜੀ। ਧੰਨ ਧੰਨ ਸਤਿਗੁਰੂ ਗੋਬਿੰਦ ਸਿੰਘ ਜੀ ਅੱਜ ਆਪ ਪਰਗਟ ਹੋ ਗਏ ਹਨ।

ਸਰਦਾਰ ਹੀਰਾ ਸਿੰਘ ਮਾਨ ਦਾ ਭਰੋਸਾ ਤਾਂ ਪਹਿਲਾਂ ਹੀ ਪੂਰਾ ਸੀ। ਉਸ ਨੇ ਸਤਿਗੁਰੂ ਜੀ ਨੂੰ ਇਕ ਘੋੜੀ ਸਾਜ-ਬਾਜ ਸਮੇਤ ਭੇਟ ਕੀਤੀ। ਇਕ ਸ਼ਾਹੀ ਚੋਗਾ ਜਿਸ ਵਿਚ ਸੋਨੇ ਦੀ ਤਾਰਾਂ ਦਾ ਸਲਮਾ ਸਤਾਰਾ ਜੜਿਆ ਹੋਇਆ ਸੀ, ਭੇਟ ਕੀਤਾ। ਯਾਦ ਰਹੇ ਉਸ ਸਮੇਂ ਸੋਨਾ ਦਸ ਰੁਪੈ ਤੋਲਾ ਸੀ ਅਤੇ ਚੋਗਾ ਪੰਜ ਸੌ ਰੁਪੈ ਵਿਚ ਤਿਆਰ ਹੋਇਆ। ਉਸਨੇ ਬਸਤਰ ਦੇ ਨਕਦ ਭੇਟਾ ਕਰਕੇ ਖੁਸ਼ੀਆਂ ਪ੍ਰਾਪਤ ਕੀਤੀਆਂ। ਘੋੜੀ ਗਿਆਨਾ ਸਿੰਘ ਨੂੰ ਮਿਲੀ ਜਿਸ ਨੇ ਮਹੱਲਾ ਦੀ ਦੌੜ ਵਿਚ ਘੁਮਿਆਰੀ ਦਾ ਮੁੰਡਾ ਮਾਰ ਦਿੱਤਾ, ਜਿਸ ਨੂੰ ਸਤਿਗੁਰਾਂ ਮੇਹਰ ਕਰਕੇ ਜਿਵਾਇਆ ਸੀ।

ਗੋਰਿਡਨਾਮਾ—ਭਵਿੱਖਤਾਂ

ਮਾਨਾਂ ਵਾਲੇ ਸਤਿਗੁਰੂ ਜੀ ਨੇ ਸੰਗਤ ਵਿਚ ਭਵਿੱਖਤ ਦੇ ਖੁੱਲ੍ਹੇ ਬਚਨ ਕੀਤੇ। ਆਪ ਨੇ ਬਚਨ ਕੀਤਾ ਸਤਿਜੁਗ ਦੀ ਕਾਰ ਨਹੀਂ ਚੱਲਦੀ। ਬਿੱਲੇ ਫਿਰੰਗੀ ਸਾਨੂੰ ਸਤ ਸਮੁੰਦਰੋਂ ਪਾਰ ਲੈ ਜਾਣਗੇ। ਜੇਹੜੇ ਸਰਦਾਰ ਰਾਜ ਦੀ ਆਸ ਵਿਚ ਸਾਡੇ ਮਗਰ ਲੱਗੇ ਹਨ ਉਹ ਕੂਕਾਪੁਣਾ ਛੱਡ ਦੇਣਗੇ। ਕਲਜੁਗ ਦੇ ਝੱਖੜਾਂ ਵਿਚ ਕੋਈ ਵਿਰਲਾ ਹੀ ਹਰਿਆ ਬੂਟ ਰਹੇਗਾ। ਸਾਰੇ ਸੁਸਰੀ ਵਾਂਗ ਸੌਂ ਜਾਣਗੇ। ਮੁੰਡਾ ਆਊਗਾ। ਉਹ ਇਕ ਇਕ ਨੂੰ ਝਾੜ ਕੇ ਉਠਾਊਗਾ। ਸਫਾਈ ਕਰੂਗਾ ਤੇ ਫੇਰ ਸਤਿਜੁਗ ਦੀ ਕਾਰ ਚਲੇਗੀ। ਅਜੇਹੇ ਬਹੁਤ ਬਚਨ ਹੋਏ। ਸਪੱਸ਼ਟ ਹੈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚੀ ਭਵਿੱਖਤਾਂ ਦੀ ਪੋਥੀ-

Sri Satguru Jagjit Singh Ji eLibrary NamdhariElibrary@gmail.com

ਗੋਰਿੰਡਨਾਮੇ ਨੂੰ ਪ੍ਰਾਪਤ ਕਰਕੇ ਸਤਿਗੁਰਾਂ ਨੇ ਭਵਿੱਖਤਾਂ ਦਾ ਵਰਤਾਰਾ ਪ੍ਰਗਟ ਕੀਤਾ। ਇਕ ਵਾਰ ਸਤਿਗੁਰੂ ਜੀ ਨੇ ਅਕਾਲ ਪੁਰਖ ਅੱਗੇ ਅਰਜ ਕੀਤੀ ਸੀ ਕਿ ਮੇਰੇ ਆਉਣ ਕਰਕੇ ਗਊ ਗਰੀਬ ਦੇ ਗਲੇ ਤੋਂ ਛੁਰੀ ਹਟਾਈ ਜਾਵੇ। ਗਊ ਗਰੀਬ ਦੇ ਗਲੇ ਤੋਂ ਛੁਰੀ ਤਾਂ ਨਾ ਹਟੀ ਪਰ ਪਰਦੇਸ ਜਾਣ ਦੇ ਸਬੱਬ ਬੜੀ ਕਾਹਲੀ ਨਾਲ ਬਣਦੇ ਗਏ।

ਕਿਲ੍ਹਾ ਸੂਬਾ ਸਿੰਘ ਦੀ ਰਮਜ਼

ਮਾਨਾਂ ਵਾਲੇ ਹੋਲਾ ਮਹੱਲਾ ਮਨਾ ਕੇ ਸਤਿਗੁਰੂ ਜੀ ਉਚੇਚਾ ਕਿਲ੍ਹਾ ਸੂਬਾ ਸਿੰਘ ਆਏ. ਸੰਗਤਾਂ ਵੱਲੋਂ ਲੰਗਰ ਮੰਜੂਰ ਹੋਇਆ। ਯਾਦ ਰਹੇ ਕੇ ਲੰਗਰ ਸਭ ਥਾਂ ਗੁਰੂ ਜੀ ਦੇ ਮਰਯਾਦਾ ਵਾਲੇ ਲਾਂਗਰੀ ਹੀ ਬਣਾਏ ਸਨ। ਕਿਲ੍ਹੇ ਸੇਠ ਰਾਧਾ ਸ਼ਾਹ ਦੇ ਘਰ ਵੀ ਚਰਣ ਪਾਏ। ਬਚਨ ਦ੍ਰਿੜ੍ਹਾਇਆ ਕੇ ਜੇਹੜਾ ਅਵਤਾਰੀ ਪੁਰਸ਼ ਆਏਗਾ ਉਸ ਦੇ ਕੇਸਾਂ ਦੀ ਪਵਿੱਤਰਤਾ ਕਾਇਮ ਰੱਖਣੀ। ਕੰਨ ਨਹੀਂ ਵਿਣਨੇ। ਬਾਬਾ ਠਾਕੁਰ ਸਿੰਘ ਜੀ ਨੂੰ ਵਿਸ਼ੇਸ਼ ਬਚਨ ਹੋਇਆ ਕਿ ਹਰੇਕ ਬਚਨ ਦੇ ਫਲਣ ਦਾ ਇਕ ਨਿਸ਼ਚਿਤ ਸਮਾਂ ਹੋਂਦਾ ਹੈ। ਤੁਸੀਂ ਏਨ੍ਹਾਂ ਨੂੰ ਡੋਲਣ ਨਹੀਂ ਦੇਣਾ। ਸਦਾ ਭਰੋਸਾ-ਪਿਆਰ ਬੰਧਾਈ ਰੱਖਣਾ। ਸਾਡਾ ਬਚਨ ਅਟੱਲ ਹੈ।

ਅਨੇਕ ਪਿੰਡਾਂ-ਨਗਰਾਂ ਵਿਚ ਨਵੇਂ ਕੂਕੇ ਸਜਦੇ ਜਾ ਰਹੇ ਸਨ। ਆਨੰਦਪੁਰ ਦੇ ਹੋਲੇ (1867) ਤੇ ਅੰਮ੍ਰਿਤਸਰ ਦੀ ਦੀਵਾਲੀ (1867) ਵਾਂਗ ਮਾਨਾ ਵਾਲੇ ਹੋਲੇ ਸਮੇਂ 2000 ਤੋਂ ਵਧੇ ਨਵੇਂ ਕੂਕੇ ਸਜੇ ਸਨ। ਸਤਿਗੁਰੂ ਜੀ ਸੌ ਸੌ ਦੀ ਕਤਾਰਾਂ ਲਗਾ ਕੇ ਖੁੱਲ੍ਹਾ ਨਾਮ ਦੇਂਦੇ ਸਨ। ਕਤਾਰ ਦੇ ਅਖ਼ੀਰ ਤੇ ਖਲੋਤਾ ਸਿੱਖ ਸਭ ਤੋਂ ਪਹਿਲਾਂ ਮਸਤ ਹੋ ਜਾਂਦਾ ਸੀ। ਨਜਰਬੰਦੀ ਦੇ ਦੌਰਾਨ ਮਹੰਤਾਂ-ਸਾਧਾਂ ਦੇ ਸਾਜੇ ਕੂਕੇ ਵੀ ਗੁਰੂ ਮੋਹਰ ਲਗਵਾਈ ਜਾ ਰਹੇ ਸਨ। ਥੋੜ੍ਹੇ ਸਮੇਂ ਵਿਚ ਹੀ ਕੂਕਿਆਂ ਦੀ ਗਿਣਤੀ ਲੱਖਾਂ ਵਿਚ ਹੋ ਗਈ ਸੀ ਅਤੇ ਸਰਕਾਰ ਲਈ ਵੱਡੀ ਚਿੰਤਾ ਦਾ ਵਿਸ਼ਾ ਬਣ ਰਹੀ ਸੀ।

ਸੰਨ 1867 ਤੋਂ ਬਾਦ ਕੁਝ ਮੇਲੇ ਗੁਰੂ ਧਾਮ ਨਗਰ ਵਿਚ ਕਰਕੇ ਵੀ ਆਪ ਨੇ ਗੁਰਧਾਮਾਂ ਵਿਚ ਪ੍ਰਵੇਸ਼ ਲਈ ਸੰਕੋਚ ਹੀ ਕੀਤਾ, ਤਾਂਕੇ ਬਦਅਮਨੀ ਦਾ ਬਹਾਨਾ ਨਾ ਬਣੇ। ਪੁਰਾਤਨ ਵਿਛੁੜਿਆਂ ਨੂੰ ਗੁਰੂ ਜੀ ਮੇਲੀ ਜਾ ਰਹੇ ਸਨ। ਕੁਝ ਮੇਲੇ ਅਣਪਛਾਤੇ ਨਗਰਾਂ-ਪਿੰਡਾਂ ਵਿਚ ਵੀ ਸੁਤੰਤਰਤਾ ਨਾਲ ਮਨਾਏ ਗਏ। ਕੂਕਾ ਪੰਥ ਦਾ ਕਾਰਵਾਂ ਮਜਬੂਤ ਹੋਂਦਾ ਜਾ ਰਿਹਾ ਸੀ। ਨਾਮ-ਬਾਣੀ ਨਾਲ ਜਾਗ੍ਰਤ ਜੀਵ ਗੁਰ-ਮਰਯਾਦਾ ਨਾਲ ਪੂਰਨ ਆਤਮ ਵਿਸ਼ਵਾਸ ਅਤੇ ਖਾਲਸਾਈ ਜਲਾਲ ਪ੍ਰਾਪਤ ਕਰਦੇ ਜਾ ਰਹੇ ਸਨ।

ਸੰਨ 1869 ਦੀ ਵੈਸਾਖੀ ਅੰਮ੍ਰਿਤਸਰ ਮਨਾਈ ਸੀ। ਦੀਵਾਲੀ ਅੰਮ੍ਰਿਤਸਰ ਮਨਾ ਕੇ ਆਪ ਲਗਾਤਾਰ ਛੇ ਮਹੀਨੇ ਪੰਜਾਬ ਵਿਚ ਨਾਮ ਦੇ ਛਿੱਟੇ ਦੇਂਦੇ ਰਹੇ। ਅਪ੍ਰੈਲ ਮਈ 1870 ਨੂੰ ਭੈਣੀ ਸਾਹਿਬ ਵਾਪਸ ਮੁੜੇ। ਧਰਮ ਸਥਾਪਨਾ ਦੇ ਬਚਨ ਵੀ ਹੋਂਦੇ ਅਤੇ ਜੁਲਮ ਹਨ੍ਹੇਰੀ ਆਉਣ ਦੇ ਬਚਨ ਵੀ ਹੋਂਦੇ ਰਹਿੰਦੇ ਸਨ।

ਮਸਤਾਨਿਆਂ ਦੇ ਮੇਲੇ

ਪਟਿਆਲੇ ਦੇ ਭਾਈ ਹੀਰਾ ਸਿੰਘ ਲਹਿਣਾ ਸਿੰਘ ਨੇ ਜਦੋਂ ਨਾਮ ਲਿਆ ਤਾਂ ਸੰਸਾਰੀ ਜੀਵਨ ਤੋਂ ਉਪਰਾਮ ਹੋ ਗਏ। ਮਾਲਵੇ ਦੇ ਦੌਰਿਆਂ ਵਿਚ ਮਸਤਾਨਿਆਂ ਦਾ

Sri Satguru Jagjit Singh Ji eLibrary NamdhariElibrary@gmail.com

ਤਗੜਾ ਟੋਲਾ ਗੁਰੂ ਜੀ ਦੇ ਨਾਲ ਚੱਲ ਰਿਹਾ ਸੀ। ਮਸਤਾਨਿਆਂ ਦੇ ਅਗੰਮੀ ਬੋਲੇ ਅਤੇ ਮਸਤਾਨੇ ਵਰਤਾਰੇ ਦਾਨੇ ਸੂਬਿਆਂ ਤੇ ਮੁਖੀਆਂ ਨੂੰ ਨਹੀਂ ਸੀ ਸੁਖਾਂਦੇ। ਜੱਤ-ਸੱਤ ਦੇ ਪੂਰੇ ਮਸਤਾਨੇ ਸਤਿਗੁਰੂ ਜੀ ਦੇ ਦੌਰਿਆਂ ਵਿਚ ਗੜਵੇ ਖੜਕਾ ਕੇ ਫਿਰੰਗੀ ਦੇ ਰਾਜ ਖਾਤਮੇ ਦੇ ਲੋਕ ਗੀਤ ਬਣਾ ਕੇ ਵਿਸ਼ੇਸ਼ ਉਮਾਹ ਨਾਲ ਗਾਉਂਦੇ ਰਹਿੰਦੇ ਸਨ।

ਥਰਾਜ ਵਾਲਾ

ਗੁਰੂ ਬਚਨਾਂ ਉੱਤੇ ਪੂਰਨ ਵਿਸ਼ਵਾਸ ਰੱਖਣ ਵਾਲੇ ਮਾਲਵੇ ਥਰਾਜਵਾਲੇ ਦੇ ਮਸਤਾਨੇ ਸਮੁੰਦ ਸਿੰਘ ਨੇ ਅਨੇਕ ਕੂਕਿਆਂ ਨੂੰ ਘਰ-ਬਾਰ ਵੇਚ ਕੇ ਭੈਣੀ ਸਾਹਿਬ ਵੱਲ ਤੋਰ ਲਿਆ। ਇਸ ਜੱਥੇ ਦੇ ਮਸਤਾਨੇ ਬੋਲਿਆਂ ਕਾਰਨ ਪੁਲਿਸ ਦੀ ਰੋਕਾ-ਟੋਕੀ ਤੇ ਝੜਪ ਤੋਂ ਬਾਦ ਜੱਥਾ ਗ੍ਰਿਫ਼ਤਾਰ ਕੀਤਾ ਗਿਆ। ਸਾਰਾ ਮਾਲ ਅਸਬਾਬ ਖੋਹ ਕੇ ਕਈਆਂ ਨੂੰ ਕੈਦ ਦੀ ਸਜਾ ਦਿੱਤੀ ਗਈ। ਏਹ ਸਾਕਾ ਮਾਰਚ (1869) ਵਿਚ ਹੋਇਆ ਜਦੋਂ ਮਾਨਾ ਵਾਲੇ ਹੋਲੇ ਦਾ ਮੇਲਾ ਹੋ ਰਿਹਾ ਸੀ। ਸਤਿਗੁਰੂ ਜੀ ਮਾਨਾਵਾਲੇ ਭਵਿੱਖਤ ਪ੍ਰਗਟਾ ਰਹੇ ਸਨ ਅਤੇ ਥਰਾਜ ਵਾਲੇ ਭਵਿੱਖ ਦੇ ਸਾਕਿਆਂ ਦਾ ਮੁੱਢ ਬੱਝ ਗਿਆ ਸੀ।

ਸਾਕਾ ਅੰਮ੍ਰਿਤਸਰ

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਅੰਗਰੇਜ ਵੀ ਪੰਜਾਬ ਵਿਚੋਂ ਲੰਘਣ ਸਮੇਂ ਗਊ ਹੱਤਿਆ ਨਹੀਂ ਸੀ ਕਰ ਸਕਦੇ। ਫਿਰੰਗੀ ਰਾਜ ਵਿਚ ਗਊ ਮਾਸ ਉਨ੍ਹਾਂ ਦਾ ਆਹਾਰ ਦਾ ਹਿੱਸਾ ਸੀ। ਮੁਸਲਮਾਨਾਂ ਨੂੰ ਵਿਹਾਰ ਵਾਧੇ ਲਈ ਉਕਸਾ ਕੇ ਗਊ ਹੱਤਿਆ ਦੀ ਖੁੱਲ੍ਹ ਦਿੱਤੀ ਗਈ। ਅੰਮ੍ਰਿਤਸਰ ਵਿਚ ਲਾਹੌਰੀ ਦਰਵਾਜੇ ਦੇ ਬਾਹਰ ਤੇ ਹਰਿਮੰਦਿਰ ਸਾਹਿਬ ਦੇ ਨੇੜੇ ਵੀ ਬੂਚੜਖਾਨਾ ਖੋਹ ਲਿਆ ਗਿਆ। ਸਿੱਖ ਕੌਮ ਸੁੱਤੀ ਹੋਈ ਸੀ ਤੇ ਹਿੰਦੂ ਕੌਮ ਮੁਰਦਾ ਸੀ। ਦਸ ਕੂਕਿਆਂ ਦੇ ਜੱਥੇ ਨੇ 14-15 ਜੂਨ 1871 ਦੀ ਰਾਤ ਵਿਉਂਤ ਨਾਲ ਬੁਚੜ ਮਾਰ ਕੇ ਗਊਆਂ ਆਜਾਦ ਕਰ ਦਿੱਤੀਆਂ। ਕਾਰਾ ਕਰਕੇ ਖਾਲਸਾ ਹਿਰਨ ਹੋ ਗਿਆ। ਸਾਰੇ ਸਬੂਤ ਨੱਪ ਦਿੱਤੇ। ਬੇਦੋਸੇ ਨਿਹੰਗਾਂ ਅਤੇ ਹਿੰਦੂਆਂ ਉੱਤੇ ਜ਼ੁਲਮ ਕਰਕੇ ਇਕਬਾਲੀ ਕਰਾਇਆ ਗਿਆ। ਸਤਿਗੁਰੂ ਜੀ ਨੇ ਭੈਣੀ ਸਾਹਿਬ ਬਚਨ ਕੀਤਾ— ਕਰੇ ਕੋਈ ਭਰੇ ਕੋਈ। ਗਊਆਂ ਨੂੰ ਅਜ਼ਾਦ ਕਰਕੇ ਬੇਦੋਸ਼ੇ ਮਨੁਖਾਂ ਨੂੰ ਫਾਹੇ ਲੁਆ ਰਹੇ ਹਨ। ਗੁਰੂ ਜੀ ਦੇ ਏਸ ਬਦਨ ਕਰਕੇ ਦਸ ਗੁਰ ਸਿੱਖਾਂ ਵਿਚੋਂ ਸੱਤ ਸਬੂਤਾਂ ਸਮੇਤ ਪੇਸ਼ ਹੋ ਗਏ। ਚਾਰ 15 ਸਤੰਬਰ 1871 ਫਾਂਸੀ ਚੜ੍ਹੇ। ਤਿੰਨ ਕਾਲੇ ਪਾਣੀ ਜਾ ਕੇ ਸ਼ਹੀਦ ਹੋਏ ਜਾਂ ਸਮੁਦਰ ਵਿਚ ਡੋਬ ਦਿੱਤੇ ਗਏ। ਮਗਰੋਂ ਝੰਡਾ ਸਿੰਘ ਠੱਠਾ ਵੀ ਫੜਿਆ ਗਿਆ ਤੇ 11 ਅਗਸਤ 1873 ਨੂੰ ਫਾਂਸੀ ਚਾੜ੍ਹਿਆ ਗਿਆ। ਦੋ ਮਫਰੂਰ ਹੀ ਰਹੇ। ਸਤਿਗੁਰਾਂ ਨੇ ਜਦੋਂ ਬਦਨ ਕੀਤਾ ਸੀ ਉਦੋਂ ਰਾਏਕੋਟ ਦਾ ਸਾਕਾ ਵੀ ਹੋ ਚੁੱਕਿਆ ਸੀ।

ਸਾਕਾ ਰਾਏ ਕੋਟ

ਅੰਮ੍ਰਿਤਸਰ ਸਾਕੇ (14-15 ਜੂਨ) ਤੋਂ ਇਕ ਮਹੀਨਾ ਬਾਦ ਸਿਰ ਤੇ ਕਫ਼ਨ ਬੰਨ੍ਹ ਕੇ ਸਿੰਘਾਂ ਨੇ ਰਾਏਕੋਟ ਦੇ ਬੁਚੜਖਾਨੇ ਤੇ ਕਾਰਾ ਦੁਹਰਾਇਆ। ਏਸ ਕੇਸ ਵਿਚ ਤਿੰਨ ਸਿੰਘਾਂ ਨੂੰ 5 ਅਗਸਤ, 1871 ਨੂੰ ਫਾਂਸੀ ਪਹਿਲਾਂ ਹੋਈ ਤੋਂ ਮਗਰੋਂ ਦੋ ਬੇਦੋਸੇ ਸੂਬਾ

Sri Satguru Jagjit Singh Ji eLibrary NamdhariElibrary@gmail.com

ਗਿਆਨੀ ਰਤਨ ਸਿੰਘ (ਉਰਫ਼ ਗਿਆਨਾ ਸਿੰਘ) ਅਤੇ ਨਾਇਬ ਸੂਬਾ ਰਤਨ ਸਿੰਘ ਨਾਈ ਵਾਲਾ ਨੂੰ 25 ਨਵੰਬਰ 1871 ਨੂੰ ਲੁਧਿਆਣੇ ਦੇ ਬਾਹਰ ਫਾਂਸੀ 'ਤੇ ਲਟਕਾਇਆ ਗਿਆ।

ਅੰਗਰੇਜ ਅਫਸਰਾਂ ਨੇ ਹਰ ਸੰਭਵ ਕੋਸ਼ਿਸ਼ ਕੀਤੀ ਸੀ। ਕਿਸੇ ਤਰ੍ਹਾਂ ਸਤਿਗੁਰੂ ਜੀ ਨੂੰ ਰਾਏਕੋਟ ਦੇ ਸਾਕੇ ਨਾਲ ਜੋੜ ਕੇ ਘੇਰਿਆ ਜਾਵੇ। ਸਤਿਗੁਰੂ ਜੀ ਨੂੰ 28 ਜੁਲਾਈ ਨੂੰ ਬਸੀਆਂ ਵਾਲੀ ਕੋਠੀ ਕਮਿਸ਼ਨਰ ਨੇ ਬੁਲਾਇਆ। ਸਤਿਗੁਰੂ ਜੀ ਉੱਤੇ ਇਲਜਾਮ ਸੀ ਕਿ ਬੁਚੜਾਂ ਦੇ ਕਾਤਲਾਂ ਨੂੰ ਆਪ ਨੇ ਮਾਇਕ ਮਦਦ ਦਿੱਤੀ ਹੈ। ਗੁਰੂ ਜੀ ਨੇ ਹੱਟੀ ਦੀ ਵਹੀਆਂ ਦਿਖਾ ਕੇ ਪ੍ਰਮਾਣਤ ਕੀਤਾ ਕੇ ਏਨ੍ਹਾਂ ਨਾਲ ਕਦੀ ਵੀ ਕੋਈ ਨਕਦੀ ਲੇਣ ਦੇਣ ਨਹੀਂ ਹੋਇਆ। ਸਾਜਿਸ਼ ਦੇ ਹਿੱਸੇਦਾਰ ਬਣਾ ਕੇ ਬਿਨਾਂ ਪ੍ਰਮਾਣ ਦੋ ਪੰਥ ਰਤਨ ਜਰੂਰੀ ਫਾਂਸੀ ਚੜ੍ਹ ਦਿੱਤੇ ਗਏ।

ਸਾਕਾ ਬਾਗਾਂ ਵਾਲੇ (ਮੋਰਿੰਡਾ ਮਰਡਰ ਕੇਸ)

ਕੁਝ ਸਿੰਘ ਸ਼ਿਮਲੇ ਜਾਕੇ ਬੁਚੜ ਮਾਰਨ ਲਈ ਤਿਆਰ ਹੋਏ। ਬਰਸਾਤੀ ਮੌਸਮ ਨੇ ਮੋਰਿੰਡੇ ਤੋਂ ਮੁੜਨ ਲਈ ਮਜ਼ਬੂਰ ਕਰ ਦਿੱਤਾ। ਵਾਪਸੀ ਤੇ ਬਾਗਾਂ ਵਾਲੇ ਕੂਕਿਆਂ ਦੀ ਚੌਕੀਦਾਰ ਨਾਲ ਝੜਪ ਹੋ ਗਈ। ਚੌਕੀਦਾਰ ਮਾਰਿਆ ਗਿਆ। ਇਸ ਕਤਲ ਕੇਸ ਦਾ ਅਸਰ ਰਾਏਕੋਟ ਦੇ ਸਾਕੇ ਦੇ ਕੇਸ ਤੇ ਵੀ ਪਿਆ। ਏਸ ਕੇਸ ਵਿਚ ਰਾਏ ਪੁਰ ਦਾ ਧੌਂਕਲ ਸਿੰਘ ਵੀ ਫੜਿਆ ਗਿਆ ਤੇ ਉਸ ਨਾਲ ਕੀਹ ਕੀਤਾ ਗਿਆ ਦਸਤਾਵੇਜ ਖਾਮੋਸ਼ ਹਨ। ਜੋ ਹੋਰ ਫੜੇ ਗਏ ਉਹ ਬਰੀ ਹੋ ਗਏ ਤੇ ਜੋ ਨਾ ਫੜੇ ਗਏ ਉਹ ਨੇਪਾਲ ਚਲੇ ਗਏ ਕਹੇ ਗਏ।

ਦੇਸ਼ ਅਜ਼ਾਦੀ ਦੇ ਉਪਰਾਲੇ

ਇਸ ਪ੍ਰਕਾਰ ਕੂਕਿਆਂ ਦੀ ਬਗ਼ਾਵਤੀ ਕਾਰਵਾਹੀਆਂ ਦਾ ਸਿੱਧਾ ਅਸਰ ਅੰਤਰਰਾਜੀ ਅਤੇ ਅੰਤਰਦੇਸੀ ਸਿਆਸੀ ਸੰਬੰਧਾਂ ਉੱਤੇ ਪੈ ਗਿਆ। ਸਾਰੇ ਕਾਰਜ ਕ੍ਰਮ ਚੌਪਟ ਹੋ ਗਏ। ਨਾਮਧਾਰੀ ਪੰਥ ਪ੍ਰਚਾਰ ਤੇ ਪ੍ਰਭਾਵ ਅਟਕ ਤੋਂ ਜਮਨਾ ਤੱਕ ਦੇ ਪੁਰਾਣੇ ਆਰਯਾਂ ਦੇ ਦੇਸ਼ ਬ੍ਰਹਮਾਵਰਤ ਤੱਕ ਪਸਰ ਗਿਆ ਸੀ। ਸਤਿਗੁਰੂ ਜੀ ਨੇ ਨਜਰਬੰਦੀ ਹੁਕਮ ਤੋੜ ਕੇ ਜਿਸ ਤਰ੍ਹਾਂ ਮੇਲੇ ਕੀਤੇ ਸਨ ਉਸੇ ਤਰ੍ਹਾਂ ਪ੍ਰਚਾਰ ਦੌਰੇ ਤੇਜ ਕਰ ਦਿੱਤੇ ਗਏ। ਸੰਨ 1867-68 ਵਿਚ ਦੇਸੀ ਰਿਆਸਤਾਂ ਵਿਚ ਸਿਆਣੇ ਸੰਤ ਨੁਮਾਇੰਦੇ ਭੇਜ ਕੇ ਦੇਸ਼ ਦੀ ਆਜ਼ਾਦੀ ਲਈ ਉਨ੍ਹਾਂ ਦੀ ਮਾਨਸਿਕਤਾ ਟਟੋਲੀ ਗਈ।

ਕੂਕਾ ਰੈਜੀਮੈਂਟ

ਸਤਿਗੁਰੂ ਜੀ ਦੇ ਹੁਕਮ ਅਤੇ ਯੋਜਨਾ ਅਧੀਨ ਸਢੋਰੇ ਦੇ ਜਾਗੀਰਦਾਰ ਹੀਰਾ ਸਿੰਘ ਲੰਮੂ ਨੇ ਕਾਸ਼ਮੀਰ ਵਿਚ ਕੂਕਾ ਰੈਜੀਮੈਂਟ ਖੜ੍ਹੀ ਕਰਨ ਲਈ ਮਹਾਰਾਜੇ ਨੂੰ ਮਨਾ ਲਿਆ। 150 ਸੈਨਿਕਾਂ ਨਾਲ ਸ਼ੁਰੂ ਹੋਈ ਇਸ ਰੈਜੀਮੈਂਟ ਦੀ ਨਫਰੀ 250-300 ਤੱਕ ਪੁੱਜ ਗਈ। ਇਸ ਪਲਟਨ ਵਿਚ ਭਰਤੀ ਸਤਿਗੁਰੂ ਜੀ ਦੇ ਪੱਤਰ ਨਾਲ ਹੀ ਹੋਂਦੀ ਸੀ। ਲੋਕਲ ਸੈਨਿਕਾਂ ਨਾਲੋਂ ਕੂਕਿਆਂ ਨੂੰ ਇਕ ਰੁਪਿਆ ਵੱਧ ਤਨਖ਼ਾਹ ਮਿਲਦੀ ਸੀ। ਹੀਰਾ ਸਿੰਘ

Sri Satguru Jagjit Singh Ji eLibrary NamdhariElibrary@gmail.com

ਕਮਾਂਡਰ ਸੀ। ਕਾਸ਼ਮੀਰ ਦੇ ਗਵਰਨਰ ਦੇ (ਦੀਵਾਨ) ਰਹੇ ਮੀਹਾਂ ਸਿੰਘ ਦਾ ਭਤੀਜਾ ਤਾਰਾ ਸਿੰਘ ਮਿਆਨੀ ਮਿਸਰੀ ਨਾਇਬ ਕਮਾਂਡਰ ਸੀ। ਅੰਮ੍ਰਿਤਸਰ ਤੇ ਰਾਏ ਕੋਟ ਦੇ ਸਾਕਿਆਂ ਤੋਂ ਬਾਦ ਮਹਾਰਾਜਾ ਨੇ ਕੂਕਾ ਪਲਟਨ ਤੋੜ ਦਿੱਤੀ। ਇਸ ਤਰ੍ਹਾਂ ਕੂਕਿਆਂ ਨੂੰ ਹਥਿਆਰਬੰਦ ਕਰਨ ਦੀ ਯੋਜਨਾ ਖ਼ਤਮ ਹੋ ਗਈ।

ਕਾਬੁਲ ਨਾਲ ਸੰਬੰਧ

ਕਾਬੁਲ ਵਿਚ ਰਹਿਣ ਵਾਲਾ ਬਿਸ਼ਨ ਸਿੰਘ ਨਿਹੰਗ ਬਾਣੇ ਵਿਚ ਭਾਈ ਹੀਰਾ ਸਿੰਘ ਲਹਿਣਾ ਸਿੰਘ ਨੂੰ ਮਿਲ ਕੇ ਬਹੁਤ ਖੁਸ਼ ਹੋਇਆ। ਉਸ ਦੇ ਅੰਤਰ ਮਨ ਵਿਚ ਸਤਿਜੁਗ ਦਾ ਨਕਸ਼ਾ ਵਸਿਆ ਹੋਇਆ ਸੀ। ਉਸ ਦੇ ਜਤਨਾਂ ਨਾਲ ਕਾਬੁਲ ਦੀ ਅਮੀਰ ਅਬਦੁਲ ਰਜ਼ਾਕ ਦੇ ਦੋ ਸ਼ਹਿਜਾਦੇ ਉਚੇਚਾ ਭੈਣੀ ਸਾਹਿਬ ਆਏ। ਉਨ੍ਹਾਂ ਦੇ ਮਕਸਦ ਅਤੇ ਯੋਜਨਾ ਬਾਰੇ ਫਿਰੰਗੀ ਸਰਕਾਰ ਸਿਰ ਤੋੜ ਖੋਜ ਕਰਕੇ ਵੀ ਨਾ ਜਾਣ ਸਕੀ। ਉਸ ਨੂੰ ਏਹ ਵੱਡੀ ਹੈਰਾਨੀ ਹੋਈ ਕੇ ਪੰਜਾਬ ਦੇ ਇਕ ਪਿੰਡ ਦੇ ਸਮਾਜ ਸੁਧਾਰਕ ਦੀ ਸ਼ੋਹਰਤ ਹਿੰਦ ਦੀ ਹੱਦਾਂ ਪਾਰ ਕਰ ਚੁੱਕੀ ਸੀ।

ਨੇਪਾਲ

ਗ੍ਰੰਥ ਗੜ੍ਹ (ਅੰਮ੍ਰਿਤਸਰ) ਦੇ ਕਿਸ਼ਨ ਸਿੰਘਨੇ ਲਾਹੌਰ ਰਾਜ ਦੇ ਸੈਨਿਕ ਹਵਾਲਿਆਂ ਨਾਲ ਨੇਪਾਲ ਵਿਚ ਸੰਪਰਕ ਬਣਾਏ। ਰਾਣੇ ਨੂੰ ਮਿਲਣ ਲਈ ਸੂਬਾ ਕਾਹਨ ਸਿੰਘ ਤੇ ਸੂਬਾ ਸਾਹਿਬ ਸਿੰਘ ਕੂਟ ਨੀਤੀ ਅਧੀਨ ਰਾਜੇ ਦੀ ਮੰਗ ਅਨੁਸਾਰ ਕੁਝ ਪਸ਼ੂ ਲੈ ਕੇ ਨੇਪਾਲ ਗਏ। ਕਿਸੇ ਸਮੇਂ ਨੇਪਾਲ ਦੀ ਹਕੂਮਤ ਸ਼ਿਮਲਾ ਹਿਲਜ ਤੱਕ ਪਸਰ ਗਈ ਸੀ। ਜੋ ਵੀ ਸੁਖਾਵੇਂ ਸੰਬੰਧ ਬਣੇ ਉਹ ਬੜੇ ਫਲ ਦਾਈ ਹੋ ਸਕਦੇ ਸਨ। ਨੇਪਾਲ ਸਰਕਾਰ ਦਾ 1857 ਈ. ਦੇ ਸ਼ਰਨਾਗਤਾਂ ਅਤੇ ਮਹਾਰਾਣੀ ਜਿੰਦਾ ਨਾਲ ਵਿਵਹਾਰ ਬੜੇ ਸਤਿਕਾਰ ਵਾਲਾ ਰਿਹਾ ਸੀ। ਰਾਣੇ ਨੇ ਕੀਮਤੀ ਤੋਹਫੇ ਭੇਜ ਕੇ ਕੂਕਾ ਸੰਘਰਸ਼ ਨਾਲ ਸੁਰ ਮਿਲਾਏ। ਅੰਗਰੇਜ ਸਰਕਾਰ ਬੁੱਚੜ ਬੱਧ ਸਾਕਿਆਂ ਨਾਲ ਪੂਰੀ ਤਰ੍ਹਾਂ ਚੌਕਸ ਹੋ ਗਈ। ਨੇਪਾਲ ਸਰਕਾਰ ਉੱਤੇ ਦਬਾਵ ਪਾਉਣ ਲਈ ਕਾਸ਼ੀ ਦੇ ਰਾਜੇ ਨੂੰ ਕੂਕਾ ਸੰਧੀ ਬਾਰੇ ਜਾਣਨ ਲਈ ਭੇਜਿਆ। ਰਾਣੇ ਨੇ ਕਿਹਾ ਕਿ ਕੂਕੇ ਨੇਪਾਲ ਸੈਨਾ ਵਿਚ ਭਰਤੀ ਹੋਣਾ ਚਾਹੁੰਦੇ ਸਨ। ਉਨ੍ਹਾਂ ਨੂੰ ਕਿਹਾ ਗਿਆ ਹੈ ਕਿ ਕੇਵਲ ਗੋਰਖੇ ਹੀ ਫੌਜ ਵਿਚ ਲਏ ਜਾਂਦੇ ਹਨ।

ਰੂਸ ਵਾਰਤਾ

ਰੂਸ ਨਾਲ ਕੂਟਨੀਤਕ ਸੰਬੰਧਾਂ ਦੀ ਸ਼ੁਰੂਆਤ ਬਿਸ਼ਨ ਸਿੰਘ ਨੂੰ ਕੇਂਦਰ ਵਿਚ ਰੱਖ ਕੇ ਕੀਤੀ ਗਈ। ਬਾਬਾ ਗੁਰਚਰਨ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਰਹਿ ਚੁੱਕਿਆ ਸੀ। ਅਫ਼ਗਾਨਿਸਤਾਨ ਵੱਲ ਉਸ ਦੇ ਪਰਿਵਾਰ ਨੂੰ ਮਿਲੀ ਗੁਰੂ ਮੇਹਰ ਸਦਕਾ ਪੂਜਾ ਭੇਟ ਦਸਵੰਧ ਲੈਣ ਦਾ ਪੱਕਾ ਬੇਹਾਨਾ ਸੀ। ਰੂਸ ਨਾਲ ਸੰਬੰਧਾਂ ਦਾ ਪਤਾ ਅੰਗਰੇਜ ਸਰਕਾਰ ਕਦੇ ਨਾ ਜਾਣ ਸਕੀ।ਅਖ਼ੀਰਲਾ ਪੱਤਰ ਬਰਮਾ ਤੋਂ ਪੰਜਾਬ-ਕਾਬੁਲ ਹੋਂਦਾ 1879-80 ਰੂਸ ਪੁੱਜਿਆ। ਜਿਸਦਾ ਉੱਤਰ ਮੀਹਾ ਸਿੰਘ 1881 ਵਿਚ ਮੌਗਮਈ ਲੈ ਕੇ ਗਿਆ ਸੀ।

Sri Satguru Jagjit Singh Ji eLibrary NamdhariElibrary@gmail.com

ਰੂਸ ਦੇ ਪੁਰਾਤਤਵ ਵਿਭਾਗ ਵਿਚ ਸਤਿਗੁਰੂ ਜੀ ਦੇ 16 ਪੱਤਰ ਸੁਰੱਖਿਅਤ ਹਨ।

ਦਲੀਪ ਸਿੰਘ

ਮਹਾਰਾਜਾ ਦਲੀਪ ਸਿੰਘ ਨਾਲ ਵੀ ਸਿਆਸੀ ਕੂਟਨੀਤੀ ਨਾਲ ਜੁੜੇ ਕੂਕਿਆਂ ਨੇ ਸੰਬੰਧ ਬਣਾਏ। ਰੰਗੂਨ ਤੋਂ ਆਏ ਸਤਿਗੁਰੂ ਜੀ ਦੇ ਇਕ ਹੁਕਮਨਾਮੇ ਵਿਚ ਉਸ ਦਾ ਜਿਕਰ ਹੈ। ਉਸ ਤੋਂ ਕੁਝ ਸੁਆਰਨ ਦੀ ਨਾ-ਉਮੀਦੀ ਸਤਿਗੁਰਾਂ ਨੇ ਪਰਗਟ ਕੀਤੀ ਸੀ ਕਿਉਂਕਿ ਉਸ ਨੇ ਇਸਾਈ ਹੋ ਕੇ ਗਊ ਮਾਸ ਖਾ ਲਿਆ ਸੀ।

ਦੇਸੀ ਰਿਆਸਤਾਂ

ਦੇਸੀ ਰਿਆਸਤਾਂ ਵਿਚ ਗਏ ਕੂਕਾ ਪੰਥ ਦੇ ਨੁਮਾਇੰਦਿਆਂ ਦਾ ਜਿਕਰ ਫਿਰੰਗੀ ਦਸਤਾਵੇਜਾਂ ਵਿਚ ਹੋਇਆ ਹੈ। ਸੂਬਾ ਨਰਾਇਣ ਸਿੰਘ ਖਟੜਾ ਗਵਾਲਿਅਰ ਵਿਚ ਸਿੰਧੀਆ ਦਾ ਮਨ ਟੋਹ ਰਿਹਾ ਸੀ। ਉਸਨੇ ਓਧਰ ਕਈ ਕੂਕੇ ਵੀ ਬਣਾਏ ਕਹੇ ਜਾਂਦੇ ਹਨ। ਬਨਾਰਸ ਸੂਬਾ ਕਾਹਨ ਸਿੰਘ ਜਾ ਕੇ ਆਇਆ ਸੀ। ਕੂਕਾ ਰੈਜੀਮੈਂਟ ਟੁੱਟਣ ਤੋਂ ਬਾਦ ਵੀ ਹੀਰਾ ਸਿੰਘ ਲੰਮੂ ਨੇ ਕਾਸ਼ਮੀਰ ਦੇ ਮਹਾਰਾਜੇ ਨਾਲ ਸੰਬੰਧ ਕਾਇਮ ਰੱਖੇ ਸਨ। ਹੈਦਰਾਬਾਦ ਤੇ ਹੋਰ ਰਿਆਸਤਾਂ ਤੱਕ ਸੰਬੰਧ ਕਾਇਮ ਕਰਨ ਦੀ ਕੋਸ਼ਿਸ਼ ਚੱਲ ਰਹੀ ਸੀ ਜਦੋਂ ਸਾਕੇ ਮਲੇਰਕੋਟਲੇ ਤੋਂ ਬਾਦ ਸਭ ਕੁਝ ਖੰਡਰਾਤ ਬਣ ਗਿਆ।

ਮਾਘੀ ਮੇਲਾ ਭੈਣੀ ਸਾਹਿਬ

ਸਤਿਗੁਰਾਂ ਦੇ ਮਹਿਲ ਮਾਤਾ ਜੱਸਾਂ ਕੱਤਕ ਵਦੀ ਦਸ ਦੀਵਾਲੀ ਤੋਂ ਪੰਜ ਦਿਨ ਪਹਿਲਾਂ (ਦੀਵਾਲੀ 12 ਨਵੰਬਰ 1871) ਸੰਮਤ 1918 ਨੂੰ ਅਕਾਲ ਚਲਾਨਾ ਕੀਤਾ। ਸਤਿਗੁਰੂ ਜੀ ਉਸ ਸਮੇਂ ਮੂਠਡੀ ਪੁੱਜੇ ਸਨ ਜਿੱਥੇ ਸਮਾਚਾਰ ਮਿਲਿਆ। ਸੰਗਤਾਂ ਨੂੰ ਅੰਮ੍ਰਿਤਸਰ ਜਾਣ ਦਾ ਹੁਕਮ ਕਰਕੇ ਆਪ ਭੈਣੀ ਸਾਹਿਬ ਮੁੜ ਆਏ। ਬਚਨ ਕੀਤਾ ਹੋਰ ਇਲਾਜ ਕਰਦੇ ਰਹੇ ਜੇਕਰ ਅਖੰਡ ਪਾਠ ਤੋਰ ਦੇਂਦੇ ਤੇ ਅਜੇ ਜਾਣਾ ਨਹੀਂ ਸੀ। ਏਹ ਸਮਾਂ ਸੀ ਜਦੋਂ ਅੰਮ੍ਰਿਤਸਰ ਤੇ ਰਾਏ ਪੁਰ ਦੇ ਸਾਕੇ ਹੋ ਚੁੱਕੇ ਸਨ। 25 ਨਵੰਬਰ ਨੂੰ ਦੋ ਰਤਨਾਂ ਨੂੰ ਫਾਂਸੀ ਹੋਈ। ਸਤਿਗੁਰਾਂ ਨੇ ਮਾਘੀ ਦਾ ਮੇਲਾ ਭੈਣੀ ਸਾਹਿਬ ਲਈ ਘੋਸ਼ਿਤ ਕਰ ਦਿੱਤਾ ਸੀ।

ਮਾਘੀ ਦੇ ਮੇਲੇ ਵਿਚ ਮਸਤਾਨਿਆਂ ਦੇ ਟੋਲੇ ਦੇ ਸਿਰਾਂ ਉੱਤੇ ਬੇਦੋਸ਼ੇ ਗਿਆਨ ਸਿੰਘ ਤੇ ਰਤਨ ਸਿੰਘ ਦੀ ਸ਼ਹੀਦੀ ਦਾ ਖ਼ੂਨ ਸਵਾਰ ਸੀ। ਉਨ੍ਹਾਂ ਦਿਨਾਂ ਵਿਚ ਮਲੇਰ ਕੋਟਲੇ ਵਿਚ ਗਊਆਂ ਉੱਤੇ ਜ਼ੁਲਮ ਦੇ ਕਿੱਸੇ ਵੱਧਦੇ ਜਾ ਰਹੇ ਸਨ। ਮਸਤਾਨਿਆਂ ਨੇ ਮਾਘੀ ਮੇਲੇ ਤੋਂ ਬਾਦ 13 ਜਨਵਰੀ, 1872 ਨੂੰ ਸ਼ਹੀਦੀ ਲਈ ਸੱਦਾ ਦੇ ਦਿੱਤਾ।

ਸਾਕਾ ਮਲੇਰ ਕੋਟਲਾ

ਸ਼ਹੀਦੀ ਲਈ ਤਿਆਰ ਮਸਤਾਨਿਆਂ ਨੇ ਸੂਬਾ ਲੱਖਾ ਸਿੰਘ ਤੇ ਸੂਬਾ ਸਾਹਿਬ ਸਿੰਘ ਦੀ ਇਕ ਨਾ ਸੁਣੀ। ਸਤਿਗੁਰੂ ਜੀ ਨੇ ਆਪ ਵੀ ਸਮਝਾਇਆ। ਪਰ ਮਸਤਾਨਿਆਂ ਲਈ ਮਰਨ ਤੋਂ ਉਰੇ ਕਿਸੇ ਮਾਹੀ ਦਾ ਡੇਰਾ ਨਹੀਂ ਸੀ ਰਿਹਾ। ਮਸਤਾਨਿਆਂ ਦੀ ਜਿੱਦ ਅੱਗੇ ਆਪ ਨੇ ਵੀ ਭਾਣਾ ਮੰਨ ਲਿਆ। ਮਸਤਾਨਿਆਂ ਨੂੰ ਲੰਗਰ ਛਕਾ ਕੇ ਲੀਕ ਮੇਟ ਦੇਣ ਦਾ ਰਮਜ਼ ਭਰਿਆ ਬਚਨ ਕੀਤਾ।

Sri Satguru Jagjit Singh Ji eLibrary NamdhariElibrary@gmail.com

ਮਸਤਾਨਿਆਂ ਦਾ ਸ਼ਹੀਦੀ ਜੱਥਾ 13 ਜਨਵਰੀ ਭੈਣੀ ਸਾਹਿਬ ਤੋਂ ਰਵਾਨਾ ਹੋਇਆ। 14 ਜਨਵਰੀ ਮਲੋਧ ਦੇ ਸਰਦਾਰ ਕੋਲੋਂ ਹਥਿਆਰ ਮੰਗਣ ਗਏ। ਉਹ ਪੁਰਾਣੇ ਵਾਦੇ ਤੋਂ ਮੁੱਕਰ ਗਿਆ। ਖ਼ੂਨੀ ਝੜੱਪ ਵਿਚ ਦੋ ਕੂਕੇ ਤੇ ਦੋ ਬੰਦੇ ਸਰਦਾਰ ਤੇ ਮਾਰੇ ਮਾਰੇ ਗਏ। ਦੋ ਘੋੜੇ ਤੇ 16 ਤਲਵਾਰਾਂ ਹੀ ਲੈ ਸਕੇ। 15 ਜਨਵਰੀ ਰਾਤ ਕੂਕੇ ਮਲਰੇ ਕੋਟਲੇ ਬੁੱਚੜਾਂ ਦੇ ਚਿੜੀ ਮਾਰ ਮੁਹੱਲੇ ਤੇ ਜਾ ਪਏ। ਅੱਠ ਕੂਕੇ ਸ਼ਹੀਦ ਹੋਏ। ਉਥੋਂ ਦੇ ਲੋਕ ਤੇ ਪੁਲਿਸ ਹਥਿਆਰਬੰਦ ਹੋ ਕੇ ਵੀ ਵੱਧ ਗਿਣਤੀ ਵਿਚ ਮਰੇ ਸਨ। ਕੂਕੇ ਜੱਥੇਦਾਰ ਹੀਰਾ ਸਿੰਘ ਲਹਿਣਾ ਸਿੰਘ ਨੂੰ ਉਮੀਦ ਸੀ ਹਿੰਦੂ ਉਨ੍ਹਾਂ ਦੀ ਮਦਦ ਲਈ ਅੱਗੇ ਆਉਣਗੇ ਪਰ ਮੁਰਦੇ ਕਦੀ ਨਹੀਂ ਜਾਗਦੇ। ਜੱਥੇਦਾਰ ਨੇ ਖੁੱਲ੍ਹਾ ਐਲਾਨ ਕੀਤਾ ਜਿਸ ਨੇ ਜਾਣਾ ਹੈ ਚਲੇ ਜਾਏ ਅਸੀਂ ਤਾਂ ਜੀਵਨ ਰੇਖਾ ਮਿਟਾਣ ਆਏ ਹਾਂ। 66 ਭਾਈ ਤੇ ਦੋ ਮਾਈਆਂ ਨੇ 16 ਜਨਵਰੀ ਸ਼ੇਰਪੁਰ ਥਾਣੇ ਆਤਮ ਸਮਰਪਣ ਕਰ ਦਿੱਤਾ।

ਡੀ ਸੀ ਕਾਵਨ ਦੇ ਹੁਕਮ ਨਾਲ ਬਰਸਾਤੀ ਮੌਸਮ ਵਿਚ ਸ਼ੇਰਪੁਰ ਤੋਂ ਗੱਡਿਆਂ ਉੱਤੇ ਸ਼ਹੀਦੀ ਜੱਥਾ ਦੁਪਹਿਰ ਬਾਦ ਨਿਯਤ ਮੈਦਾਨ ਜਮਾਲਪੁਰ (ਮਲੇਰ ਕੋਟਲਾ) ਦੇ ਰਕੜ ਵਿਚ ਪੁਜਾਇਆ ਗਿਆ। ਰਿਆਸਤਾਂ ਦੀ ਫੌਜ ਤੇ ਨੌਂ ਤੋਪਾਂ ਤਿਆਰ ਸਨ। ਜਿਨ੍ਹਾਂ ਵਿਚ ਸੱਤ ਗੋਲੇ ਛੱਡਣ ਲਈ ਤਿਆਰ ਸਨ। ਸਿੰਘਾਂ ਨੇ ਅੰਤਿਮ ਇੱਛਾ ਦੱਸੀ ਕੇ ਉਹ ਤੋਪਾਂ ਸਾਹਮਣੇ ਖੜ੍ਹੇ ਹੋ ਕੇ ਮੌਤ ਨਾਲ ਵਿਆਹ ਕਰਨਗੇ। ਸੱਤ ਸੱਤ ਸਿੰਘਾਂ ਦੇ ਸੱਤ ਜੱਥੇ ਛੱਪੜ ਤੋਂ ਸਣੇ ਕੱਪੜੇ ਸ਼ਨਾਨ ਕਰਕੇ ਪੁਰਜਾ ਪੁਰਜਾ ਕੱਟ ਮਰੇ। ਬਾਲਕ ਬਿਸ਼ਨ ਸਿੰਘ ਨੂੰ ਬੇਰਹਿਮੀ ਨਾਲ ਕਤਲ ਕੀਤਾ ਗਿਆ। ਡੀ ਸੀ ਕਾਵਨ ਨੇ ਕਿਹਾ ਸੀ—ਕਹਿ ਦੇ ਗੁਰੂ ਰਾਮ ਸਿੰਘ ਦਾ ਸਿੱਖ ਨਹੀਂ, ਛੱਡ ਦੇਂਦਾ ਹਾਂ। ਕਾਵਨ ਦੀ ਲੰਮੀ ਦਾਹੜੀ ਫੜ ਕੇ ਬਿਸ਼ਨ ਸਿੰਗ ਨੇ ਅੱਖ ਦੇ ਪਲਕਾਰੇ ਵਿਚ ਹੇਠਾਂ ਡੇਗ ਲਿਆ। ਕਸਾਈਆਂ ਨੇ ਪਹਿਲਾਂ ਬਾਹਾਂ ਵੱਢ ਕੇ ਫੇਰ ਸਿਰ ਕਲਮ ਕਰਕੇ ਸ਼ਹੀਦ ਕੀਤਾ। ਇਸ ਤਰ੍ਹਾਂ 17 ਜਨਵਰੀ ਦੀ ਸ਼ਾਮ 50 ਕੂਕੇ ਸ਼ਹੀਦ ਹੋ ਕੇ ਆਸਮਾਨ ਦੇ ਤਾਰੇ ਬਣ ਚੁੱਕੇ ਸਨ। ਕਿਸੇ ਦਾ ਨਾਮ ਪਤਾ ਵੀ ਦਰਜ ਕਰਨ ਦੀ ਕਾਵਨ ਨੂੰ ਲੋੜ ਨਹੀਂ ਸੀ। ਹਰੇਕ ਗੋਰਾ ਅਫਸਰ ਬਾਅਖ਼ਤਿਆਰ ਸੀ ਤੇ ਉਸਦਾ ਹੁਕਮ ਹੀ ਕਾਨੂੰਨ ਸੀ।

ਅਗਲੀ ਸਵੇਰ ਕਮਿਸ਼ਨਰ ਫਾਰਸੀਥ ਨੇ ਆ ਕੇ ਕਾਵਨ ਦੀ ਕਾਰਵਾਹੀ ਉੱਤੇ ਮੋਹਰ ਲਗਾਈ ਤੇ ਬਾਕੀ 16 ਦੇ ਨਾਮ ਗ੍ਰਾਮ ਲਿਖ ਕੇ ਤੋਪਾਂ ਨਾਲ ਉਡਾ ਕੇ ਵੇਹਲਾ ਹੋਇਆ। ਦੋ ਮਾਈਆਂ ਨੂੰ ਪਟਿਆਲਾ ਸਰਕਾਰ ਦੇ ਹਵਾਲੇ ਕੀਤਾ। ਜੋ ਤਿੰਨ-ਤਿੰਨ ਸਾਲ ਜੇਲ੍ਹ ਦੀ ਚੱਕੀਆਂ ਪੀਂਹਦੀਆਂ ਰਹੀਆਂ। ਏਨਾਂ ਦੋ ਜਿੰਦਾਂ ਸ਼ਹੀਦ ਮਾਈ ਇੰਦ ਕੌਰ ਤੇ ਖੇਮ ਕੌਰ ਨੇ ਸਾਰਾ ਸ਼ਹੀਦੀ ਸਾਕਾ ਜਗ ਜਾਹਿਰ ਕੀਤਾ ਸੀ। ਸਭ ਤੋਂ ਪਹਿਲਾਂ ਕਾਲਾ ਸਿੰਘ ਨੇ ਕਵਿਤਾ ਵਿਚ ਸੰਨ 1914 ਵਿਚ ਛਪਵਾਇਆ ਸੀ।

ਅਲਵਿਦਾ ਭੈਣੀ ਸਾਹਿਬ

ਸਤਿਗੁਰੂ ਜੀ ਨੇ ਸ਼ਹੀਦ ਜੱਥੇ ਦੇ ਤੁਰਨ ਸਮੇਂ ਹੀ ਮੇਲੇ ਉੱਤੇ ਕਾਨੂੰਨੀ ਸ਼ਾਂਤੀ ਰੱਖਿਆ ਲਈ ਆਏ ਪੁਲਸ ਅਫਸਰ ਸਰਫਰਾਜ ਖਾਂ ਨੂੰ ਜੱਥੇ ਵੱਲੋਂ ਕੀਤੀ ਜਾਣ ਵਾਲੀ ਕਿਸੇ ਵੀ ਕਾਰੇ ਪ੍ਰਤੀ ਇੰਤਜਾਮ ਕਰਨ ਲਈ ਕਹਿ ਦਿੱਤਾ ਸੀ। ਸਰਫਰਾਜ ਖਾਂ ਨੇ

Sri Satguru Jagjit Singh Ji eLibrary NamdhariElibrary@gmail.com

ਸਾਰਜੈਂਟ ਨੂੰ ਜੱਥੇ ਦੇ ਮਗਰ ਘਲਿਆ। ਜਦੋਂ ਮਸਤਾਨੇ ਪਟਿਆਲਾ ਰਿਆਸਤ ਦੀ ਹੱਦ ਵਿਚ ਦਾਖਿਲ ਹੋ ਗਏ ਤਾਂ ਉਹ ਮੁੜ ਆਇਆ। ਸਰਫਰਾਜ ਲਈ ਉਸਦੇ ਇਲਾਕੇ ਵਿਚੋਂ ਬਲਾ ਟੱਲ ਗਈ ਸੀ। 15 ਜਨਵਰੀ ਨੂੰ ਸੂਬਾ ਲੱਖਾ ਸਿੰਘ ਨੂੰ ਲੁਧਿਆਣੇ ਖ਼ਬਰ ਕਰਨ ਲਈ ਭੇਜਿਆ ਲਿਖਿਆ ਹੋਇਆ ਹੈ। ਸਰਕਾਰੀ ਦਸਤਾਵੇਜਾਂ ਅਨੁਸਾਰ ਲੱਭ ਕੇ ਕੈਦ ਕੀਤਾ ਲਿਖਿਆ ਗਿਆ ਹੈ।

ਡੀ ਸੀ ਕਾਵਨ ਸਾਰੇ ਚਾਲੇ ਦੇਖ ਕੇ ਕਿਸੇ ਵੱਡੇ ਕਾਰੇ ਦੀ ਉਡੀਕ ਵਿਚ ਬੈਠਾ ਸੀ। ਮਲੋਧ ਦੀ ਖ਼ਬਰ ਪ੍ਰਾਪਤ ਕਰਕੇ ਵੀ ਉਸਨੇ ਹੋਰ ਅਫਸਰਾਂ ਨਾਲ ਸਲਾਹ ਮਸ਼ਵਰੇ ਦਾ ਢੌਂਗ ਬਣਾਇਆ। ਉਸਨੇ ਨਾਇਬ ਤਹਿਸੀਲਦਾਰ ਲਹਿਣਾ ਸਿੰਘ ਨੂੰ ਭੇਜ ਕੇ ਗੁਰੂ ਜੀ ਨੂੰ ਮਲੋਧ ਬੁਲਾਇਆ। ਸੋਲ੍ਹਾਂ ਜਨਵਰੀ ਗੁਰੂ ਜੀ ਉੱਥੇ ਪੁੱਜੇ ਤਾਂ ਵਾਪਸ ਤੋਰ ਦਿੱਤਾ। ਬਾਰਸ਼ ਹੋਣ ਕਾਰਣ ਗੁਰੂ ਜੀ ਸਿਆਹੜ ਪਿੰਡ ਰੁਕ ਗਏ। ਉੱਥੇ ਕੂਕਿਆਂ ਨੂੰ ਤੋਪਾਂ ਨਾਲ ਉਡਾਏ ਜਾਣ ਦੀ ਸੂਚਨਾ ਮਿਲੀ। ਬਾਰਸ਼ ਬੰਦ ਹੋਣ ਤੋਂ ਬਾਦ ਗੁਰੂ ਜੀ ਪੰਜ ਸੂਬਿਆਂ ਸਮੇਤ 17 ਜਨਵਰੀ ਰਾਤ ਭੈਣੀ ਸਾਹਿਬ ਪੁੱਜੇ। ਬਚਨ ਕੀਤਾ ਚੰਗਾ ਹੋਇਆ ਚੜ੍ਹ ਗਏ ਨਹੀਂ ਤਾਂ ਬੇਸਿਦਕੇ ਹੋ ਜਾਂਦੇ। ਉੱਥੇ ਰਹਿੰਦੇ ਸਿੰਘਾਂ ਨੂੰ ਕਿਹਾ ਨਿਕਲ ਜਾਉ ਜੁਲਮ ਹਨ੍ਹੇਰੀ ਆ ਰਹੀ ਹੈ।

ਕਾਲੀ ਕੰਬਲੀ ਦੀ ਬੁੱਕਲ (ਸਤਿਜੁਗ ਸੰਕੋਚ)

ਅੱਧੀ ਰਾਤ ਨੂੰ ਥਾਣੇਦਾਰ ਗੁਲਾਬ ਸਿੰਘ ਚਾਰ ਸਿਪਾਹੀਆਂ ਨਾਲ ਫਿਰੰਗੀ ਹੁਕਮ ਲੈ ਕੇ ਆਇਆ। ਗੁਰੂ ਜੀ ਨੇ ਗੁਰਦਿੱਤ ਸਿੰਘ ਤੋਂ ਗੱਡਾ ਤਿਆਰ ਕਰਾਇਆ। ਸਿਰ ਤੇ ਊਨੀ ਦਸਤਾਰ ਸਜਾਈ। ਮਾਈ ਕਰਮੋ ਦੀ ਲਿਆਂਦੀ ਕਾਲੀ ਲੋਈ ਉਚੇਚੀ ਮੰਗਵਾ ਕੇ ਬੁੱਕਲ ਮਾਰ ਲਈ। ਨਾਲ ਨਾਨੂੰ ਸਿੰਘ ਨੂੰ ਸੇਵਾ ਲਈ ਲਿਆ। ਸੂਬਾ ਸਾਹਿਬ ਸਿੰਘ ਤੇ ਸੂਬਾ ਜਵਾਹਰ ਸਿੰਘ ਗੱਡੇ ਉੱਤੇ ਨਾਲ ਤੁਰੇ। ਕਾਲੀ ਬੋਲ਼ੀ ਰਾਤ ਵਿਚ ਜਾਂਦਿਆਂ ਦੇ ਪਰਛਾਵੇਂ ਵੀ ਨਜ਼ਰ ਨਹੀਂ ਸੀ ਆ ਰਹੇ। ਵਿਦਾ ਕਰਨ ਵਾਲਿਆਂ ਦੀ ਅੱਖਾਂ ਪਥਰਾ ਗਈਆਂ। ਸਤਿਜੁਗ ਦੀ ਕਾਰ ਕਾਲੀ ਬੁੱਕਲ ਵਿਚ ਸਮੇਟ ਕੇ ਸਤਿਜੁਗ ਦਾ ਸੌਦਾਗਰ ਕਲਜੁਗੀ ਜੁਲਮ ਦੇ ਅਣਕਿਆਸੇ ਮੰਜਰ ਛੱਡ ਕੇ ਜਾ ਰਿਹਾ ਸੀ ਅਣਪਛਾਤੀ ਮੰਜਲਾਂ ਵੱਲ।

ਲੁਧਿਆਣੇ ਪਹੁੰਚਣ 'ਤੇ ਟੀਡੀ ਫੋਰਸੀਥ ਨੇ ਬਿਆਨ ਲਏ। ਜਰੂਰੀ ਕਾਰਵਾਈਆਂ ਕਰਕੇ ਸਵੇਰੇ ਚਾਰ ਵਜੇ ਸਪੈਸ਼ਲ ਗੱਡੀ ਵਿਚ ਗੋਰਖਾ ਤੇ ਮੁਸਲਮਾਨ ਗਾਰਦਾਂ ਦੀ ਨਿਗਰਾਨੀ ਵਿਚ ਅਲਾਹਾਬਾਦ ਤੋਰ ਦਿੱਤਾ। ਅਲਾਹਾਬਾਦ ਤੋਂ ਆਪ ਨੂੰ 10 ਮਾਰਚ ਨੂੰ ਕਲਕੱਤੇ ਤੋਰ ਦਿੱਤਾ। 11 ਮਾਰਚ 1872 ਆਨੰਦਾ ਜਹਾਜ ਤੇ ਭਾਈ ਨਾਨੂੰ ਸਿੰਘ ਦੇ ਨਾਲ ਰੰਗੂਨ ਤੋਰ ਦਿੱਤਾ ਗਿਆ। ਅਲਾਹਾਬਾਦ ਵਿਚ ਮਗਰੋਂ ਸੂਬਾ ਕਾਹਨ ਸਿੰਘ, ਬ੍ਰਹਮਾ ਸਿੰਘ, ਰੂੜ ਸਿੰਘ, ਹੁਕਮਾ ਸਿੰਘ, ਮਾਨ ਸਿੰਘ, ਮਲੂਕ ਸਿੰਘ, ਪਹਾੜਾ ਸਿੰਘ ਅਤੇ ਮੰਗਲ ਸਿੰਘ ਬਿਸ਼ਨਪੁਰਾ ਵੀ ਪੁਜਾਏ ਗਏ ਸਨ। ਸੂਬਾ ਲੱਖਾ ਸਿੰਘ ਨੂੰ ਸਤਿਗੁਰਾਂ, ਸੂਬਿਆਂ ਤੇ ਸੇਵਕ ਨਾਲ ਹੀ ਲੁਧਿਆਣੇ ਤੋਂ ਤੋਰਿਆ ਗਿਆ ਸੀ।

Sri Satguru Jagjit Singh Ji eLibrary NamdhariElibrary@gmail.com

ਗਵਰਨਰ ਜਨਰਲ ਲਾਰਡ ਮੇਯੋ ਦਾ ਵਿਚਾਰ ਸੀ ਕੇ ਸਾਰੇ ਕੂਕੇ ਮੁਖੀਆਂ ਨੂੰ ਸਜ਼ਾ-ਏ-ਮੌਤ ਦਿੱਤੀ ਜਾਏ। ਉਹ ਅੰਡੇਮਾਨ ਨਿਕੋਬਾਰ ਗਿਆ ਤੇ ਇਕ ਕੈਦੀ ਹੱਥੋਂ ਮਾਰਿਆ ਗਿਆ। ਅੰਗਰੇਜੀ ਸਰਕਾਰ ਦੇ ਪੰਜ ਸੌ ਕਾਨੂੰਨਾਂ ਵਿਚੋਂ ਕੋਈ ਵੀ ਲਾਗੂ ਨਾ ਹੋਂਦਾ ਦੇਖ ਕੇ ਬਿਨਾਂ ਮੁਕੱਦਮਾ ਚਲਾਏ 1818 ਬੰਗਾਲ ਐਕਟ ਦੀ ਵਰਤੋਂ ਕੀਤੀ ਗਈ। ਅਲਾਹਾਬਾਦ ਸਤਿਗੁਰੂ ਜੀ ਤੋਂ ਡੇਰੇ ਦੀ ਸਪੁਰਦਗੀ ਬਾਰੇ ਪੁੱਛਿਆ ਗਿਆ ਸੀ। ਆਪ ਨੇ ਭਾਈ ਬੁੱਧ ਸਿੰਘ ਨੂੰ ਮਨੋਨੀਤ ਕੀਤਾ ਸੀ।

ਪਰਦੇਸ

ਸਤਿਗੁਰੂ ਜੀ ਤੇ ਨਾਨੂੰ ਸਿੰਘ ਨੂੰ 10 ਮਾਰਚ 1872 ਬਰਾਸਤਾ ਕਲਕੱਤਾ ਰੰਗੂਨ ਤੋਰਿਆ ਗਿਆ ਸੀ। ਬਾਬਾ ਜਵਾਹਰ ਸਿੰਘ, ਬ੍ਰਹਮਾ ਸਿੰਘ ਤੇ ਲੱਖਾ ਸਿੰਘ 30 ਦਿਸੰਬਰ 1872, ਮੌਲਮੀਨ ਬਰਮਾ ਭੇਜਿਆ ਗਿਆ। ਬਾਬਾ ਕਾਹਨ ਸਿੰਘ ਸਾਹਿਬ ਸਿੰਘ ਨੂੰ (12 ਫਰਵਰੀ 1873) ਅਦਨ ਭੇਜਿਆ ਗਿਆ।

1 ਦਿਸੰਬਰ 1872 ਸੂਬਾ ਮਾਨ ਸਿੰਘ, ਹੁਕਮ ਸਿੰਘ ਨੂੰ ਚਿਨਾਰ ਦੇ ਕਿਲ੍ਹੇ ਵਿਚ ਭੇਜਿਆ ਗਿਆ।

15 ਦਿਸੰਬਰ 1872 ਸੂਬਾ ਰੂੜ ਸਿੰਘ, ਪਹਾੜਾ ਸਿੰਘ-ਮਲੂਕ ਸਿੰਘ ਨੂੰ ਅਸੀਰ ਗੜ੍ਹ ਕਿਲ੍ਹੇ ਭੇਜਿਆ ਗਿਆ।

3 ਮਾਰਚ 1873 ਨੂੰ ਮੰਗਲ ਸਿੰਘ ਬਿਸ਼ਨਪੁਰੀ ਨੂੰ ਕੈਦ ਕਰਾਉਣ ਵਾਲੇ ਮਹਾਰਾਜਾ ਪਟਿਆਲਾ ਨੇ ਰਿਹਾ ਕਰਕੇ ਇਕ ਤੀਰ ਨਾਲ ਕਈ ਨਿਸ਼ਾਨੇ ਸਾਧ ਲਏ।

ਹੋਣੀ ਜੋ ਹੋਈ

1. ਸੂਬਾ ਸਾਹਿਬ ਸਿੰਘ	10 ਜੂਨ 1879 ਹਜਾਰੀ ਬਾਗ
2. ਸੂਬਾ ਪਹਾੜਾ ਸਿੰਘ	2 ਮਾਰਚ 1882 ਅਸੀਰਗੜ੍ਹ
3. ਸੂਬਾ ਜਵਾਹਰ ਸਿੰਘ	1882 ਮੌਲਮੀਨ ਬਰਮਾ
4. ਸੂਬਾ ਰੂੜ ਸਿੰਘ	1883 ਅਸੀਰਗੜ੍ਹ
5. ਸੂਬਾ ਲੱਖਾ ਸਿੰਘ	5 ਫਰਵਰੀ 1903 ਮਾਂਡਲੇ ਸ਼ਰੀਰ ਛੱਡਿਆ ਸੀ।
6. ਸੂਬਾ ਕਾਹਨ ਸਿੰਘ	ਵਾਪਸ ਘਰਾਂ ਦੀ ਨਜ਼ਰਬੰਦੀ
7. ਸੂਬਾ ਬ੍ਰਹਮਾ ਸਿੰਘ	
8. ਸੂਬਾ ਮਲੂਕ ਸਿੰਘ	
9. ਸੂਬਾ ਮਾਨ ਸਿੰਘ	
10. ਸੂਬਾ ਹੁਕਮਾ ਸਿੰਘ	

ਮਹਾਰਾਨੀ ਵਿਕਟੋਰੀਆ ਦੇ ਹਿੰਦ ਰਾਜ ਦੀ ਸਿਲਵਰ ਜੁਬਲੀ ਸਮੇਂ 18 ਮਾਰਚ 1887 ਨੂੰ ਰਿਹਾ ਕੀਤੇ ਗਏ। ਪੰਜਾਬ ਆ ਕੇ ਕੂਕਿਆਂ ਨਾਲ ਸੰਪਰਕ ਕਰਨ ਦੀ ਪੂਰਨ ਮਨਾਹੀ ਸੀ। ਦੇਸ ਆ ਕੇ ਪਰਦੇਸੀਆਂ ਵਾਂਗ ਚਲਾਣੇ ਦਾ ਇਤਿਹਾਸ ਵੀ ਦਸਤਾਵੇਜੀ ਨਾ ਬਣਿਆ।

Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਜੀ ਤੱਕ ਭਾਈ ਦਰਬਾਰਾ ਸਿੰਘ ਪਹਿਲੀ ਵਾਰ ਰੰਗੂਨ ਪੁੱਜਿਆ। ਉਹ ਜੁ ਹੁਕਮਨਾਮਾ ਲਿਆਇਆ ਜਿਸ ਵਿਚ ਲਿਖਿਆ ਹੈ—ਭਾਈ ਬੁੱਧ ਸਿੰਘ ਗੱਦੀ ਨਹੀਂ ਲਗਾਣੀ, ਭਜਨ ਨਹੀਂ ਦੇਣਾ, ਜੂਠਾ ਨਹੀਂ ਦੇਣਾ ਤੇ ਲੱਤਾਂ ਨਹੀਂ ਦਬਵਾਉਣੀਆਂ, ਜੇ ਦਬਵਾਵੇਂ ਤਾਂ ਜਨਾਨੇ ਤੋਂ ਨਾ ਦਬਵਾਈਂ। ਆਦਿਕ ਬਚਨ ਮੰਨਣ ਅਤੇ ਚਿੱਠੀ ਦਸੀਂ ਵੀਹ ਦਿਨੀਂ ਪੜ੍ਹਨ ਦਾ ਹੁਕਮ ਹੋਇਆ।

ਸਿੱਖਾਂ ਦੇ ਦਰਸ਼ਨ ਕਰਨ ਦਾ ਸਿਲਸਿਲਾ ਤੁਰ ਪਿਆ। ਪੰਜਾਬ ਵਿਚ ਹੁਕਮਨਾਮੇ ਜੱਗ ਜਾਹਿਰ ਹੋਏ ਤਾਂ ਪਕੜ ਧਕੜ ਹੋਈ। ਰੰਗੂਨ ਸਖ਼ਤੀਆਂ ਵੱਧ ਗਈਆਂ। ਸਤਿਗੁਰੂ ਜੀ ਤੇ ਭਾਈ ਨਾਨੂੰ ਸਿੰਘ ਨੂੰ ਸਿਤੰਬਰ 1880 ਵਿਚ ਰੰਗੂਨ ਤੋਂ ਮੋਹਗਈ ਭੇਜਿਆ ਗਿਆ। ਅਕਤੂਬਰ 1881 ਵਿਚ ਭਾਈ ਨਾਨੂ ਸਿੰਘ ਸਤਿਗੁਰੂ ਜੀ ਨੂੰ ਇਕੱਲਿਆਂ ਛੱਡ ਆਇਆ। ਅਗਲੇ ਚਾਰ ਸਾਲ ਸਤਿਗੁਰੂ ਜੀ ਨੇ ਕਿਵੇਂ ਗੁਜਾਰੇ ? ਕੌਣ ਜੁਆਬ ਦੇਵੇਗਾ ? 25 ਨਵੰਬਰ 1885 ਨੂੰ ਸਤਿਗੁਰੂ ਜੀ ਨੂੰ ਬੀਆਬਾਨ ਜੰਗਲਾਂ ਵਿਚ ਭੇਜ ਦਿੱਤਾ ਗਿਆ ਜਿੱਥੇ ਅੰਨ ਪਾਣੀ ਦਾ ਵੀ ਕੋਈ ਇੰਤਜਾਮ ਨਹੀਂ ਸੀ। 29 ਨਵੰਬਰ ਨੂੰ ਦੇਹਾਂਤ ਦਾ ਸਮਾਚਾਰ ਪੰਜਾਬ ਭੇਜਿਆ ਗਿਆ। ਪਰ ਅੰਗਰੇਜ ਸਰਕਾਰ ਅਤੇ ਦਸਤਾਵੇਜ ਇਸਦੀ ਪੁਸ਼ਟੀ ਨਹੀਂ ਕਰ ਸਕੇ। ਨੇਹਕਲੰਕ ਸਤਿਗੁਰੂ ਜੀ ਅਨੁਸਾਰ ਆਪ ਛੇ ਮਹੀਨੇ ਜੰਗਲਾਂ ਵਿਚ ਵਿਚਰੇ। ਗੁਟਕਾ-ਗੜਵਾ ਆਦਿਕ ਗੁਪਤ ਦਬੇ ਪਏ ਹਨ ਜੋ ਆਪ ਪ੍ਰਗਟ ਕਰਨ ਦਾ ਬਚਨ ਹਜੂਰ ਨੇ ਕੀਤਾ ਹੈ। ਭੈਣੀ ਸਾਹਿਬ ਅਤੇ ਕੂਕਾ ਪੰਥ ਉੱਤੇ ਹੋਏ ਜੁਲਮੋਂ ਸਿਤਮ ਦੀ ਪ੍ਰਮਾਣਿਕਤਾ ਮਈ 1923 ਤੱਕ ਪੁਲਿਸ ਚੌਂਕੀ ਦੀ ਕਾਇਮੀ ਨਾਲ ਤਰਾਸ਼ੀ ਜਾ ਸਕਦੀ ਹੈ।

ਕਵਲ ਭੂਤਨ ਪ੍ਰਕਾਸ ਹੀ ਬੱਪ ਬਾਰਵਾ ਬੰਸ॥
ਕੁਸੂ ਦਿਜਵਰ ਉਦੈ ਹੈ ਲਉ ਕਿਰਣ ਸਹੰਸ॥੧੪॥
ਯਾਹੀ ਕੁਲ ਤੇ ਪ੍ਰਗਟ ਹੋਇ ਤਾਹੀ ਕੁਲਕੋਨਾਮੁ
ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਣਾਮ॥੧੫॥
ਅਠਤਾਲੀ ਸਭ ਬਰਖ ਹੋਇ ਉਪਰ ਬਰਖ ਸਤਾਨਵੇਂ।
ਤਬ ਦੁਆਦਸ ਗੁਰਿੰਡ ਜੀ ਬਪਧਾਰੈ ਯਾ ਜਗਤ ਮੇਂ॥੧੬॥

Sri Satguru Jagjit Singh Ji eLibrary NamdhariElibrary@gmail.com

ਕੂਕਾ ਕ੍ਰਾਂਤੀ ਤੇ ਫਿਰੰਗੀ ਫਿਤਰਤ

1. ਸਤਿਗੁਰੂ ਰਾਮ ਸਿੰਘ ਨੂੰ ਸੁਤੰਤਰਤਾ ਸੰਗਰਾਮ ਦਾ ਮੋਢੀ ਸਵੀਕਾਰ ਕਰਾਉਣ ਲਈ ਉਹ ਲਿਖਤੀ ਤੇ ਪ੍ਰਮਾਣਿਕ ਪ੍ਰਚਾਰ ਨਹੀਂ ਹੋਇਆ ਜਿਸਦੀ ਮੀਡੀਆ ਯੁਗ ਵਿਚ ਬਹੁਤ ਲੋੜ ਹੈ। ਆਜਾਦੀ ਦੀ ਏਸ ਲੜਾਈ ਦੀ ਸ਼ੁਰੂਆਤ ਦੇ ਸਥਾਨ ਅਤੇ ਕਰਤਾ ਦੀ ਦਿਬ ਦ੍ਰਿਸ਼ਟੀ ਬਾਰੇ ਅੰਗਰੇਜੀ ਦਸਤਾਵੇਜ਼ਾਂ ਵਿਚ ਵੀ ਹੈਰਾਨੀ ਦਰਜ ਕੀਤੀ ਗਈ ਹੈ।

2. ਕਾਂਗਰਸ ਇਤਿਹਾਸਕਾਰਾਂ ਨੇ ਸੁਦੇਸ਼ੀ ਪ੍ਰਚਾਰ ਨੂੰ ਸਵੀਕਾਰ ਕੀਤਾ ਹੈ। ਇਹ ਵੀ ਸਵੀਕਾਰ ਕੀਤਾ ਹੈ ਕਿ ਕੂਕਾ ਲਹਿਰ ਵਿਚ ਬਦੇਸ਼ੀ ਕੋਰਟ, ਸਕੂਲ, ਡਾਕ ਆਦਿਕ ਦਾ ਬਹਿਸ਼ਕਾਰ ਸਫਲਤਾ ਨਾਲ ਕੀਤਾ ਗਿਆ। ਯਾਦ ਰਹੇ ਈਸਟ ਇੰਡੀਆ ਕੰਪਨੀ ਵਪਾਰਕ ਸੰਸਥਾ ਸੀ ਜਿਸਨੇ ਵਿਉਪਾਰ ਵਿਸਤਾਰ ਕਰਦੇ ਹੋਏ ਐਡੇ ਵੱਡੇ ਦੇਸ਼ ਵਿਚ ਰਾਜ ਕਾਇਮ ਕਰ ਲਿਆ। ਸੰਨ 1857 ਦੇ ਗ਼ਦਰ ਤੋਂ ਬਾਦ ਸੰਨ 1862 ਵਿਚ ਹੀ ਮਲਕਾ ਵਿਕਟੋਰੀਆ ਦਾ ਰਾਜ ਭਾਰਤ ਵਿਚ ਕਾਇਮ ਹੋਇਆ। ਉਸ ਵੇਲੇ ਕੂਕਾ ਲਹਿਰ ਦੀ ਸਮਾਨਾਂਤਰ ਸਰਕਾਰ ਦੀ ਕਾਰਜ ਸ਼ੈਲੀ ਪ੍ਰਚਲਿਤ ਹੋ ਗਈ ਸੀ।

3. ਸਿਵਲ ਨਾ-ਫੁਰਮਾਨੀ ਜਾਂ ਅਵੱਗਿਆ ਅੰਦੋਲਨ ਦੇ ਪੂਰੇ ਪ੍ਰਮਾਣ ਜੁਲਾਈ 1863 ਤੋਂ ਮਾਰਚ 1867 ਦੀ ਨਜ਼ਰ ਬੰਦੀ ਤੋਂ ਬਾਦ ਆਨੰਦਪੁਰ ਸਾਹਿਬ ਹੋਲਾ ਮਹੱਲਾ ਦੇ ਮੇਲੇ ਦੇ ਕਾਰਵਾਂ ਦੇ ਦਸਤਾਵੇਜੀ ਵੇਰਵਿਆਂ ਤੋਂ ਪ੍ਰਮਾਣਿਤ ਹਨ।

4. ਆਨੰਦ ਕਾਰਜ ਕਰਾਂਤੀ ਇਕ ਐਸੀ ਕ੍ਰਾਂਤੀ ਸੀ ਜਿਸ ਨੇ ਅੰਗਰੇਜ ਸਰਕਾਰ ਨੂੰ ਕੂਕਾ ਲਹਿਰ ਦੇ ਦਮਨ ਦਾ ਸਬਬ ਦਿੱਤਾ ਅਤੇ ਸਰਕਾਰ ਨੇ ਕਠੋਰ ਬੰਦਸ਼ਾਂ ਲਗਾਈਆਂ। ਜੇਕਰ ਅੰਗਰੇਜ ਸਮਾਜ ਸੁਧਾਰ ਦੇ ਇੱਛੁਕ ਹੋਂਦੇ ਤਾਂ ਅਜੇਹਾ ਐਕਸ਼ਨ ਨਾ ਲੈਂਦੇ। ਇਕ ਬਦੇਸ਼ੀ ਹੁਕਮਰਾਨ ਕਦੋਂ ਚਾਹੇਗਾ ਕਿ ਉਸਦੇ ਗ਼ੁਲਾਮ ਦੇਸ਼ ਵਿਚ ਜਾਗ੍ਰਤੀ ਆਏ।

5. ਸਿੱਖ ਕੌਮ ਦਾ ਭੈ ਅੰਗਰੇਜਾਂ ਨੂੰ ਸਦਾ ਹੀ ਬਣਿਆ ਰਿਹਾ। ਇਸ ਲਈ ਪੰਜਾਬ ਨੂੰ ਗ਼ੁਲਾਮ ਕਰਕੇ ਸਾਰੇ ਗੁਰਧਾਮਾਂ ਦੇ ਪ੍ਰਬੰਧ ਨੂੰ ਗ਼ੁਲਾਮ ਬਣਾਇਆ ਗਿਆ। ਕੂਕਾ ਲਹਿਰ ਦੇ ਖਿਲਾਫ਼ ਮਨਚਾਹੇ ਫਤਵੇ ਦਿਵਾਏ ਗਏ। ਮੇਲਿਆਂ ਵਿਚ ਕੂਕਿਆਂ ਨੂੰ ਨਿਹੰਗਾਂ-ਮਹੰਤਾਂ ਨਾਲ ਲੜਾ ਕੇ ਅਸ਼ਾਂਤੀ ਦੇ ਮਾਹੌਲ ਲਈ ਸਾਰੀ ਸਾਜਸ਼ਾਂ ਸਤਿਗੁਰੂ ਜੀ ਨੇ ਅਸਫ਼ਲ ਕਰ ਦਿੱਤੀਆਂ। ਮਹੰਤ ਗੁਰੂ ਭਗਤ ਦੀ ਥਾਂ ਫਿਰੰਗੀ ਭਗਤ ਬਣ ਗਏ।

6. ਗੁਰੂ ਧਾਮਾਂ ਦੇ ਪ੍ਰਬੰਧਕਾਂ ਦੇ ਅਨਾਚਾਰ ਦਾ ਸੰਕੇਤ ਗੁਰੂ ਜੀ ਨੇ ਲੋੜ ਪੈਣ 'ਤੇ ਸਭ ਥਾਂ ਦਿੱਤਾ। ਮਗਰੋਂ ਗੁਰਦੁਆਰਾ ਲਹਿਰ ਦੁਆਰਾ ਜੋ ਪਰਿਵਰਤਨ ਹੋਏ, ਉਸ ਵਿਚ ਅੰਗਰੇਜ ਸਰਕਾਰ ਨੇ ਮਹੰਤਾਂ ਪੁਜਾਰੀਆਂ ਦਾ ਹੀ ਪੱਖ ਪੂਰਿਆ।

7. ਸਤਿਗੁਰੂ ਰਾਮ ਸਿੰਘ ਜੀ ਨੇ ਸਭ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਨੂੰ ਪੱਥਰ ਦੇ ਛਾਪੇ ਤੇ ਦੀਵਾਨ ਬੂਟਾ ਸਿੰਘ ਦੇ ਲਾਹੌਰ ਪ੍ਰੈਸ ਵਿਚੋਂ ਛਪਵਾਇਆ। ਜੇਕਰ ਐਸੀ

Sri Satguru Jagjit Singh Ji eLibrary NamdhariElibrary@gmail.com

ਸ਼ੁਰੂਆਤ ਨਾ ਹੋਂਦੀ ਤਾਂ ਮਗਰੋਂ ਪ੍ਰੈਸ ਛਪਾਈ ਲਈ ਵੀ ਵਿਰੋਧ ਹੋ ਸਕਦਾ ਸੀ। ਸ਼੍ਰੋਮਣੀ ਕਮੇਟੀ ਨੇ ਪ੍ਰੈਸ ਲਗਾ ਕੇ 1430 ਪੰਨੇ ਦਾ ਬੰਧਾਨ ਸਵੀਕਾਰ ਕੀਤਾ ਹੈ।

8. ਕਾਬੁਲ ਦੇ ਸ਼ਹਿਜਾਦਿਆਂ ਦਾ ਭੈਣੀ ਸਾਹਿਬ ਆਉਣ ਦੀ ਖ਼ਬਰ ਨੇ ਅੰਗਰੇਜਾਂ ਨੂੰ ਚਮਤਕ੍ਰਿਤ ਕਰ ਦਿੱਤਾ। ਨੇਪਾਲ ਨਾਲ ਕੂਟਨੀਤਕ ਸੰਬੰਧ ਬਿਦੇਸ਼ਾਂ ਤੋਂ ਆਜਾਦੀ ਲਈ ਸਹਿਯੋਗ ਲੈਣ ਦੀ ਦੀਰਘ ਨੀਤੀ ਦਾ ਅੰਗ ਸੀ। ਕਸ਼ਮੀਰ ਵਿਚ ਕੂਕਾ ਰੈਜੀਮੈਂਟ ਅਤੇ ਫੌਜ-ਪੁਲਿਸ ਵਿਚ ਕੂਕਿਆਂ ਦਾ ਦਾਖਲਾ ਜੰਗੇ ਆਜਾਦੀ ਦਾ ਹੀ ਹਿੱਸਾ ਸਨ। ਨੇਤਾ ਜੀ ਸੁਭਾਸ਼ ਚੰਦਰ ਨੇ ਬਦੇਸ਼ੀ ਮਦਦ ਨਾਲ ਆਰਜੀ ਹਿੰਦ ਸਰਕਾਰ ਵੀ ਬਣਾਈ। ਆਜਾਦ ਹਿੰਦ ਫੌਜ ਦੀ ਕਮਾਨ ਸੰਭਾਲ ਕੇ ਕੋਹਿਮਾ ਪੁੱਜ ਕੇ ਦੇਸ ਪ੍ਰਵੇਸ਼ ਕੀਤਾ। ਰੂਸ ਕੋਲੋਂ ਮਦਦ ਲੈਣ ਦੇ ਜਤਨ ਕੂਕਾ ਲਹਿਰ ਦੇ ਕਾਮਯਾਬ ਨਾ ਹੋਏ ਅਤੇ ਨਾ ਹੀ ਨੇਤਾ ਜੀ ਸਫਲ ਹੋਏ।

9. ਮਲੇਰਕੋਟਲੇ ਦਾ ਸਾਕਾ ਕਰਕੇ ਮਸਤਾਨੇ ਸ਼ਹੀਦਾਂ ਨੇ ਸਮਰਪਨ ਕੀਤਾ ਤੇ ਤੋਪਾਂ ਅੱਗੇ ਉਡਾਏ ਗਏ। ਸਰਦਾਰ ਭਗਤ ਸਿੰਘ ਨੇ ਕੂਕਾ ਇਤਿਹਾਸ ਦੇ ਇਸ ਪੱਖ ਨੂੰ ਸਮਝ ਕੇ ਅਸੈਂਬਲੀ ਹਾਲ (ਸੰਸਦ ਭਵਨ) ਵਿਚ ਬੰਬ ਗੋਲੇ ਬੋਲਿਆਂ ਨੂੰ ਜਗਾਣ ਲਈ ਸੁੱਟ ਤੇ ਆਤਮ ਸਮਰਪਣ ਕੀਤਾ। ਕੋਰਟ ਵਿਚ ਆਪ ਨੇ ਲਿਖਤੀ ਬਿਆਨ ਨਾਲ ਸਭ ਦੇਕਪਾਟ ਖੋਲ੍ਹ ਕੇ ਹੀ ਫਾਂਸੀਆਂ ਦੇ ਰੱਸੇ ਚੁੰਮੇ।

10. ਕੰਪਨੀ ਰਾਜ ਵਿਚ 1857 ਦੇ ਗ਼ਦਰ ਨੂੰ ਕੁਚਲ ਕੇ ਦਹਿਸ਼ਤ ਫੈਲਾਣ ਲਈ ਪਿੰਡ ਪਿੰਡ ਵਿਚ ਦਰੱਖ਼ਤਾਂ ਨਾਲ ਫਾਂਸੀ ਦੇ ਕੇ ਲਾਸ਼ਾਂ ਲਟਕਾਈਆਂ ਗਈਆਂ ਸਨ, ਜਿਨ੍ਹਾਂ ਨੂੰ ਉਤਾਰਨ ਦਾ ਹੁਕਮ ਨਹੀਂ ਸੀ। ਕੂਕਾ ਗਦਰੀਆਂ ਨੂੰ ਬ੍ਰਿਟਿਸ਼ ਰਾਜ ਵਿਚ ਬਿਨਾਂ ਮੁਕੱਦਮਾ ਚਲਾਏ ਤੋਪਾਂ ਨਾਲ ਉਡਾ ਦਿੱਤਾ ਗਿਆ। ਮਗਰੋਂ ਕਾਮਾ ਗਾਟਾਮਾਰੂ ਦੇ ਜੋਧਿਆਂ ਨੂੰ ਕਲਕੱਤੇ ਬੇਰਹਿਮੀ ਨਾਲ ਭੁੰਨਿਆ ਗਿਆ। ਸੰਨ 1919 ਵੈਸਾਖੀ ਦੇ ਸਮੇਂ ਜਲ੍ਹਿਆਂ ਵਾਲੇ ਬਾਗ਼ ਦਾ ਖ਼ੂਨ ਖ਼ਰਾਬਾ ਕਿਸੇ ਕਾਨੂੰਨ ਅਧੀਨ ਨਹੀਂ ਸੀ। ਬ੍ਰਿਟਿਸ਼ ਸਰਕਾਰ ਤੋਂ ਅਜੇਹੇ ਜ਼ੁਲਮ ਕਰਨ ਵਾਲਿਆਂ ਨੂੰ ਸਦਾ ਇਨਾਮ ਤੇ ਤਗਮੇ ਦਿੱਤੇ ਗਏ। ਬ੍ਰਿਟਿਸ਼ ਨਿਆਂ ਦੀ ਸਿਫ਼ਤ ਕਰਨ ਵਾਲੇ ਦਿਮਾਗ਼ੀ ਗ਼ੁਲਾਮੀ ਦੇ ਸ਼ਿਕਾਰ ਹਨ।

ਕੂਕਿਆਂ ਉੱਤੇ ਜੁਲਮ ਹਨ੍ਹੇਰੀ ਚਲਾ ਕੇ ਅੰਗਰੇਜ ਸਰਕਾਰ ਨੇ ਸਾਰੇ ਪੰਜਾਬ ਨੂੰ ਚੇਤਾਵਨੀ ਦੇ ਦਿੱਤੀ ਕਿ ਫਿਰੰਗੀ ਰਾਜ ਵਿਚ ਗ਼ਦਰ ਕਰਨ ਦਾ ਕੀ ਹਸ਼ਰ ਹੋ ਸਕਦਾ ਹੈ। ਕਮਿਸ਼ਨਰ ਫੋਰਸਿਥ ਅਪਨੀ ਤੇ ਕਾਵਨ ਦੀ ਕਾਰਵਾਹੀ ਨੂੰ ਸਮੇਂ ਦੀ ਲੋੜ ਸਿੱਧ ਕਰਦੇ ਹੋਏ 20 ਜਨਵਰੀ 1872 ਨੂੰ ਪੰਜਾਬ ਸਰਕਾਰ ਨੂੰ ਜੋ ਰਿਪੋਰਟ ਭੇਜੀ ਉਸਦਾ ਰੂਪਾਂਤਰ ਏਹ ਹੈ—

1. 19 ਜਨਵਰੀ ਨੂੰ ਮਲੋਦ ਵਿਚ ਪਕੜੇ ਗਏ ਚਾਰ ਦੋਸ਼ੀਆਂ ਨੂੰ ਮੁਕੱਦਮਾ ਸੁਣ ਸਜਾਏ ਮੌਤ ਦੀ ਥਾਂ ਉਮਰ ਕੈਦ (ਕਾਲੇ ਪਾਣੀ) ਦਿੱਤੀ ਹੈ। ਮੌਤ ਦੀ ਸਜਾਵਾਂ ਪਹਿਲਾਂ ਹੀ ਬਹੁਤ ਹੋ ਗਈਆਂ ਹਨ।

2. ਕੈਪਟਨ ਮੈਨਜੀਜ D.I.G. ਪੁਲਿਸ ਤੇ ਕੈਪਟਨ ਬੇਲੀ ਨੂੰ ਭੈਣੀ ਜਾ ਕੇ 17 ਆਦਮੀ ਗ੍ਰਿਫ਼ਤਾਰ ਕਰਕੇ ਲਿਆਂਦੇ ਹਨ। ਜਿਨ੍ਹਾਂ ਵਿਚੋਂ 13 ਸੂਬਿਆਂ ਨੂੰ ਅਲਾਹਾਬਾਦ

Sri Satguru Jagjit Singh Ji eLibrary NamdhariElibrary@gmail.com

ਭੇਜ ਦਿੱਤਾ ਗਿਆ ਹੈ। 122 ਆਦਮੀਆਂ ਨੂੰ ਤਾੜਨਾ ਕਰਕੇ ਘਰੋਂ ਘਰੀਂ ਭੇਜ ਦਿੱਤਾ ਹੈ। ਘਰ ਘਾਟ ਵੇਚ ਚੁੱਕੇ 50 ਆਦਮੀ ਭੈਣੀ ਹੀ ਆ ਗਏ ਸਨ।

3. ਇਸ ਸਮੇਂ ਭੈਣੀ ਵਿਚ ਮੈਂ ਕੁਝ ਪੁਲਿਸ ਤਾਇਨਾਤ ਕਰ ਦਿੱਤੀ ਹੈ।

4. ਪਿਛਲੇ ਹਫਤੇ ਇਰਦ ਗਿਰਦ ਕੂਕਿਆਂ ਦੇ ਕਈ ਜੱਥੇ ਘੁੰਮਦੇ ਰਹੇ ਹਨ। ਮਲੇਰ ਕੋਟਲੇ ਤੇ ਦੂਜੇ ਹਮਲੇ ਦੇ ਖ਼ਤਰੇ ਕਾਰਨ 100 ਪੁਲਸੀਆਂ ਦੀ ਨਵੀਂ ਤੈਨਾਤੀ ਕੀਤੀ ਗਈ ਹੈ।

5. ਇਕ ਐਕਸਟਰਾ ਅਸਿਸਟੈਂਟ ਕਮਿਸ਼ਨਰ ਨੂੰ ਉੱਥੇ ਲਗਾਉਣ ਲਈ ਕਹਿ ਦਿੱਤਾ ਹੈ। ਉਹ ਸਾਰੇ ਪ੍ਰਬੰਧਾਂ ਦੀ ਨਿਗਰਾਨੀ ਕਰੇਗਾ। ਫਿਲਹਾਲ ਨਰੈਣ ਸਿੰਘ ਨੂੰ ਓਥੇ ਭੇਜ ਦਿੱਤਾ ਹੈ।

6. ਗ਼ੁਲਾਮ ਮੁਹੰਮਦ ਖਾਨ ਬਿਨਾਂ ਛੁੱਟੀ ਲਏ ਕਲਕੱਤੇ ਚਲਾ ਗਿਆ ਹੈ। ਉਸਦਾ ਬੇਟਾ ਅਯੋਗ ਹੈ ਇਸ ਲਈ ਨਾਜ਼ਿਮ ਦੇ ਹਵਾਲੇ ਸਾਰਾ ਪ੍ਰਬੰਧ ਕਰ ਦਿੱਤਾ ਹੈ।

7. ਗੁਰੂ ਰਾਮ ਸਿੰਘ ਨੇ ਭਾਵੇਂ ਇਸ ਗੜਬੜ ਬਾਰੇ ਦੱਸ ਦਿੱਤਾ ਸੀ ਅਤੇ ਇਹ ਮੰਨਿਆ ਸੀ ਕਿ ਏਹ ਲੋਕ ਉਸਦੀ ਆਗਿਆ ਤੋਂ ਬਾਹਰ ਹਨ। ਲਗਭਗ 100 ਆਦਮੀਆਂ ਨੇ ਗਿਆਨਾ ਸਿੰਘ ਦਾ ਬਦਲਾ ਲੈਣ ਲਈ ਕੋਟਲੇ 'ਤੇ ਧਾਵਾ ਕੀਤਾ ਸੀ। ਪਰ ਗੁਰੂ ਰਾਮ ਸਿੰਘ ਵੱਲੋਂ 13 ਦੀ ਸੂਚੀ ਹੀ ਦਿੱਤੀ ਗਈ ਸੀ। ਡਿਪਟੀ ਇੰਸਪੈਕਟਰ ਸਰਫਰਾਜ ਦੇ ਕਹਿਣ ਤੇ ਗੁਰੂ ਰਾਮ ਸਿੰਘ ਨੇ ਗਲੇ ਵਿਚ ਪੱਲਾ ਪਾ ਕੇ ਉਨ੍ਹਾਂ ਨੂੰ ਘਰੋਂ ਘਰ ਜਾਣ ਲਈ ਬੇਨਤੀ ਕੀਤੀ ਸੀ। ਪਰ ਜੇਕਰ ਗੁਰੂ ਰਾਮ ਸਿੰਘ 11-12 ਜਨਵਰੀ ਨੂੰ ਏਹ ਖ਼ਬਰ ਦੇਂਦਾ ਤਾਂ ਠੀਕ ਸੀ। ਪਰ ਉਸਨੇ ਐਨ ਮੌਕੇ 'ਤੇ ਹੀ ਇਤਲਾਹ ਦਿੱਤੀ।

8. ਏਹ ਸਾਰੀ ਯੋਜਨਾ ਭੈਣੀ ਵਿਖੇ ਹੀ ਬਣਾਈ ਗਈ ਸੀ ਕਿ ਕੋਟਲਾ ਕਮਜ਼ੋਰ ਰਿਆਸਤ ਹੈ। ਉਥੋਂ ਹਥਿਆਰ ਤੇ ਖਜਾਨਾ ਲੁੱਟ ਕੇ ਜੀਂਦ, ਨਾਭਾ ਤੇ ਪਟਿਆਲਾ ਜਾਇਆ ਜਾ ਸਕੇਗਾ।

9. ਲੱਖਾ ਸਿੰਘ ਨੂੰ ਸਾਰੀ ਜਾਣਕਾਰੀ ਸੀ। ਪ੍ਰਮੁੱਖ ਸੂਬੇ ਦੀ ਹੈਸੀਅਤ ਵਿਚ ਉਹ ਸਾਰੀ ਇੱਤਲਾਹ ਦੇ ਸਕਦਾ ਸੀ। ਅਤੇ ਇਸ ਖ਼ੂਨ ਖ਼ਰਾਬੇ ਤੋਂ ਬਚਿਆ ਜਾ ਸਕਦਾ ਸੀ।

10. ਪਿਛਲੇ ਹਫ਼ਤੇ ਅਤੇ ਪਿਛਲੇ ਸਾਲ ਦੀਆਂ ਕੂਕਿਆਂ ਦੀਆਂ ਕਾਰਵਾਹੀਆਂ ਤੋਂ ਅਨੁਮਾਨ ਲੱਗਦਾ ਹੈ ਕਿ ਕੂਕਾ ਖ਼ਤਰਨਾਕ ਫਿਰਕਾ ਹੈ। ਜਿਨ੍ਹਾਂ ਉੱਤੇ ਕੂਕਿਆਂ ਦੇ ਮੁਖੀਆਂ ਦਾ ਪ੍ਰਭਾਵ ਨਹੀਂ ਹੈ। ਇਸ ਲਈ ਇਨ੍ਹਾਂ ਦੇ ਇਕੱਠਾਂ ਉੱਤੇ ਪਾਬੰਦੀ ਲਗਾ ਦੇਣੀ ਚਾਹੀਦੀ ਹੈ। 10-12 ਤੋਂ ਵੱਧ ਕੂਕਿਆਂ ਦੇ ਇਕੱਠ ਦੀ ਆਗਿਆ ਨਾ ਦਿੱਤੀ ਜਾਵੇ।

11. ਲੁਧਿਆਣੇ ਨੂੰ ਹਾਲੀਂ ਵੀ ਫੌਜੀ ਨਿਗਰਾਨੀ ਵਿਚ ਰੱਖਣਾ ਚਾਹੀਦਾ ਹੈ ਅਤੇ ਏਥੇ ਫੌਜ ਰੱਖਣਾ ਜਰੂਰੀ ਹੈ।

12. ਮਿ. ਕਾਵਨ ਨੇ ਚੰਗਾ ਕੰਮ ਕੀਤਾ ਹੈ ਪਰ ਸਰਸਰੀ ਮੁਕੱਦਮਾ ਨਾ ਚਲਾ ਕੇ ਕਾਹਲੀ ਕੀਤੀ ਹੈ। ਜਦੋਂ ਮੇਰੀ ਚਿੱਠੀ ਮਿਲੀ ਤਾਂ ਉਸਨੇ ਬਾਕੀ ਬੰਦਿਆਂ ਦੇ ਮੁਕੱਦਮੇ ਲਈ ਅਗਲੇ ਦਿਨ ਪਾ ਦਿੱਤਾ।

Sri Satguru Jagjit Singh Ji eLibrary NamdhariElibrary@gmail.com

13. ਕਰਨਲ ਬੇਲੀ ਅਤੇ ਕੈਪਟਨ ਮੈਨਜੀਜ ਨੇ ਕਾਫੀ ਸ਼ਲਾਘਾਯੋਗ ਕੰਮ ਕੀਤਾ ਹੈ। ਇਸੇ ਤਰ੍ਹਾਂ ਮਹਾਰਾਜਾ ਪਟਿਆਲਾ, ਨਾਭਾ ਅਤੇ ਜੀਂਦ ਦਾ ਸਹਿਯੋਗ ਵੀ ਸ਼ਲਾਘਾਯੋਗ ਹੈ।

14. ਹੁਣ ਇਥੇ ਯੂਰਪੀ ਫੌਜ ਰੱਖਣ ਦੀ ਲੋੜ ਨਹੀਂ। ਇਸ ਨੂੰ ਜਲੰਧਰ ਭੇਜ ਦਿੱਤਾ ਜਾਏ। ਏਥੇ ਕੇਵਲ ਗੋਰਖਾ ਫੌਜ ਰਹਿਣ ਦਿੱਤੀ ਜਾਏ।

15. ਮੈਂ ਅੰਬਾਲੇ ਵਾਪਿਸ ਜਾ ਰਿਹਾ ਹਾਂ।

16. ਤੁਹਾਡਾ ਤਾਰ ਮਿਲਣ ਉਪਰੰਤ ਇਹ ਦੱਸਿਆ ਜਾਂਦਾ ਹੈ ਕੇ 16 ਹੋਰਨਾਂ ਨੂੰ ਕੋਟਲੇ ਮੌਤ ਦੀ ਸਜਾ ਦਿੱਤੀ ਗਈ ਹੈ। ਚਾਰ ਨੂੰ ਉਮਰ ਕੈਦ ਤੇ ਦਸ ਨੂੰ ਛੱਡ ਦਿੱਤਾ ਗਿਆ ਹੈ।

ਏਸ ਤਰ੍ਹਾਂ ਦੀ ਖ਼ਾਨਾਪੂਰਤੀ ਕਰਕੇ ਕੂਕਿਆਂ ਉੱਤੇ ਜੋ ਜ਼ੁਲਮ ਲਹਿਰ ਚਲਾਈ ਗਈ ਉਸ ਵਿਚ ਪਹਿਲਾਂ ਮਰਨ ਕਬੂਲ ਕਰ ਜੀਵਨ ਕੀ ਛੱਡ ਆਸ—ਦੇ ਧਾਰਨੀ ਕੂਕਿਆਂ ਬਾਰੇ ਦਰਜ ਹੋਇਆ "ਕੂਕਾ ਝੂਠ ਨਹੀਂ ਬੋਲਦਾ। ਕੂਕਾ ਅੰਗਰੇਜ ਸਰਕਾਰ ਦਾ ਵਫ਼ਾਦਾਰ ਨਹੀਂ ਹੋ ਸਕਦਾ। ਕੂਕਾਂ ਸ਼ੁੱਧ ਜੀਵਨ ਅਤੇ ਸਦਾਚਾਰ ਦਾ ਧਾਰਨੀ ਹੋਂਦਾ ਹੈ।"

ਥਿਤ ਖਸਟਮੀ ਸੁਰ ਗੁਰਵਾਰਾ। ਭਸਮੰਤ ਨਗਰ ਸਤਲੁਧਰ ਕਿਨਾਰਾ।
ਸਾਹਿਬਨਾਮ ਮਹਾ ਬਨ ਬੀਰੰ। ਪੂਰਣ ਪੁਰਖ ਗੁਣਵੰਤ ਗੰਭੀਰੰ॥
ਸਵੇਤ ਸਿੰਘ ਧਰ ਰੂਪ ਦਿਖਾਵੈ। ਦਾਮਨ ਗਰਜ ਸ਼ਬਦ ਮੁਖ ਆਵੇ।
ਤੇਜ ਤੁਰਕ ਕੋ ਐਸੇ ਜਾਈ। ਜੈਸੇ ਘਾਸ ਕੋ ਅਗਨ ਲਗਾਈ।
ਸਾਹਿਬ ਐਸੀ ਸਕਤਿ ਪਠਾਵੈ। ਸੁੰਨਤ ਕਰੀ ਤੁਰਕਨ ਅੰਗ ਲਾਵੈ।
ਵੋਹ ਕਾਟੈ ਵੋਹ ਪੁਨ ਲਗ ਜਾਵੈ। ਤੇਜ ਜੋਤ ਐਸੇ ਬਲ ਪਾਵੈ।
ਸਿਰਧਰ ਕੇਸਨ ਕੰਠੇਮਾਲਾ। ਦੀਨ ਦਿਜਨਕਾ ਹੋਇ ਰਖਵਾਲਾ।
ਧਨੁਖ ਬਾਣ ਲੈ ਅਸੁਰ ਸੰਘਾਰੇ। ਸਭ ਮਲੇਛ ਕੋ ਮੂਲ ਉਖਾਰੇ।
ਮੋਰ ਮੁਕਟ ਪੀਤੰਬਰ ਗਾਜੈ। ਸ਼ਾਮ ਰੂਪ ਹੋਇ ਘਨੀਆਰ ਗਾਜੈ।
ਸੁਤੇ ਪ੍ਰਕਾਸ਼ ਚਰਿਤ ਹੋਇ ਏਹੀ। ਆਦਿ ਜੁਗਾਦਿ ਕੀ ਧਾਰ ਦੇਹੀ।
ਕਲਿਯੁਗ ਤੇ ਸਤਿਜੁਗ ਕਰਠਾਨੋ। ਤਬ ਹੀ ਬਾਰਵਾਂ ਬੱਪ ਪਹਿਚਾਨ॥
(ਦੋਹੇ 17-27)

ਹੁਕਮਨਾਮੇ ਵਾਰਤਾ

ਸਤਿਗੁਰੂ ਰਾਮ ਸਿੰਘ ਜੀ ਅਤੇ ਬਾਕੀ ਸੇਵਕ ਸੂਬਿਆਂ ਨਾਲ ਕੀ ਹੋਈ ਬੀਤੀ ਇਸ ਦਾ ਕੋਈ ਸਮਾਚਾਰ ਨਾਮਧਾਰੀ ਪੰਥ ਨੂੰ ਨਹੀਂ ਸੀ। ਅਲਾਹਾਬਾਦ ਤੋਂ ਡੇਰੇ ਦੀ ਸੰਭਾਲ ਬਾਰੇ ਸਤਿਗੁਰੂ ਰਾਮ ਸਿੰਘ ਜੀ ਦੀ ਰਾਏ ਪੁੱਛ ਕੇ ਡੇਰਾ ਭਾਈ ਬੁੱਧ ਸਿੰਘ (ਮਹਾਰਾਜ ਹਰੀ ਸਿੰਘ) ਦੇ ਸਪੁਰਦ ਕਰ ਦਿੱਤਾ ਗਿਆ। ਭੈਣੀ ਸਾਹਿਬ ਦੇ ਡੇਰੇ ਵਿਚ ਘਰ ਦੇ ਬੂਹੇ ਅੱਗੇ ਪੁਲਿਸ ਚੌਂਕੀ ਬਿਠਾ ਦਿੱਤੀ ਗਈ ਸੀ। ਭੈਣੀ ਸਾਹਿਬ ਡੇਰੇ ਵਿਚ ਇਕ ਵਾਰੀ ਕੇਵਲ ਪੰਜ ਨਾਮਧਾਰੀ ਹੀ ਪੁਲਿਸ ਨੂੰ ਨਾਮ ਪਤਾ ਦਰਜ ਕਰਾ ਕੇ ਆ ਸਕਦੇ ਸਨ। ਵੈਸੇ ਤਾਂ ਬਹੁਤੇ ਨਾਮਧਾਰੀਆਂ ਨੂੰ ਆਪਣੇ ਪਿੰਡ ਦੇ ਚੌਕੀਦਾਰ ਜਾਂ ਨੰਬਰਦਾਰ ਨੂੰ ਪਿੰਡੋਂ ਬਾਹਰ ਜਾਣ ਦੀ ਇਤਲਾਹ ਦੇਣੀ ਪੈਂਦੀ ਸੀ। ਵੱਖ-ਵੱਖ ਸਾਕਿਆਂ ਵਿਚ ਸ਼ਹੀਦ ਹੋਣ ਵਾਲੇ ਤੇ ਕਾਲੇ ਪਾਣੀ ਭੇਜੇ ਗਏ ਕੂਕਿਆਂ ਦੇ ਘਰ ਬਾਰ ਜਬਤੀ ਕਰਕੇ ਸਰਕਾਰ ਨੇ ਲੁੱਟ ਲਏ। ਬਹੁਤੇ ਪਰਿਵਾਰ ਜੱਦੀ ਪਿੰਡ ਛੱਡ ਕੇ ਸ਼ਾਂਤੀ ਨਾਲ ਜਿਊਣ ਲਈ ਹੋਰ ਥਾਂਵਾਂ 'ਤੇ ਜਾ ਕੇ ਗੁਮਨਾਮੀ ਵਿਚ ਜੀ ਰਹੇ ਸਨ।

ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਸੂਚਨਾ ਪ੍ਰਾਪਤ ਕਰਨ ਲਈ ਕੂਕਿਆਂ ਦਾ ਭੈਣੀ ਸਾਹਿਬ ਆਉਣਾ ਸੌਖਾ ਨਹੀਂ ਸੀ। ਪਰੰਤੂ ਚੇਤੰਨ ਹਿਰਦੇ ਆਪਣੇ ਤੌਰ 'ਤੇ ਇਸ ਖੋਜ ਖ਼ਬਰ ਵਿਚ ਜਰੂਰ ਲੱਗੇ ਰਹੇ। ਫਿਰੋਜਪੁਰ ਦੇ ਸਿਦਕੀ ਜੋੜੇ ਹਰਨਾਮ ਸਿੰਘ ਤੇ ਚੰਦੋ ਨੇ ਸਤਿਗੁਰੂ ਜੀ ਨੂੰ ਮਿਲਣ ਲਈ ਇਜਾਜਤ ਸੰਨ 1875 ਸ਼ੁਰੂ ਵਿਚ ਪ੍ਰਾਪਤ ਕਰ ਲਈ। ਰੰਗੂਨ ਬਰਮਾ ਜਾ ਕੇ ਉਥੋਂ ਦੇ ਅਧਿਕਾਰੀਆਂ ਤੋਂ ਮੁਲਾਕਾਤ ਦੀ ਆਗਿਆ ਲੈਣ ਦੀ ਸ਼ਰਤ ਸੀ। ਰਾਏਪੁਰ ਦਾ ਦਰਬਾਰਾ ਸਿੰਘ ਸਰਦਾਰੀ ਭੇਖ ਵਿਚ ਹੀ ਰਹਿੰਦਾ ਸੀ। ਜੀਵਨ ਕ੍ਰਾਂਤੀ ਤੋਂ ਬਾਦ ਉਹ ਕੂਕਾ ਬਣ ਕੇ ਵੀ ਬਹੁਤਾ ਆਪਣੇ ਕੰਮਾਂਕਾਰਾਂ ਵਿਚ ਰੁੱਝਿਆ ਰਹਿੰਦਾ ਸੀ। ਏਹ ਵੀ ਸਾਇਦ ਸਤਿਗੁਰੂ ਜੀ ਦੀ ਦਿੱਬ ਦ੍ਰਿਸ਼ਟੀ ਸੀ ਕੇ ਬਾਬਾ ਦਰਬਾਰਾ ਸਿੰਘ ਨੂੰ ਕਿਸੇ ਕਿਸਮ ਦੇ ਪੰਥਕ ਕਾਰਜਾਂ ਨਾਲ ਕਦੀ ਨਾ ਜੋੜਿਆ ਗਿਆ। ਜਿਵੇਂ ਭਾਈ ਬੁੱਧ ਸਿੰਘ ਨੂੰ ਅੰਮ੍ਰਿਤਸਰ-ਰਾਏਕੋਟ ਦੇ ਸਾਕਿਆਂ ਤੋਂ ਬਾਦ ਹੀ ਹਲ ਪੰਜਾਲੀ ਗੱਡਾ ਛੁਡਾ ਕੇ ਡੇਰੇ ਵਿਚੋਂ ਲੰਗਰ ਛਕਣ ਦਾ ਹੁਕਮ ਦਿੱਤਾ ਗਿਆ ਸੀ।

ਦਰਬਾਰਾ ਸਿੰਘ ਨੂੰ ਕੰਮ-ਕਾਰਾਂ ਕਰਕੇ ਲੁਧਿਆਣਾ ਜਿਲ੍ਹੇ ਦੇ ਅਫਸਰਾਂ ਨਾਲ ਮਿਲਣਾ ਪੈਂਦਾ ਸੀ। ਇਕ ਵਾਰ ਉਹ ਪੁਲਿਸ ਐਸ.ਪੀ. ਬਾਰਬਟਨ ਦੀ ਕੋਠੀ ਲੁਧਿਆਣੇ ਮਿਲਣ ਲਈ ਰਿਵਾਜ ਅਨੁਸਾਰ ਡਾਲੀ ਲੈ ਕੇ ਗਿਆ। ਘਰ ਉਸ ਦੀ ਕਾਸ਼ਮੀਰਨ ਮੇਮ ਸੀ। ਦਰਬਾਰਾ ਸਿੰਘ ਨੇ ਬੜੀ ਆਜਜੀ ਨਾਲ ਮੇਮ ਦਾ ਹਿਰਦਾ ਦ੍ਰਵਿਤ ਕਰ ਲਿਆ। ਮੇਮ ਨੇ ਦੱਸ ਦਿੱਤਾ ਕਿ ਸਤਿਗੁਰੂ ਰਾਮ ਸਿੰਘ ਜੀ ਨੂੰ ਇਕ ਸੇਵਕ ਨਾਲ ਰੰਗੂਨ ਦੇ ਡਾਕ ਬੰਗਲੇ ਵਿਚ ਰੱਖਿਆ ਗਿਆ ਹੈ। ਮੇਮ ਨੇ ਏਹ ਵੀ ਸਮਝਾ ਦਿੱਤਾ ਕੇ ਉਹ ਸਾਧਾਰਨ ਸਿੱਖ ਭੇਖ ਵਿਚ ਕੰਮਕਾਰ ਦੀ ਤਲਾਸ਼ ਦੇ ਬਹਾਨੇ ਨਾਲ ਕਲਕੱਤੇ ਜਾਏ ਤੇ ਉਥੋਂ ਬ੍ਰਿਟਿਸ਼ ਬਰਮਾ ਰੰਗੂਨ ਚਲਾ ਜਾਏ।

Sri Satguru Jagjit Singh Ji eLibrary NamdhariElibrary@gmail.com

ਏਹ ਸੂਚਨਾ ਪ੍ਰਾਪਤ ਕਰਕੇ ਬਾਬਾ ਦਰਬਾਰਾ ਸਿੰਘ ਪੱਜ ਪਾਕੇ ਭੈਣੀ ਸਾਹਿਬ ਪੁੱਜਿਆ। ਮਹਾਰਾਜ ਬੁੱਧ ਸਿੰਘ ਜੀ ਨਾਲ ਸਾਰੀ ਸੂਚਨਾ ਸਾਂਝੀ ਕੀਤੀ ਤੇ ਚਿੱਠੀ ਪੱਤੀ ਲੈ ਕੇ ਸਫ਼ਰ ਦੀ ਸਫਲਤਾ ਦੀ ਅਸੀਸ ਲਈ। ਰਾਏ ਕੋਟ ਆ ਕੇ ਸਰਦਾਰ ਦਰਬਾਰਾ ਸਿੰਘ ਪਹਿਲਾਂ ਪਟਿਆਲੇ ਧੀ ਨੂੰ ਮਿਲਣ ਗਿਆ। ਉਥੋਂ ਅੰਬਾਲੇ ਜਾ ਕੇ ਕਲਕੱਤੇ ਦੀ ਰੇਲ ਗੱਡੀ ਤੇ ਸਵਾਰ ਹੋ ਗਿਆ। ਸਾਧਾਰਣ ਜਟਕੇ ਭੇਖ ਵਿਚ ਉਹ ਰੰਗੂਨ ਪੁੱਜ ਗਿਆ ਅਤੇ ਸੂਚਨਾ ਅਨੁਸਾਰ ਸਤਿਗੁਰੂ ਜੀ ਦੀ ਸ਼ਾਮ ਦੀ ਸਵਾਰੀ ਦੀ ਉਡੀਕ ਵੱਡੇ ਬਾਜਾਰ ਜਾਂ ਸੜਕ ਤੇ ਕਰਨ ਲੱਗਾ। ਸ਼ਾਮ ਨੂੰ ਦਰਸ਼ਨ ਹੋਏ। ਦੂਰੋਂ ਨਮਸਕਾਰ ਕੀਤੀ ਤੇ ਮਗਰੇ ਆਉਣ ਦਾ ਸੰਕੇਤ ਮਿਲਿਆ। ਡਾਕ ਬੰਗਲੇ ਆ ਕੇ ਸਤਿਗੁਰੂ ਜੀ ਦੇ ਇਸ਼ਾਰੇ ਸਦਕਾ ਦੂਰ ਹੀ ਰੁਕ ਗਿਆ। ਜਿਸ ਵੇਲੇ ਦੇਸੀ ਬੰਦਿਆਂ ਦੀ ਡਿਊਟੀ ਆਈ ਤਾਂ ਇਜਾਜਤ ਲੈ ਕੇ ਡਾਕ ਬੰਗਲੇ ਵਿਚ ਸਾਮ ਦੇ ਝੁਰਮੁਟੇ ਵਿਚ ਦਾਖਿਲ ਹੋਇਆ। ਬਰਾਂਡੇ ਵਿਚ ਭਾਈ ਨਾਨੂੰ ਸਿੰਘ ਨੂੰ ਉੱਚੀ ਸਾਰੀ ਰਹਿਰਾਸ ਦਾ ਪਾਠ ਕਰਨ ਨੂੰ ਲਗਾ ਕੇ ਸਤਿਗੁਰੂ ਜੀ ਸਿੱਖ ਨੂੰ ਲੈ ਕੇ ਅੰਦਰ ਚਲੇ ਗਏ। ਏਸ ਸਮੇਂ ਦਾ ਵੈਰਾਗੀ ਮੇਲਾ ਅੱਖਰਾਂ ਤੋਂ ਬਾਹਿਰ ਹੈ। ਕੋਈ ਅੰਤਰ ਦ੍ਰਿਸ਼ਟੀ ਵਾਲਾ ਹੀ ਅਨੁਭਵ ਕਰ ਸਕਦਾ ਹੈ।

ਸਤਿਗੁਰੂ ਜੀ ਨੇ ਆਪਣੀ ਕੈਦ ਯਾਤਰਾ ਦੇ ਬਚਨ ਕੀਤੇ ਅਤੇ ਕਿਹਾ—ਤੁਸੀਂ ਤਾਂ ਸਾਡੀ ਗੁਆਚੀ ਵੱਛੀ ਜਿੰਨੀ ਭਾਲ ਵੀ ਨਹੀਂ ਕੀਤੀ। ਤਦ ਭਾਈ ਦਰਬਾਰਾ ਸਿੰਘ ਦਾ ਬੰਨ੍ਹ ਟੁੱਟ ਗਿਆ ਤੇ ਉਸਨੇ ਅਰਜ ਕੀਤੀ ਤੇ ਦੱਸਿਆ ਸੱਚੇ ਪਾਤਸ਼ਾਹ ਤੇਰੇ ਘਰ ਪਰਿਵਾਰ ਪੰਥ ਉੱਤੇ ਕੀਹ-ਕੀਹ ਜੁਲਮ ਹੋ ਰਹੇ ਹਨ। ਆਪਣੀ ਕੋਸ਼ਿਸ਼ਾਂ ਦਾ ਸੰਖੇਪ ਦੱਸ ਕੇ ਅਰਜ ਕੀਤੀ—ਗ਼ਰੀਬ ਨਿਵਾਜ ਆਪ ਦੀ ਮੇਹਰ ਨਾਲ ਹੀ ਆਪ ਦੀ ਖੋਜ ਦਾ ਇਹ ਯੱਗ ਸਫਲ ਹੋਇਆ ਹੈ। ਸਤਿਗੁਰੂ ਰਾਮ ਸਿੰਘ ਜੀ ਤੇ ਭਾਈ ਨਾਨੂੰ ਸਿੰਘ ਦੇ ਰੰਗੂਨ ਵਿਚ ਦਰਸ਼ਨ ਮੇਲੇ ਕਰਨ ਵਾਲਾ ਇਹ ਪਹਿਲਾ ਕੂਕਾ ਸੀ। ਬਾਬਾ ਦਰਬਾਰ ਸਿੰਘ ਨੂੰ ਗੁਰੂ ਚਰਣਾਂ ਦੀ ਛੋਹ ਪ੍ਰਾਪਤ ਹੋਈ ਤੇ ਪਹਿਲੀ ਵਾਰ ਹੁਕਮਨਾਮੇ (ਪੱਤਰ ਵਿਵਹਾਰ) ਦੀ ਸਫਲਤਾ ਮਿਲੀ।

"ਸਤਿਗੁਰੂ ਜੀ ਦਾ ਉਹ ਹੁਕਮਨਾਮਾ ਬਾਬਾ ਦਰਬਾਰਾ ਸਿੰਘ ਹੀ ਲਿਆਇਆ ਸੀ—ਜਿਸ ਵਿਚ ਆਦੇਸ਼ ਸੀ—ਭਾਈ ਬੁੱਧ ਸਿੰਘ ਗੱਦੀ ਨਹੀਂ ਲਾਣੀ, ਭਜਨ ਨਹੀਂ ਦੇਂਦਾ, ਜੂਠਾ ਨਹੀਂ ਦੇਣਾ। ਲੱਤਾਂ ਨਹੀਂ ਦਬਵਾਣੀਆਂ ਜੇ ਦਬਵਾਵੇਂ ਤਾਂ ਜਨਾਨੇ ਤੋਂ ਨਹੀਂ ਦਬਵਾਣੀਆਂ..." ਇਸ ਹੁਕਮਨਾਮੇ ਦਾ ਪੁਸਤਕ ਹੁਕਮਨਾਮੇ ਵਿਚ ਛਪਣ ਜਾਣਾ ਵੀ ਇਕ ਸਤਿਜੁਗੀ ਅਲੋਕਾਰ ਹੀ ਹੈ। ਏਸ ਹੁਕਮਨਾਮੇ ਵਿਚ ਵਿਸਤਾਰ ਨਾਲ ਡੇਰੇ ਦੇ ਜੀਆਂ, ਹੱਟੀ ਤੇ ਹੱਟੀ ਦੇ ਮੁਲਾਜਮਾਂ, ਲੈਣ ਦੇਣ ਤੇ ਡੰਗਰਾਂ ਬਾਰੇ ਵਿਸਤਾਰ ਨਾਲ ਆਦੇਸ਼ ਦਿੱਤੇ ਗਏ ਹਨ।

ਨਾਮਧਾਰੀ ਕਲਮਕਾਰਾਂ ਨੇ ਏਸ ਪਹਿਲੇ ਪੱਤਰ ਵਿਵਹਾਰ ਦੇ ਨਾਮ ਤੇ ਮਹਾਰਾਜ ਬੁੱਧ ਸਿੰਘ ਨੂੰ ਮਹਾਰਾਜ ਹਰੀ ਸਿੰਘ ਦਾ ਨਾਮ ਤੇ ਸਿਰਕਰਦਾ ਆਦਿਕ ਵਿਸ਼ੇਸ਼ਣ ਪ੍ਰਚਾਰਿਤ ਕਰ ਦਿੱਤੇ। ਰੰਗੂਨ ਦਾ ਪਤਾ ਲੱਗਣ ਤੇ ਬੈਰਾਗੀ ਹਿਰਦੇ ਜੋੜ ਜੁਗਾੜ ਕਰਕੇ ਰੰਗੂਨ ਜਾਣਾ ਸ਼ੁਰੂ ਹੋ ਗਏ। ਹੁਕਮਨਾਮੇ (ਪੱਤਰ ਵਿਵਹਾਰ) ਦੇ ਏਸ ਸਿਲਸਿਲੇ ਦੀ ਖ਼ਬਰ

Sri Satguru Jagjit Singh Ji eLibrary NamdhariElibrary@gmail.com

ਪੰਜਾਬ ਸਰਕਾਰ ਕੋਲ ਪੁੱਜੀ। ਉਧਰ ਰੰਗੂਨ ਸਰਕਾਰ ਨੂੰ ਸਖ਼ਤ ਤਾਕੀਦ ਕੀਤੀ ਗਈ। ਸਤਿਗੁਰੂ ਜੀ ਨੂੰ ਪੁੱਛ ਪੜਤਾਲ ਹੋਈ ਕੇ ਕੌਣ ਕੌਣ ਮਿਲਣ ਆਉਂਦਾ ਰਿਹਾ ਹੈ। ਪਹਿਰੇਦਾਰੀ ਦੀ ਸਖ਼ਤੀ ਵਧਾ ਦਿੱਤੀ ਗਈ। ਉਸ ਤੋਂ ਬਾਦ ਸਤਿਗੁਰੂ ਜੀ ਨੇ ਦੋ ਹੁਕਮਨਾਮਿਆਂ ਵਿਚ ਲਿਖਤੁਮ ਰਾਮ ਸਿੰਘ ਤੇ ਨਾਨੂੰ ਸਿੰਘ ਦੀ ਥਾਂ ਲਿਖਤੁਮ ਗੰਗਾ ਵਾਲਾ ਮਸਤਾਨਾ ਲਿਖਿਆ। ਇਸ ਤੋਂ ਬਾਦ ਆਪ ਨੇ ਆਪਣਾ ਨਾਮ ਦਿਆਲ ਸਿੰਘ ਤੇ ਭਾਈ ਨਾਨੂੰ ਸਿੰਘ ਦਾ ਨਾਮ ਕ੍ਰਿਪਾਲ ਸਿੰਘ ਲਿਖਦੇ ਹੋਏ ਭਾਈ ਬੁੱਧ ਸਿੰਘ ਦਾ ਨਾਮ ਹਰੀ ਸਿੰਘ ਲਿਖਣਾ ਸ਼ੁਰੂ ਕੀਤਾ। ਇਹ ਕੂਟ ਨਾਮ ਵਰਤੇ ਗਏ ਸਨ। ਮਹਾਰਾਜ ਬੁੱਧ ਸਿੰਘ ਜੀ ਮਹਾਰਾਜ ਹਰੀ ਸਿੰਘ ਜੀ ਦੇ ਨਾਮ ਨਾਲ ਜਰੂਰ ਜਗਤ ਪ੍ਰਸਿੱਧ ਹੋ ਗਏ।

ਹੁਕਮਨਾਮਿਆਂ ਦੀ ਸ਼ੁਰੂਆਤ ਹੋਣ ਨਾਲ ਨਾਮਧਾਰੀ ਪੰਥ ਦੇ ਬਾਗ਼ ਨੂੰ ਜਿਵੇਂ ਨਵਾਂ ਪਾਣੀ ਮਿਲਗਿਆ। ਜ਼ੋਰ ਜ਼ੁਲਮ ਤੋਂ ਸਹਿਮੇ ਕੂਕਿਆਂ ਵਿਚ ਨਵੀਂ ਰੂਹ ਪ੍ਰਵੇਸ਼ ਕਰ ਗਈ। ਭੈਣੀ ਸਾਹਿਬ ਜਾ ਕੇ ਸਤਿਗੁਰਾਂ ਦੀ ਖੋਜ ਖ਼ਬਰ ਲੈਣ ਦੇ ਸ਼ੌਕ ਨੇ ਭੈਣੀ ਸਾਹਿਬ ਡੇਰੇ ਦੀ ਮੁਸੀਬਤਾਂ ਨੂੰ ਵੀ ਜਰੂਰ ਵਧਾ ਦਿੱਤਾ। ਦਰਸ਼ਨ ਕਰਨ ਵਾਲੇ ਆਪਣੀ ਵਾਰੀ ਦੇ ਇੰਤਜਾਰ ਵਿਚ ਪਿੰਡ ਦੀ ਹੱਦ ਤੋਂ ਬਾਹਰ ਉਡੀਕਾਂ ਕਰਦੇ। ਰੰਗੂਨ ਜਾਣ ਵਾਲੇ ਤੇ ਜਾ ਕੇ ਆਉਣ ਵਾਲੇ ਅਮੂਮਨ ਭੈਣੀ ਸਾਹਿਬ ਜਰੂਰ ਆਉਂਦੇ ਸਨ। ਹੁਕਮਨਾਮਿਆਂ ਵਿਚ ਭੈਣੀ ਸਾਹਿਬ ਬਾਰੇ ਆਦੇਸ਼ ਹੋਂਦੇ ਸਨ ਤੇ ਉੱਥੋਂ ਦੇ ਸਮਾਚਾਰਾਂ ਦੀ ਪੁੱਛ ਹੋਂਦੀ ਸੀ।

ਹੁਕਮਨਾਮਿਆਂ ਦੇ ਇਸ ਸਿਲਸਿਲੇ ਨੇ ਸਤਿਗੁਰੂ ਜੀ ਤੇ ਭਾਈ ਨਾਨੂੰ ਸਿੰਘ ਨੂੰ ਸਿਤੰਬਰ ਸੰਨ 1880 ਵਿਚ ਰੰਗੂਨ ਤੋਂ ਮੋਰਮਈ ਭੇਜਣ ਲਈ ਸਰਕਾਰ ਨੂੰ ਮਜਬੂਰ ਕਰ ਦਿੱਤਾ। ਜਿਥੋਂ ਅਕਤੂਬਰ 1881 ਵਿਚ ਭਾਈ ਨਾਨੂੰ ਸਿੰਘ ਵੀ ਮੁੜ ਆਇਆ। ਅਖ਼ੀਰਲਾ ਸਿੱਖ ਯਾਤਰੂ ਭਾਈ ਮੀਹਾਂ ਸਿੰਘ ਸਰਹਾਲੀ ਸੀ ਜੋ ਰੂਸ ਸਰਕਾਰ ਦਾ ਪੱਤਰ ਉੱਤਰ ਦੇਣ ਮੋਰਮਈ ਗਿਆ ਸੀ।

ਮਹਾਰਾਜ ਹਰੀ ਸਿੰਘ ਦੇ ਸਮੇਂ ਵਿਚ ਅਰਦਾਸ ਦੇ ਰੂਪ ਵਿਚ ਚੰਡੀ ਦੀ ਵਾਰ ਦੀ ਪਹਿਲੀ ਪਉੜੀ ਹੀ ਪੜ੍ਹੀ ਜਾਂਦੀ ਸੀ। ਪਰੰਤੂ ਕੁਝ ਜਜ਼ਬਾਤੀ ਸਿੱਖਾਂ ਨੇ ਡੇਰੇ ਵਿਚ ਤੇ ਘਰਾਂ ਵਿਚ ਸਤਿਗੁਰੂ ਰਾਮ ਸਿੰਘ ਜੀ ਤੱਕ ਨਾਮ ਲੈਣ ਦਾ ਇਰਾਦਾ ਕੀਤਾ। ਇਸ ਵਿਵਾਦ ਨਿਪਟਾਰੇ ਲਈ ਸਤਿਗੁਰੂ ਰਾਮ ਸਿੰਘ ਜੀ ਪਾਸ ਰੰਗੂਨ ਬੇਨਤੀ ਭੇਜੀ ਗਈ। ਆਪ ਨੇ ਕੇਵਲ ਇਕ ਤੁਕ—ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਕਾਲ ਪੁਰਖ ਜੀ ਸਭ ਥਾਈਂ ਹੋਏ ਸਹਾਇ—ਜੋੜੀ ਸੀ। ਉਥੇ ਗਏ ਨਰੈਣ ਸਿੰਘ ਰੋਡੇ ਨੇ ਸੰਗਤ ਦੀ ਮਨਸ਼ਾ ਬਾਰੇ ਦੱਸਿਆ। ਸਤਿਗੁਰੂ ਜੀ ਦੇ ਹੁਕਮ ਲੈਣ ਲਈ ਉੱਥੇ ਗਏ ਸਿੱਖ ਨੇ ਅਰਜ ਕੀਤੀ ਕੇ ਅਸਾਂ ਆਪ ਦਾ ਨਾਮ ਜਰੂਰ ਲੈਣਾ ਹੈ। ਤਾਂ ਸਤਿਗੁਰਾਂ ਨੇ ਬਚਨ ਕੀਤਾ ਜੇਕਰ ਮੇਰਾ ਬਚਨ ਨਹੀਂ ਮੰਨਣਾ ਤਾਂ ਏਥੇ ਕੀ ਕਰਨ ਆਉਂਦੇ ਹੋ। ਮਾਰੋ ਟੱਕਰਾਂ! ਇਹ ਸਿਧਾਂਤ ਹੁਕਮਨਾਮੇ ਨਾਭੇ ਦੀ ਬੀੜ ਦੇ ਪ੍ਰਯੋਗ ਮੇਲੇ 1922 ਜਾਂ 23 ਵਿਚ ਮਹਾਰਾਜ ਪ੍ਰਤਾਪ ਸਿੰਘ ਨੇ ਸੰਤ ਸਤਿਗੁਰੂ ਕਿਲ੍ਹੇ ਵਾਲਿਆਂ ਅਤੇ ਸੰਗਤ ਸਾਹਮਣੇ ਖੋਹਲੇ ਸਨ। ਕਿਲ੍ਹੇ ਵਿਚ ਵਾਰ ਸ੍ਰੀ ਭਗਉਤੀ ਜੀ ਪਾਤਸ਼ਾਹੀ ਦਸ ਕਹਿ ਕੇ ਬਾਰਾਂ ਪਾਤਸ਼ਾਹੀਆਂ ਦਾ ਨਾਮ ਲਿਆ ਜਾਂਦਾ ਸੀ। ਉਥੇ ਹੀ ਸੰਤ ਜੀ ਮਹਾਰਾਜ ਨੇ ਚੌਰ ਕਰਵਾਉਣਾ ਬੰਦ ਕੀਤਾ ਅਤੇ

Sri Satguru Jagjit Singh Ji eLibrary NamdhariElibrary@gmail.com

ਅਰਦਾਸ ਪਾਤਸ਼ਾਹੀ ਦਸ ਤੱਕ ਸੀਮਤ ਕਰ ਦਿੱਤੀ। ਅੱਗੋਂ ਚੌਦਾਂ ਜਾਮੇ ਸਤਿਗੁਰੂ ਸਤਰ ਭਗਤਾ ਧਾਰ। ਚੌਰਾਸੀ ਜਾਮੇ ਪਹਿਰ ਕੇ ਕਲਜੁਗ ਕਰਹੁ ਉਧਾਰ॥—ਅਜਿਤੇ ਰੰਧਾਵੇ ਦੀ ਗੋਸਟਿ ਦਾ ਸਲੋਕ ਜੋੜ ਕੇ ਭਾਵਨਾ ਪੂਰਤੀ ਕਰ ਲਈ।

ਨਾਭੇ ਦੀ ਬੀੜ ਵਿਚ ਕਿਲ੍ਹੇ ਵਾਲੇ ਸੰਤ ਮਹਾਰਾਜ ਜੀ ਵੱਲੋਂ ਰਹਿਤ ਮਰਯਾਦਾ ਵਾਸਤੇ ਉਪਦੇਸ਼ ਹੋਂਦਾ ਸੀ। ਮਹਾਰਾਜਾ ਪਰਤਾਪ ਸਿੰਘ ਦੇ ਸੇਵਕਾਂ ਨੇ ਉਨ੍ਹਾਂ ਨੂੰ ਕਿਹਾ ਕੇ ਪਹਿਲਾਂ ਕਿਲ੍ਹੇ ਵਾਲਿਆਂ ਨਾਲ ਅਰਦਾਸੇ ਦਾ ਨਿਰਣਾ ਕਰੋ। ਨਿਰਣੇ ਦੇ ਨਤੀਜੇ ਵਿਚ ਕਿਲ੍ਹੇ ਵਾਲਿਆਂ ਦੀ ਸੰਗਤ ਵਿਚ ਗਿਆਰ੍ਹਵੀਂ ਤੇ ਬਾਹਰਵੀਂ ਪਾਤਸ਼ਾਹੀ ਦਾ ਨਾਮ ਲੈਣਾ ਵੀ ਹਟਾ ਦਿੱਤਾ ਗਿਆ। ਜਦਕੇ ਭੈਣੀ ਸਾਹਿਬ ਦੇ ਸੇਵਾਦਾਰਾਂ ਨੇ ਮਹਾਰਾਜ ਹਰੀ ਸਿੰਘ ਦਾ ਅਰਦਾਸ ਵਿਚ ਨਾਮ ਲੈਣ ਲਈ ਬਜਿੱਦ ਹੋ ਕੇ ਗੋਸਟਿ ਕਰਾਈ ਸੀ।

ਇਸ ਵਿੱਥ ਨੇ ਨਾਮਧਾਰੀ ਪੰਥ ਦੀ ਆਤਮ ਪ੍ਰਕਾਸ਼ ਦੀ ਧਾਰਾ ਅਤੇ ਸਿਆਸੀ ਨਜਰੀਏ ਨਾਲ ਪੰਥ ਪ੍ਰਬੰਧਕੀ ਦਾ ਸਪੱਸ਼ਟ ਵਿਭਾਜਨ ਕਰ ਦਿੱਤਾ। ਸੰਤ ਸਤਿਗੁਰੂ ਕਿਲ੍ਹੇ ਵਾਲਿਆਂ ਵੱਲੋਂ ਨੀਲੇ ਰੰਗ ਦੀ ਪ੍ਰਵਾਨਗੀ ਦਾ ਏਤਰਾਜ ਕੀਤਾ ਜਾਂਦਾ ਹੈ। ਪਰੰਤੂ ਸਤਿਗੁਰੂ ਰਾਮ ਸਿੰਘ ਜੀ ਪਰਦੇਸ ਜਾਣ ਲੱਗਿਆਂ ਉਚੇਚਾ ਕਾਲੀ ਕੰਬਲੀ ਦੀ ਬੁੱਕਲ ਮਾਰ ਕੇ ਕਿਉਂ ਗਏ, ਇਸ ਦਾ ਉੱਤਰ ਕੋਈ ਨਹੀਂ ਦੇ ਸਕਿਆ।

ਸੱਠ ਹੁਕਮਨਾਮਿਆਂ ਦੀ ਨਕਲ ਸੰਗ੍ਰਹਿ ਕਈ ਪੁਰਾਣੇ ਨਾਮਧਾਰੀਆਂ ਕੋਲ ਸੀ। ਸੰਤ ਨਿਧਾਨ ਸਿੰਘ ਆਲਿਮ ਦਾ ਸ਼ਗਿਰਦ ਬਣੇ ਟਹਿਲ ਸਿੰਘ ਫੱਕੜ ਕੋਲ ਵੀ ਅਜੇਹਾ ਉਤਾਰਾ ਸੀ। ਮਹਾਰਾਜ ਪਰਤਾਪ ਸਿੰਘ ਦੀ ਬਾਈਕਾਟ ਸਭ ਤੋਂ ਪਹਿਲਾਂ ਗਰੀਬ ਨਿਵਾਜ ਸੰਤ ਸਤਿਗੁਰੂ ਕਿਲ੍ਹੇ ਵਾਲਿਆਂ ਤੇ ਚਲੀ। ਸਮਾਂ ਪਾ ਕੇ ਇਹ ਬਾਈਕਾਟ ਸੰਤ ਨਿਧਾਨ ਸਿੰਘ ਆਲਿਮ ਤੇ ਟਹਿਲ ਸਿੰਘ ਫੱਕੜ ਉੱਤੇ ਵੀ ਚਲੀ। ਆਲਿਮ ਜੀ ਤਾਂ ਫੇਰ ਭਰਤੀ ਹੋ ਗਏ ਪਰ ਫੱਕੜ ਮੁੜ ਕੇ ਨਾ ਆਇਆ। ਸੰਨ 1938 ਈ. ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਭਾਈ ਵੀਰ ਸਿੰਘ ਦੀ ਪ੍ਰੈਸ ਵਿਚ—"ਅਰਦਾਸਾਂ ਬਾਬਾ ਰਾਮ ਸਿੰਘ" ਜਾਂ ਮਿਲਦੇ ਜੁਲਦੇ ਨਾਮ ਨਾਲ ਛਪਵਾਏ। ਸੰਨ 1944 ਵਿਚ ਪ੍ਰੋ. ਗੰਡਾ ਸਿੰਘ ਨੇ ਆਪਣੀ ਕਿਤਾਬ ਕੂਕਿਆਂ ਦੀ ਵਿਥਿਆ ਵਿਚ 54 ਹੁਕਮਨਾਮੇ ਛਾਪੇ ਹਨ। ਆਪਣੀ ਆਦਤ ਅਨੁਸਾਰ ਇਸ ਬੋਹੜ ਕਹੇ ਜਾਣ ਵਾਲੇ ਇਤਿਹਾਸਕਾਰ ਨੇ ਹੁਕਮਨਾਮਿਆਂ ਦੀ ਪ੍ਰਾਪਤੀ ਦੇ ਸ੍ਰੋਤ ਬਾਰੇ ਨਹੀਂ ਲਿਖਿਆ। ਸੰਪਾਦਕ ਹੁਕਮਨਾਮੇ ਸ੍. ਜਸਵਿੰਦਰ ਸਿੰਘ ਮੁਤਾਬਕ ਆਖੇਪਕਾਰੀ ਕੀਤੀ ਗਈ ਸੀ ਪਰ ਪੁਸ਼ਟ ਪ੍ਰਮਾਣ ਸੰਪਾਦਕੀ ਵਿਚ ਨਹੀਂ ਦਿੱਤੇ। ਸੰਭਵ ਹੈ ਫੱਕੜ ਵਾਲੀ ਛਪੀ ਪੁਸਤਕ ਵੀ ਉਸਦੀ ਪਹੁੰਚ ਤੇ ਨਜ਼ਰਾਂ ਵਿਚ ਆਈ ਹੋਵੇ।

ਸਾਡੇ ਤਾਇਆ ਸੰਤ ਭਗਤ ਸਿੰਘ ਜੀ ਕੋਲ 60 ਹੁਕਮਨਾਮਿਆਂ ਦੇ ਉਤਾਰੇ ਦੀ ਫਾਈਲ ਸੀ ਜੋ ਸੰਨ 1951 ਵਿਚ ਮਹਾਰਾਜ ਪ੍ਰਤਾਪ ਸਿੰਘ ਨੇ ਲੈ ਲਈ। ਹੋਰ ਸਭ ਥਾਵਾਂ ਤੋਂ ਅਜੇਹੀ ਸਾਰੀ ਨਕਲਾਂ ਇਕੱਤਰ ਕਰਨ ਲਈ ਰਸਾਲੇ ਸਤਿਜੁਗ ਵਿਚ ਅਪੀਲਾਂ ਛਪਦੀਆਂ ਰਹੀਆਂ ਹਨ। ਅਗਸਤ ਸੰਨ 1998 ਵਿਚ ਪੁਸਤਕ ਹੁਕਮਨਾਮੇ ਛਾਪ ਕੇ ਸੰਨ 1999 ਅੱਸੂ ਦੇ ਮੇਲੇ ਵਿਚ ਹੀ ਸੰਗਤ ਨੂੰ ਦਿੱਤੀ ਗਈ। ਅਜੇਹੇ ਸਾਰੇ ਸੰਸੇ ਭਰੇ

Sri Satguru Jagjit Singh Ji eLibrary NamdhariElibrary@gmail.com

ਕਾਰਜਕ੍ਰਮ ਨਾਮਧਾਰੀ ਦਰਬਾਰ ਪ੍ਰਕਾਸ਼ਨ ਦੀ ਆਖੇਪਕਾਰੀ ਵੱਲ ਧਿਆਨ ਖਿੱਚਦੇ ਹਨ।

ਸੰਨ 1930 ਦੇ ਸਤਿਜੁਗ ਦੇ ਬਸੰਤ ਅੰਕ ਵਿਚ ਸੰਪਾਦਕ ਇੰਦਰ ਸਿੰਘ ਚੱਕਰਵਰਤੀ ਨੇ ਗੁਰ ਅਵਤਾਰ ਸਿਰਲੇਖ ਨਾਲ 84 ਪੰਨਿਆਂ ਵਿਚ ਨਾਮਧਾਰੀ ਇਤਿਹਾਸ ਲਿਖਿਆ। ਇਸ ਵਿਚ ਦਰਜ ਕੀਤਾ ਕੇ ਉਸ ਕੋਲ ਹੁਕਮਨਾਮੇ ਸਾਂਭੇ ਹੋਏ ਹਨ। ਉਨ੍ਹਾਂ ਨੂੰ ਛਪਵਾਣਾ ਚਾਹੁੰਦਾ ਹੈ। ਇਹ ਵੀ ਲਿਖਿਆ ਕਿ ਇੰਨ-ਬਿੰਨ ਛਪਵਾਣੇ ਸੰਭਵ ਨਹੀਂ। ਕਰੀਬਨ ਪੰਜੀ ਸਾਲ ਬਾਦ ਮਾਲਵੇਂਦਰ ਮਹਾਂ ਕਾਵਿ ਛਪਿਆ। ਉਸ ਵਿਚ ਵੀ ਸਾਂਭੇ ਹੋਏ ਹੁਕਮਨਾਮਿਆਂ ਨੂੰ ਛਪਵਾਣ ਦੀ ਤੀਬਰ ਇੱਛਾ ਪਰਗਟ ਕੀਤੀ ਗਈ ਸੀ। ਸੰਨ 1938 ਦੇ ਸਤਿਜੁਗ ਦੇ ਬਸੰਤ ਅੰਕ ਵਿਚ ਉਪ-ਸੰਪਾਦਕ ਨੌਰੰਗ ਸਿੰਘ ਦੇ ਲੇਖ ਅਨੁਸਾਰ ਉਸਨੇ ਚਾਂਦੀ ਦੀ ਡੱਬੀਆਂ ਵਿਚ ਸੰਭਾਲੇ ਸਤਿਗੁਰੂ ਜੀ ਦੇ ਹੁਕਮਨਾਮੇ ਸਾਂਭੇ ਹੋਏ ਪੜ੍ਹੇ ਸਨ। ਉਸਨੇ ਮਹਾਰਾਜ ਪਰਤਾਪ ਸਿੰਘ ਜੀ ਨੂੰ ਛਪਵਾਣ ਦੀ ਬੇਨਤੀ ਦੀ ਗੱਲ ਵੀ ਲਿਖੀ ਸੀ। ਜਸਵਿੰਦਰ ਸਿੰਘ ਸੰਪਾਦਕੀ ਵਿਚ ਲਿਖਦਾ ਹੈ ਉਸਨੂੰ ਕਈ ਹੁਕਮਨਾਮੇ ਖੰਡਿਤ ਦਸ਼ਾ ਵਿਚ ਹੀ ਮਿਲੇ ਤੇ ਉਸਨੇ ਛਾਪੇ ਹਨ।

ਸਤਿਗੁਰੂ ਬਿਲਾਸ ਭਾਗ ਦੂਜਾ ਅਨੁਸਾਰ ਸਤਿਗੁਰੂ ਜੀ 70 ਹੁਕਮਨਾਮੇ ਭੇਜਣ ਦਾ ਬਚਨ ਭਾਈ ਨਾਨੂੰ ਸਿੰਘ ਨਾਲ ਕਰਦੇ ਹਨ। ਦੋ ਹੁਕਮਨਾਮੇ ਜੁਲਾਈ 1880 ਵਿਚ ਧੰਨਾ ਸਿੰਘ ਕੋਲੋਂ ਪਕੜੇ ਗਏ ਜੋ ਜਬਤ ਹੋ ਕੇ ਦਸਤਾਵੇਜਾਂ ਦਾ ਹਿੱਸਾ ਬਣ ਗਏ ਅਤੇ ਦਸਤਾਵੇਜਾਂ ਦੇ ਕਿਤਾਬੀ ਰੂਪ ਵਿਚ ਫੋਟੋਸਟੇਟ ਛਾਪੇ ਗਏ ਹਨ। ਇਹ ਸਤਿਗੁਰੂ ਰਾਮ ਸਿੰਘ ਜੀ ਦੀ ਪਵਿੱਤਰ ਨਿਜੀ ਕਲਮ ਤੇ ਹੁਕਮ ਦੇ ਪਵਿੱਤਰ ਦਰਸ਼ਨ ਹਨ। ਅਨੇਕ ਹੁਕਮਨਾਮੇ ਉਤਾਰੇ ਵੀ ਫੜੇ ਗਏ ਸਨ ਤੇ ਉਨ੍ਹਾਂ ਉਤਾਰਿਆਂ ਦੀ ਫੋਟੋਕਾਪੀਆਂ ਪ੍ਰਾਪਤ ਕਰਕੇ ਛਪਵਾਣ ਦਾ ਉੱਦਮ ਕੋਈ ਸੂਰਮਾ ਹੀ ਕਰੇਗਾ।

ਭਵਿਖਤਾਂ ਜੋ ਪੂਰੀਆਂ ਹੋਈਆਂ....
ਦੇਸ ਬੇਚ ਜਬ ਜਾਏ ਫਿਰੰਗੀ॥
ਨਾਚੇਂਗੇ ਤਬ ਮੋਰ ਭੁਝੰਗੀ॥
ਦਵਾਦਸ ਬਰਸਬਾਲ ਬਪਧਾਰਾ
ਨਾਰੀ ਤ੍ਰਿਕਟਾ ਬਿਆਹੀ ਬਾਰਾ॥
ਨੇਹਕਲੰਕ ਹੋਇ ਉਤਰਸੀ ਮਹਾਂਬਲੀ ਅਵਤਾਰ॥
ਸੰਤ ਰਛਿਆ ਜੁਗ ਜੁਗ ਕਰੇ ਦੁਸ਼ਟਾਂ ਕਰੇ ਸੰਘਾਰ॥

❑ ❑ ❑

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com



ਆਤਮਕਥਨ

ਬਾਬਾ ਤੁਲਸੀ ਦਾਸ ਵਸ਼ਿਸ਼ਟ ਮੁਨੀ ਰਾਹੀਂ ਭਰਤ ਜੀ ਨੂੰ ਜਗਤ ਵਰਤਾਰੇ ਦਾ ਸਿਧਾਂਤ ਸਮਝਾਂਦੇ ਹਨ-

ਹੇ ਭਰਤ ਭਾਈ ਪ੍ਰਬਲ ਬਿਲਖ ਕਹੀ ਮੁਨੀ ਨਾਥ ॥
ਜੀਵਨ ਮਰਨ ਹਾਣੀ ਲਾਭ ਯਸ਼ ਅਪਯਸ ਵਿਧੀ ਹਾਰ ॥

ਮੇਰੇ ਜੀਵਨ ਦਾ ਬੰਧਾਨ ਤਾਂ ਕਿਲ੍ਹਾ ਸੂਬਾ ਸਿੰਘ ਵਿਚ ਹੀ ਮਾਤਾ ਪ੍ਰਕਾਸ਼ ਕੌਰ ਦੀ ਕੋਖ ਵਿਚ ਬਣ ਚੁੱਕਿਆ ਸੀ। ਜਨਮ ਤੋਂ ਇਕ ਮਹੀਨਾ ਪਹਿਲਾਂ ਪਰਿਵਾਰ ਦੇ ਦੋ ਵੱਡੇ ਭਰਾਵਾਂ ਨੇ ਦੋ ਛੋਟੇ ਭਰਾਵਾਂ ਨੂੰ ਪਰਿਵਾਰਾਂ ਅਤੇ ਮਾਤਾ ਸਮੇਤ ਅਣਪਛਾਤੇ ਪਰਦੇਸ ਮੰਡੀ ਰਿਆਸਤ ਵੱਲ ਭੇਜ ਦਿੱਤਾ ਸੀ। ਭਿਆਨਕ ਸਮੇਂ ਦੀ ਆਸ਼ੰਕਾਂ ਵਿਚ ਜੀਵਨ ਰੱਖਿਆ ਦੇ ਇਹ ਪ੍ਰਯਾਸ ਆਪਣੇ ਸਤਿਗੁਰੂ ਦੀ ਆਗਿਆ ਵਿਰੁੱਧ ਕੀਤਾ ਗਿਆ। ਭਿਆਨਕ ਦੁਖਾਂਤ ਜਾਂ ਹੋਣੀ ਨੇ ਮੰਡੀ ਦੀ ਬਰਸਾਤਾਂ ਵਿਚ ਉਫਨਦੀ ਬਿਆਸਾ ਨਦੀ ਦੀ ਲਹਿਰਾਂ ਵਿਚ ਮੇਰੇ ਤਾਏ ਦੀ ਬਲੀ ਲੈਣੀ ਸੀ। ਫੇਰ 3-4 ਹਫਤੇ ਬਾਅਦ ਪਰਦੇਸ ਵਿਚ ਨਵ ਜੰਮੇ ਬਾਲਕ ਨੂੰ ਜ਼ਰੂਰ ਕਿਹਾ ਗਿਆ ਹੋਵੇਗਾ-ਪਰਦੇਸ ਵਿਚ ਜੰਮਣ ਤੋਂ ਪਹਿਲਾਂ ਤਾਏ ਨੂੰ ਖਾ ਗਿਆ। ਸਮਾਜ ਵਿਚ ਜਨਮ ਸਮੇਂ ਅਜਿਹਾ ਅਪਯਸ਼ ਵੀ ਮੇਰਾ ਪ੍ਰਾਰਬਧ ਸੀ। ਜੀਵਨ ਦੇ ਛਿਹਤਰੇਂ ਸਾਲ ਤੱਕ ਯਸ਼-ਅਪਯਸ਼ ਤੇ ਹਾਣੀ ਲਾਭ ਦੇ ਸਮਾਨਾਂਤਰ ਸਮੀਕਰਣ ਚਲਦੇ ਰਹੇ। ਗੁਰੂ ਵਾਲਾ ਹੋ ਕੇ ਵੀ ਬੇੜੀ ਵਿਚ ਬੈਠਾ ਯਾਤਰੀ ਹਾਂ ਜਿਸਨੇ ਚਪੂ ਚਲਾਣੇ ਬੰਦ ਕਰ ਦਿੱਤੇ ਹਨ ਅਤੇ ਕਿਸ਼ਤੀ ਲਹਿਰਾਂ ਦੇ ਹਵਾਲੇ ਹੈ। ਮੇਰਾ ਕੋਈ ਕਰਮ ਨਹੀਂ ਪਰ ਮੇਰੇ ਸਤਿਗੁਰ ਦੇ ਨਦਰੇ ਕਰਮ ਨਾਲ ਕਲਮ ਸੇਵਾ ਦਾ ਕਮਲ ਪ੍ਰਸਤੁਤ ਹੈ।

—ਕਰਤਾਰ ਸਿੰਘ ਨੀਲਧਾਰੀ

Forever Learning
ISBN 978-93-5204-461-0
9 789352 044610
www.unistarbooks.com ₹ 50/-

Sri Satguru Jagjit Singh Ji eLibrary NamdhariElibrary@gmail.com